
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 39
January 9, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਅਦਾਰਾ ਦੇਸ਼ ਦੁਆਬਾ ਵੱਲੋਂ ਸਮੁੱਚੀ ਸਿੱਖ ਕੌਮ ਅਤੇ ਕੁੱਲ ਲੋਕਾਈ ਨੂੰ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ, ਚੜ੍ਹਦੀਕਲਾ ਦੇ ਪ੍ਰਤੀਕ ਮਾਘੀ ਮੇਲੇ ਦੀਆਂ ਵਧਾਈਆਂ।

## ਟਰੰਪ ਵੱਲੋਂ ਮੈਕਸਿਕੋ ਸਰਹੱਦ 'ਤੇ ਸਟੀਲ ਬੈਰੀਅਰ ਲਾਉਣ ਦੀ ਪੇਸ਼ਕਸ਼

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਨਿਆ ਹੈ ਕਿ 'ਸ਼ੱਟਡਾਊਨ' ਬਾਰੇ ਉਪ ਰਾਸ਼ਟਰਪਤੀ ਵੱਲੋਂ ਡੈਮੋਕਰੈਟਾਂ ਨਾਲ ਕੀਤੀ ਜਾ ਰਹੀ ਗੱਲਬਾਤ ਕਿਸੇ ਸਿਰੇ ਨਹੀਂ ਲੱਗ ਸਕੀ ਹੈ। ਉਨ੍ਹਾਂ ਕਿਹਾ ਕਿ ਡੈਮੋਕਰੈਟ ਟਰੰਪ ਤੇ ਰਿਪਬਲਿਕਨਾਂ ਉੱਤੇ ਦਬਾਅ ਵਧਾਉਣ ਦੇ ਰੌਅ ਵਿਚ ਹਨ। ਹਾਲਾਂਕਿ ਸਟਾਫ਼ ਮੀਟਿੰਗ ਲਈ ਕੈਂਪ ਡੇਵਿਡ ਰਵਾਨਾ ਹੋਣ ਤੋਂ ਪਹਿਲਾਂ ਟਰੰਪ ਨੇ ਅਮਰੀਕਾ-ਮੈਕਸਿਕੋ ਸਰਹੱਦ 'ਤੇ ਸੁਰੱਖਿਆ ਕੰਧ ਉਸਾਰਨ ਸਬੰਧੀ ਅਪਣਾਏ ਰਵੱਈਏ 'ਚ ਕਿਸੇ ਢਿੱਲ ਦਾ ਸੰਕੇਤ ਨਹੀਂ ਦਿੱਤਾ। ਟਰੰਪ ਨੇ ਹੁਣ ਕਿਹਾ ਹੈ ਕਿ ਸਰਹੱਦ 'ਤੇ ਕੰਕ੍ਰੀਟ ਕੰਧ ਦੀ ਜਗ੍ਹਾ ਸਟੀਲ ਬੈਰੀਅਰ ਵੀ ਲਾਇਆ ਜਾ ਸਕਦਾ ਹੈ। ਇਸ ਨੂੰ ਡੈਮੋਕਰੈਟ ਮੈਂਬਰਾਂ ਨੂੰ



ਮਨਾਉਣ ਦੀ ਕਵਾਇਦ ਵੱਜੋਂ ਵੀ ਲਿਆ ਜਾ ਰਿਹਾ ਹੈ ਕਿਉਂਕਿ ਉਹ ਸਰਹੱਦੀ ਸੁਰੱਖਿਆ 'ਤੇ ਪੰਜ ਬਿਲੀਅਨ ਡਾਲਰ ਦੀ ਬਜਾਏ ਸਿਰਫ਼ 1.3 ਬਿਲੀਅਨ ਡਾਲਰ ਹੀ ਖਰਚਣ ਦੇ ਚਾਹਵਾਨ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਕੇਵਲ ਉਹ ਹੀ ਡੈਮੋਕਰੈਟਾਂ ਨਾਲ ਨਜਿੱਠ ਸਕਦੇ ਹਨ ਤੇ ਜੇ ਉਹ ਚਾਹੁਣ ਤਾਂ 20 ਮਿੰਟਾਂ ਵਿਚ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਜੇ ਡੈਮੋਕਰੈਟ ਮੌਜੂਦਾ ਰਵੱਈਆ ਕਾਇਮ ਰੱਖਦੇ ਹਨ ਤਾਂ 'ਸ਼ੱਟਡਾਊਨ' ਲੰਮਾਂ ਸਮਾਂ ਚੱਲ ਸਕਦਾ ਹੈ। ਅਮਰੀਕੀ ਸੰਸਦ ਦੀ ਸਪੀਕਰ ਨੈਨਸੀ ਪੈਲੋਸੀ ਨੇ ਕਿਹਾ ਹੈ ਕਿ ਉਹ ਨਿੱਜੀ ਬਿੱਲ ਪਾਸ ਕਰਨੇ ਸ਼ੁਰੂ ਕਰਨ ਦੀ ਚਾਹਵਾਨ ਹੈ ਤਾਂ ਕਿ ਘੱਟੋ-ਘੱਟ ਲੋਕਾਂ ਨੂੰ ਟੈਕਸ ਰਿਫੰਡ ਤਾਂ ਮਿਲ ਸਕੇ।




ਲੇਖਕ ਅਤੇ ਉੱਘੇ ਪੱਤਰਕਾਰ ਨੀਟਾ ਮਾਛੀਕੇ ਦੇ ਮਾਤਾ ਮੁਖਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ


(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 13-14 'ਤੇ)


## ਉੱਚ ਜਾਤੀਆਂ ਦੇ ਪੱਛੜੇ ਵਰਗਾਂ ਲਈ ਰਾਖਵਾਂਕਰਨ ਬਿਲ ਲੋਕ ਸਭਾ ਵਲੋਂ ਪਾਸ

**ਨਵੀਂ ਦਿੱਲੀ (ਬਿਊਰੋ)-** ਉੱਚ ਜਾਤੀਆਂ ਦੇ ਪੱਛੜੇ ਵਰਗਾਂ ਲਈ ਨੌਕਰੀਆਂ ਤੇ ਸਿਖਿਆ ਵਿਚ ਦਸ ਫ਼ੀਸਦ ਰਾਖਵਾਂਕਰਨ ਬਾਰੇ ਬਿੱਲ ਲੋਕ ਸਭਾ ਨੇ ਪਾਸ ਕਰ ਦਿੱਤਾ ਹੈ। ਜ਼ਿਆਦਾਤਰ ਪਾਰਟੀਆਂ ਨੇ ਬਿੱਲ ਦੀ ਹਮਾਇਤ ਕੀਤੀ ਤੇ ਸਰਕਾਰ ਨੇ ਇਸ ਨੂੰ ਦੇਸ਼ ਦੇ ਹਿੱਤ ਵਿਚ ਇਤਿਹਾਸਕ ਕਦਮ ਕਰਾਰ ਦਿੱਤਾ।

323 ਮੈਂਬਰਾਂ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ ਅਤੇ ਸਿਰਫ ਤਿੰਨ ਵੋਟਾਂ ਹੀ ਇਸ ਦੇ ਖਿਲਾਫ਼ ਭੁਗਤੀਆਂ। ਕਰੀਬ ਸਾਢੇ ਚਾਰ ਘੰਟੇ ਚੱਲੀ ਬਹਿਸ ਦਾ ਜਵਾਬ ਦਿੰਦਿਆਂ ਸਮਾਜਕ ਨਿਆਂ ਮੰਤਰੀ ਥਾਵਰਚੰਦ ਗਹਿਲੋਤ ਨੇ ਬਿੱਲ ਦੀ ਹੋਣੀ ਨੂੰ ਲੈ ਕੇ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਉਠਾਏ ਤੌਖਲਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਕਿ ਜੇ ਬਿੱਲ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਤਾਂ ਉਨ੍ਹਾਂ ਨੂੰ ਉਮੀਦ ਹੈ ਕਿ ਅਦਾਲਤ ਇਸ ਨੂੰ ਪ੍ਰਵਾਨ ਕਰ ਲਵੇਗੀ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਮੰਗਲਵਾਰ ਨੂੰ ਉਚ ਜਾਤੀਆਂ 'ਚੋਂ ਗ਼ਰੀਬ ਲੋਕਾਂ ਲਈ ਦਸ ਫ਼ੀਸਦ ਰਾਖਵਾਂਕਰਨ ਦੇਣ ਬਾਰੇ ਬਿੱਲ ਪਾਸ ਕਰਨ ਦੀ ਜ਼ੋਰਦਾਰ ਪੈਰਵੀ ਕਰਦਿਆਂ ਕਿਹਾ ਕਿ ਕਾਂਗਰਸ ਸਮੇਤ ਲਗਭਗ ਹਰੇਕ ਪਾਰਟੀ ਨੇ ਆਪੋ ਆਪਣੇ ਚੋਣ ਮਨੋਰਥ ਪੱਤਰ ਵਿਚ ਇਹ ਵਾਅਦਾ ਕੀਤਾ ਸੀ।

ਕੇਂਦਰੀ ਮੰਤਰੀ ਥਾਵਰਚੰਦ ਗਹਿਲੋਤ ਵਲੋਂ ਲੋਕ ਸਭਾ ਵਿਚ ਪੇਸ਼ ਕੀਤੇ ਇਸ ਸੰਵਿਧਾਨਕ ਸੋਧ ਬਿੱਲ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਸ੍ਰੀ ਜੇਤਲੀ ਨੇ ਇਹ ਧਾਰਨਾ ਰੱਦ ਕਰ ਦਿੱਤੀ ਕਿ ਇਹ ਬਿੱਲ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੇ ਪੈਮਾਨੇ 'ਤੇ ਪੂਰਾ ਨਹੀਂ ਉਤਰ ਸਕੇਗਾ ਜਿਸ ਤਹਿਤ ਕੁੱਲ ਕੋਟੇ 'ਤੇ 50 ਫ਼ੀਸਦ ਦੀ ਬੰਦਿਸ਼ ਲਾਈ ਗਈ ਸੀ।

ਉਨ੍ਹਾਂ ਦਲੀਲ ਦਿੱਤੀ ਕਿ ਜਾਤੀ ਆਧਾਰਤ ਕੋਟੇ 'ਤੇ ਇਹ ਬੰਦਸ਼ ਲਾਗੂ ਹੁੰਦੀ ਹੈ।

### ਜਿੰਨੀ ਕਿਸੇ ਦੀ ਭਾਗਿਆਦਾਰੀ, ਉਨੀ ਹਿੱਸੇਦਾਰੀ

**ਨਵੀ ਦਿੱਲੀ-** ਬਸਪਾ ਦੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਮੋਦੀ ਸਰਕਾਰ ਦੁਆਰਾ ਉੱਚ ਵਰਗਾਂ ਨੂੰ ਦਿੱਤੀ ਜਾ ਰਹੀ ਰਿਜ਼ਰਵੇਸ਼ਨ ਦਾ ਸਵਾਗਤ ਕਰਦਿਆਂ ਕਿਹਾ ਕਿ ਅਸੀਂ ਆਰਥਿਕ ਆਧਾਰ ਤੇ ਦਿੱਤੇ ਜਾ ਰਹੇ 10 ਫੀਸਦੀ ਰਾਖਵੇਂਕਰਨ ਦਾ ਵਿਰੋਧ ਨਹੀਂ ਕਰਦੇ ਬਲਕਿ ਅਸੀਂ ਤਾਂ ਚਾਹੁੰਦੇ ਹਾਂ ਕਿ ਐਸ. ਸੀ, ਐਸ. ਟੀ., ਓ. ਬੀ. ਸੀ. ਦੀ ਭਾਗਿਆਦਾਰੀ ਦੇ ਹਿਸਾਬ ਨਾਲ ਉਹਨਾਂ ਦਾ ਰਾਖਵੇਂਕਰਨ ਦਾ ਕੋਟਾ ਵੀ ਵਧਾਇਆ ਜਾਵੇ। ਉਹਨਾਂ ਕਿਹਾ ਕਿ ਭਾਰਤ ਵਿਚ 85 ਫੀਸਦੀ ਆਬਾਦੀ ਐਸ. ਸੀ., ਐਸ. ਟੀ. ਅਤੇ ਓ. ਬੀ. ਸੀ. ਦੀ ਹਨ, ਜਿਹਨਾਂ ਨੂੰ ਆਬਾਦੀ ਦੇ ਹਿਸਾਬ ਨਾਲ 85 ਫੀਸਦੀ ਰਾਖਵਾਂਕਰਨ ਦਿੱਤਾ ਜਾਵੇ ਅਤੇ ਬਾਕੀ ਬਚਦਾ ਉਚ ਵਰਗਾਂ ਨੂੰ ਦਿੱਤਾ ਜਾਵੇ, ਜਿਸ ਤੇ ਸਾਨੂੰ ਕੋਈ ਇਤਰਾਜ਼ ਨਹੀਂ। ਵਰਣਨਯੋਗ ਹੈ ਕਿ ਇਹ ਆਵਾਜ਼ ਪਹਿਲਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਵੀ ਉਠਾ ਚੁੱਕੇ ਹਨ।





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram

# ਆਮ ਆਦਮੀ ਪਾਰਟੀ ਤੋਂ ਵੱਖ ਹੋਏ ਖਹਿਰਾ ਨੇ 'ਪੰਜਾਬ ਏਕਤਾ' ਪਾਰਟੀ ਬਣਾਈ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਤੋਂ ਅਸਤੀਫ਼ਾ ਦੇ ਚੁੱਕੇ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ, ਕਾਂਗਰਸ ਅਤੇ 'ਆਪ' ਵਿਚ ਲੰਮਾ ਸਮਾਂ ਸਿਆਸਤ ਕਰਨ ਤੋਂ ਬਾਅਦ ਅੱਜ ਆਪਣੀ ਨਵੀਂ 'ਪੰਜਾਬ ਏਕਤਾ' ਪਾਰਟੀ ਬਣਾ ਲਈ। ਉਨ੍ਹਾਂ ਪੰਜਾਬ ਜਮਹੂਰੀ ਗੱਠਜੋੜ (ਪੀਡੀਏ) ਨਾਲ ਤਾਲਮੇਲ ਕਰ ਕੇ ਪੰਜਾਬ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਣ ਦਾ ਐਲਾਨ ਵੀ ਕੀਤਾ।



ਸੰਕੇਤ ਮਿਲੇ ਹਨ ਕਿ ਸ੍ਰੀ ਖਹਿਰਾ ਖੁਦ ਲੋਕ ਸਭਾ ਚੋਣ ਲੜਣ ਦੀ ਤਿਆਰੀ ਕਰ ਚੁੱਕੇ ਹਨ। ਉਹ ਖੁਦ ਨਵੀਂ ਪਾਰਟੀ ਦੇ ਪ੍ਰਧਾਨ ਬਣ ਗਏ ਹਨ ਅਤੇ ਫਿਲਹਾਲ ਹੋਰ ਕਿਸੇ ਨੂੰ ਕੋਈ ਅਹੁਦਾ ਨਹੀਂ ਦਿੱਤਾ ਗਿਆ। ਬਾਗੀ ਧੜੇ ਵੱਲੋਂ ਦੋ ਦਿਨਾਂ ਤੋਂ ਸੰਕੇਤ ਦਿੱਤੇ ਜਾ ਰਹੇ ਸਨ ਕਿ ਨਵੀਂ ਪਾਰਟੀ ਬਣਾਉਣ ਮੌਕੇ ਇਕ-ਦੋ ਹੋਰ ਵਿਧਾਇਕ ਖਹਿਰਾ ਵਾਂਗ ਪਾਰਟੀ ਤੋਂ ਅਸਤੀਫਾ ਦੇ ਸਕਦੇ ਹਨ, ਪਰ ਸਾਰੇ 6 ਵਿਧਾਇਕ ਖਹਿਰਾ ਦੀ ਪ੍ਰੈਸ ਕਾਨਫਰੰਸ ਵਿਚ ਮੂਕ ਦਰਸ਼ਕਾਂ ਵਾਂਗ ਆ ਕੇ ਚਲੇ ਗਏ। ਨਵੀਂ ਪਾਰਟੀ ਦੇ ਐਲਾਨ ਮੌਕੇ ਫੁੱਲਾਂ ਅਤੇ ਲੱਡੂਆਂ ਦੀ ਖੂਬ ਵਰਤੋਂ ਹੋਈ। ਇਸ ਮੌਕੇ ਪੰਡਾਲ ਵਿਚ ਖਹਿਰਾ ਦੀ ਪਤਨੀ ਜਤਿੰਦਰ ਕੌਰ ਵੀ ਮੌਜੂਦ ਸੀ। 'ਆਪ' ਦੇ ਬਾਗੀ ਧੜੇ ਦੇ 6 ਵਿਧਾਇਕਾਂ ਨਾਜ਼ਰ ਸਿੰਘ ਮਾਨਸ਼ਾਹੀਆ, ਕੰਵਰ ਸੰਧੂ, ਜਗਤਾਰ ਸਿੰਘ ਜੱਗਾ, ਮਾਸਟਰ ਬਲਦੇਵ ਸਿੰਘ, ਪਿਰਮਲ ਸਿੰਘ ਧਨੌਲਾ ਅਤੇ ਜਗਦੇਵ ਸਿੰਘ ਕਮਾਲੂ ਨੇ ਨਵੀਂ ਪਾਰਟੀ ਦਾ ਹਿੱਸਾ ਬਣਨ ਤੋਂ ਨਾਂਹ ਕਰ ਦਿੱਤੀ ਹੈ। ਇਹ ਸਾਰੇ ਖਹਿਰਾ ਦੀ ਪ੍ਰੈਸ ਕਾਨਫਰੰਸ ਵਿੱਚ ਆਏ ਪਰ ਉਨ੍ਹਾਂ ਨਾਲ ਸਟੇਜ ਸਾਂਝੀ ਕਰਨ ਤੋਂ ਗੁਰੇਜ਼ ਕੀਤਾ। ਇਸ ਸਬੰਧੀ ਪੁੱਛੇ ਜਾਣ 'ਤੇ ਇਨ੍ਹਾਂ ਵਿਧਾਇਕਾਂ ਨੇ ਕਿਹਾ ਕਿ ਉਹ ਨਵੀਂ ਪਾਰਟੀ ਦਾ ਹਿੱਸਾ ਨਹੀਂ ਹਨ ਅਤੇ ਉਹ ਖਹਿਰਾ ਨੂੰ ਵਧਾਈ ਦੇਣ ਆਏ ਹਨ। ਦੂਸਰੇ ਪਾਸੇ ਖਹਿਰਾ ਨੇ ਕਿਹਾ ਕਿ 6 ਵਿਧਾਇਕਾਂ ਦੇ ਅਸਤੀਫਾ ਦੇਣ ਨਾਲ ਸੂਬੇ ਉਪਰ ਜ਼ਿਮਨੀ ਚੋਣਾਂ ਦੇ ਖਰਚੇ ਦਾ ਬੋਝ ਪੈਣਾ ਸੀ, ਜਿਸ ਕਾਰਨ ਉਹ ਅਸਤੀਫਾ ਨਹੀਂ ਦਿਵਾਉਣਾ ਚਾਹੁੰਦੇ। ਇਸ ਮੌਕੇ ਪੰਜਾਬ ਮੰਚ ਦੇ ਮੋਢੀ ਤੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਵੀ ਮੌਜੂਦ ਸਨ। ਉਨ੍ਹਾਂ ਖਹਿਰਾ ਨੂੰ ਨਵੀਂ ਪਾਰਟੀ ਦੀ ਵਧਾਈ ਦਿੰਦਿਆਂ ਕਿਹਾ ਕਿ ਹੁਣ ਸੂਬੇ ਵਿਚ ਪੰਜਾਬ ਪੱਖੀ ਧਿਰਾਂ ਮਜ਼ਬੂਤ ਹੋ ਰਹੀਆਂ ਹਨ ਅਤੇ ਪੀਡੀਏ ਦੇ ਬੈਨਰ ਹੇਠ ਖਹਿਰਾ ਸਮੇਤ ਬੈਂਸ ਭਰਾ ਇਕਜੁੱਟ ਹੋ ਗਏ ਹਨ। ਹੋਰ ਹਮਖਿਆਲੀ ਧਿਰਾਂ ਨੂੰ ਨਾਲ ਜੋੜ ਕੇ ਪੰਜਾਬ ਹਿੱਤੂ ਸਿਆਸਤ ਕੀਤੀ ਜਾਵੇਗੀ। ਖਹਿਰਾ ਦੇ ਨਜ਼ਦੀਕੀ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਇਸ ਮੌਕੇ ਹਾਜ਼ਰ ਨਹੀਂ ਸਨ। ਦੱਸਣਯੋਗ ਹੈ ਕਿ 'ਆਪ' ਵਿਚੋਂ ਨਿਕਲ ਕੇ ਪਹਿਲਾਂ ਸੁੱਚਾ ਸਿੰਘ ਛੋਟੇਪੁਰ 'ਆਪਣਾ ਪੰਜਾਬ' ਪਾਰਟੀ, ਡਾ ਗਾਂਧੀ 'ਪੰਜਾਬ ਮੰਚ' ਅਤੇ ਯੋਗਿੰਦਰ ਯਾਦਵ 'ਸਵਰਾਜ ਪਾਰਟੀ' ਬਣਾ ਚੁੱਕੇ ਹਨ ਅਤੇ ਅੱਜ ਖਹਿਰਾ ਨੇ ਵੀ ਨਵੀਂ ਪਾਰਟੀ ਬਣਾ ਕੇ ਇਸ ਗਿਣਤੀ ਵਿਚ ਹੋਰ ਵਾਧਾ ਕੀਤਾ ਹੈ। ਖਹਿਰਾ ਨੇ ਪ੍ਰੈਸ ਕਲੱਬ ਵਿਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਨਵੀਂ ਪਾਰਟੀ ਦਾ ਐਲਾਨ ਕੀਤਾ। ਉਨ੍ਹਾਂ ਦੇ ਸੈਂਕੜੇ ਸਮਰਥਕ ਇਸ ਮੌਕੇ ਮੌਜੂਦ ਸਨ। ਪ੍ਰੈਸ ਕਾਨਫਰੰਸ ਨੂੰ ਖਹਿਰਾ ਨੇ ਇਕ ਰੈਲੀ ਵਾਂਗ ਸੰਬੋਧਨ ਕੀਤਾ। ਉਹ ਇਕ ਘੰਟੇ ਤੋਂ ਵੱਧ ਸਮਾਂ ਪੰਜਾਬ ਦੇ ਸੰਭਾਵੀ ਮੁੱਖ ਮੰਤਰੀ ਵਾਂਗ ਬੋਲੇ। ਉਨ੍ਹਾਂ ਇਸ ਮੌਕੇ ਆਪਣੀ ਪਾਰਟੀ ਦੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੇ 'ਮੈਨੀਫੈਸਟੋ' ਦੇ ਵੇਰਵੇ ਵਿਸਥਾਰ ਸਹਿਤ ਪੇਸ਼ ਕੀਤੇ। ਸ੍ਰੀ ਖਹਿਰਾ ਨੇ ਕਿਹਾ ਕਿ ਕਿਸਾਨਾਂ ਨੂੰ ਉਹ ਨਕਦ ਸਬਸਿਡੀਆਂ ਦੇਣਗੇ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸਭ ਤੋਂ ਪਹਿਲਾਂ ਕੈਪਟਨ ਤੇ ਸ੍ਰੀ ਬਾਦਲ ਦੇ ਪਰਿਵਾਰਾਂ ਨੂੰ ਫੜ੍ਹ ਕੇ ਅੰਦਰ ਕਰਨਗੇ। ਉਨ੍ਹਾਂ ਸਹੁੰ ਖਾ ਕੇ ਕਿਹਾ ਕਿ ਉਹ ਲੋਕਪਾਲ ਬਣਾਉਣਗੇ ਅਤੇ ਇਸ ਦੇ ਘੇਰੇ ਵਿਚ ਮੁੱਖ ਮੰਤਰੀ ਨੂੰ ਵੀ ਲਿਆਂਦਾ ਜਾਵੇਗਾ। ਉਹ ਰਵਾਇਤੀ ਨਸ਼ਿਆਂ ਦੀ ਖੇਤੀ ਸ਼ੁਰੂ ਕਰਵਾਉਣ ਬਾਰੇ ਵੀ ਵਿਚਾਰ ਕਰਨਗੇ। ਖਹਿਰਾ ਨੇ ਸ਼ਰਾਬ, ਸਿਹਤ ਅਤੇ ਸਿੱਖਿਆ ਨੀਤੀ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਗੱਲ ਵੀ ਕਹੀ। ਖਹਿਰਾ ਨੇ ਕੈਪਟਨ ਅਤੇ ਬਾਦਲ ਸਰਕਾਰਾਂ ਵੇਲੇ ਲੱਗੇ ਸਾਰੇ ਬਿਜਲੀ ਪ੍ਰਾਜੈਕਟਾਂ ਦੀ ਜਾਂਚ ਕਰਵਾਉਣ ਦਾ ਵੀ ਐਲਾਨ ਕੀਤਾ।

# ਮੁਹਾਲੀ ਤੋਂ ਸੱਚਖੰਡ ਹਜ਼ੂਰ ਸਾਹਿਬ ਲਈ ਸਿੱਧੀ ਉਡਾਣ

**ਐਸ.ਏ.ਐਸ. ਨਗਰ (ਮੁਹਾਲੀ)–** ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਅੱਜ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਪਹਿਲੀ ਸਿੱਧੀ ਉਡਾਣ ਸ਼ੁਰੂ ਹੋ ਗਈ। ਏਅਰ ਇੰਡੀਆ ਦੇ ਜਹਾਜ਼ ਨੇ ਮੰਗਲਵਾਰ ਸਵੇਰੇ 9 ਵਜੇ ਹਜ਼ੂਰ ਸਾਹਿਬ (ਨਾਂਦੇੜ) ਲਈ ਉਡਾਣ ਭਰੀ। ਇਸ ਮੌਕੇ ਹਵਾਈ ਅੱਡੇ 'ਤੇ ਸ਼ਬਦ ਕੀਰਤਨ ਹੋਇਆ ਤੇ ਅਰਦਾਸ ਉਪਰੰਤ ਦੇਗ਼ ਵਰਤਾਈ ਗਈ। ਸਿੱਖ ਸ਼ਰਧਾਲੂਆਂ ਵੱਲੋਂ ਲੰਮੇ ਸਮੇਂ ਤੋਂ ਇਸ ਉਡਾਣ ਦੀ ਮੰਗ ਕੀਤੀ ਜਾ ਰਹੀ ਸੀ। ਪਹਿਲੀ ਉਡਾਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਣੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਜਥੇਦਾਰ ਤੋਤਾ ਸਿੰਘ, ਸਨੌਰ ਦੇ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਥੇਦਾਰ ਬਲਜੀਤ ਸਿੰਘ ਕੁੰਭੜਾ, ਸੀਨੀਅਰ ਆਗੂ ਰਣਜੀਤ ਸਿੰਘ ਖੰਨਾ, ਮਹਿਲਾ ਵਿੰਗ ਦੀ ਪ੍ਰਧਾਨ ਕੁਲਦੀਪ ਕੌਰ ਕੰਗ ਸਣੇ 162 ਸ਼ਰਧਾਲੂਆਂ ਦਾ ਜਥਾ ਹਜ਼ੂਰ ਸਾਹਿਬ ਲਈ ਰਵਾਨਾ ਹੋਇਆ। ਇਸ ਮੌਕੇ ਸ੍ਰੀ ਚੰਦੂਮਾਜਰਾ ਨੇ ਦੱਸਿਆ ਕਿ ਉਡਾਣ ਫ਼ਿਲਹਾਲ ਹਫ਼ਤੇ ਵਿਚ ਦੋ ਦਿਨ- ਮੰਗਲਵਾਰ ਤੇ ਵੀਰਵਾਰ ਨੂੰ ਰਵਾਨਾ ਹੋਇਆ ਕਰੇਗੀ, ਪਰ ਆਉਣ ਵਾਲੇ ਸਮੇਂ ਵਿਚ ਮੰਗ ਮੁਤਾਬਕ ਇਸ ਨੂੰ ਰੋਜ਼ਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁਹਾਲੀ ਤੋਂ ਪਟਨਾ ਸਾਹਿਬ ਤੱਕ ਵੀ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇਗੀ। ਸੰਸਦ ਮੈਂਬਰ ਨੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਮੁੰਬਈ ਤੋਂ ਹੀ ਨਾਂਦੇੜ ਲਈ ਹਵਾਈ ਸੇਵਾ ਦੀ ਸੁਵਿਧਾ ਸੀ, ਪਰ ਹੁਣ ਮੁਹਾਲੀ ਤੋਂ ਉਡਾਣ ਸ਼ੁਰੂ ਹੋਣ ਨਾਲ ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਸ਼ਰਧਾਲੂਆਂ ਨੂੰ ਲਾਭ ਹੋਵੇਗਾ।




# ਜਨ ਕਲਿਆਣ ਦਿਵਸ ਦੇ ਰੂਪ ਵਿੱਚ 15 ਜਨਵਰੀ ਨੂੰ ਮਨਾਇਆ ਜਾਵੇਗਾ ਕੁਮਾਰੀ ਮਾਇਆਵਤੀ ਦਾ ਜਨਮ ਦਿਨ : ਬਸਰਾ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੇ ਜੋਨ ਕੋਆਡੀਨੇਟਰ ਜੀਤ ਰਾਮ ਬਸਰਾ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਰਟੀ ਪ੍ਰਧਾਨ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ ਜਨ ਕਲਿਆਣ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕੁਮਾਰੀ ਮਾਇਆਵਤੀ ਦੇ ਜਨਮ ਦਿਨ ਤੇ ਪਾਰਟੀ ਵਰਕਰ ਨਿੱਜੀ ਤੌਰ ਤੇ ਫੰਡ ਇੱਕਠਾ ਕਰਕੇ ਦੇਸ਼ ਭਰ ਦੇ ਗਰੀਬਾਂ ਅਤੇ ਜਰੂਰਤਮੰਦਾਂ ਦੀ ਮੱਦਦ ਕਰਦੇ ਹਨ। ਉਨ੍ਹਾਂ ਕਿਹਾ ਕਿ ਲੁਧਿਆਣਾ ਜਿਲ੍ਹੇ ਦੇ ਪ੍ਰੋਗਰਾਮ ਦੌਰਾਨ ਵੀ ਗਰੀਬ ਤੇ ਜਰੂਰਤਮੰਦ ਲੋਕਾਂ ਦੀ ਮੱਦਦ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਨ ਕਲਿਆਣ ਦਿਵਸ ਨੂੰ ਵੱਡੇ ਪੱਧਰ ਤੇ ਮਨਾਉਣ ਲਈ ਸਾਡੇ ਵੱਲੋਂ ਜਨ ਸੰਪਰਕ ਮੁਹਿੰਮ ਚਲਾਈ ਗਈ ਹੈ ਜਿਸ ਦੇ ਤਹਿਤ ਜਿਥੇ ਆਮ ਲੋਕਾਂ ਨੂੰ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਨਾਲ ਜੋੜਿਆ ਜਾ ਰਿਹਾ ਹੈ ਉਥੇ ਹੀ ਪਾਰਟੀ ਦੇ ਜੱਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਦੇ ਮਕਸਦ ਨਾਲ ਬੂਥ ਪੱਧਰ ਤੱਕ ਹਰ ਭਾਈਚਾਰੇ ਦੀਆਂ ਕਮੇਟੀਆਂ ਵੀ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਜਬੂਤ ਬੂਥ ਕਮੇਟੀਆਂ ਦਾ ਨਿਰਮਾਣ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਕੀਤਾ ਜਾ ਰਿਹਾ ਹੈ ਤਾਂ ਜੋ ਫੇਕੂ ਪ੍ਰਧਾਨ ਮੰਤਰੀ ਨੂੰ ਸੱਤਾ ਤੋਂ ਦੂਰ ਕੀਤਾ ਜਾ ਸਕੇ। ਇਸ ਮੌਕੇ ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਨੇ ਦੱਸਿਆ ਕਿ ਪਾਰਟੀ ਨੂੰ ਜਿਲ੍ਹੇ ਪੱਧਰ ਤੇ ਮਜਬੂਤ ਕਰਨ ਲਈ ਜੁਝਾਰੂ ਵਰਕਰਾਂ ਦੀ ਨਵੀਂ ਬਾਡੀ ਬਣਾਈ ਜਾ ਰਹੀ ਹੈ ਜਿਸ ਦਾ ਐਲਾਨ ਜਲਦ ਕੀਤਾ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਨੂੰ ਸੱਤਾ ਤੋਂ ਦੂਰ ਕਰਨ ਲਈ ਪਾਰਟੀ ਨਾਲ ਜੁੜਨ। ਇਸ ਮੌਕੇ ਨਰੇਸ਼ ਬਸਰਾ, ਰਾਜਿੰਦਰ ਨਿੱਕਾ, ਵਿੱਕੀ ਕੁਮਾਰ, ਮਾਸਟਰ ਰਾਮਾਨੰਦ ਅਤੇ ਹੋਰ ਹਾਜਰ ਸਨ।




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸੈਕਰਾਮੈਂਟੋ ਵਿਖੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਕਰਵਾਇਆ ਗਿਆ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਕੌਮ ਦਾ ਮਾਣ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਓਣ ਲਈ ਤੇ ਦਸਤਾਰਧਾਰੀ ਨੌਜਵਾਨਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸਨਜ਼ ਤੇ ਗਰਵ ਪੰਜਾਬ ਟੀਵੀ ਵੱਲੋਂ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਗੁਰਦਵਾਰਾ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿੱਖੇ ਕਰਵਾਇਆ ਗਿਆ ਹੈ। ਜਿਸ ਵਿੱਚ 7 ਸਾਲ ਤੋਂ 30 ਸਾਲ ਦੇ ਬੱਚੇ ਭਾਗ ਲਿਆ ਗਿਆ। ਇਸ ਉਮਰ ਨੂੰ ਦੋ ਭਾਗਾਂ ਚ' ਵੰਡਿਆ ਗਿਆ ਇੱਕ ਬੈਚ ਚ' 7 ਸਾਲ ਤੋਂ 15 ਸਾਲ ਦੇ ਬੱਚੇ, ਜਿਨ੍ਹਾਂ ਨੂੰ ਪਹਿਲਾ ਇਨਾਮ 500 ਡਾਲਰ , ਦੂਜਾ 300 ਡਾਲਰ ਤੀਜਾ 200 ਡਾਲਰ ਦਿੱਤਾ ਗਿਆ, ਦੂਸਰੇ ਬੈਚ 'ਚ 16 ਸਾਲ ਤੋਂ 30 ਸਾਲ ਦੇ ਬੱਚੇ ਸਨ ਜਿਹਨਾਂ ਨੂੰ ਪਹਿਲਾ ਇਨਾਮ 700 ਡਾਲਰ, ਦੂਜਾ 500 ਡਾਲਰ ਅਤੇ ਤੀਜਾ ਇਨਾਮ ਦੋ ਬੱਚਿਆਂ ਨੂੰ 300-300 ਡਾਲਰ ਗਿਆ ਅਤੇ ਮੁਕਬਲੇ ਵਿਚ ਭਾਗ ਲੈਣ ਵਾਲੇ ਹਰੇਕ ਬੱਚੇ ਨੂੰ ਸਰਟੀਫਿਕੇਟ ਦੇ ਕੇ ਮਾਣ ਸਨਮਾਨ ਕੀਤਾ ਗਿਆ। ਮੁਕਾਬਲੇ ਤੋਂ ਪਹਿਲਾ ਮਿਤੀ 25, 26, 27, 28 ਦਸੰਬਰ ਸ਼ਾਮ 4 ਵਜੇ ਤੋਂ ਰਾਤ 7 ਵਜੇ ਤੱਕ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿਚ ਬੱਚਿਆਂ ਨੂੰ ਪੱਗ ਬੰਨਣ ਦੀ ਸਿਖਲਾਈ ਵੀ ਦਿੱਤੀ ਗਈ। ਦਸਤਾਰ ਮੁਕਾਬਲੇ 'ਚ 7 ਤੋਂ 15 ਸਾਲ ਦੇ ਗਰੁੱਪ 'ਚੋਂ ਸੁੱਖਪ੍ਰੀਤ ਸਿੰਘ, ਪ੍ਰਭਜੀਤ ਸਿੰਘ ਤੇ ਮਹਿਕਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ,16 ਤੋਂ 30 ਸਾਲ ਦੇ ਗਰੁੱਪ 'ਚੋਂ ਰਣਬੀਰ ਸਿੰਘ ਸਿੱਧੂ ਨੇ ਪਹਿਲਾ, ਨਵਜੋਤ ਸਿੰਘ ਬਰਾੜ ਨੇ ਦੂਜਾ, ਸੁਖਦੀਪ ਸਿੰਘ, ਤੇ ਸੁਖਮਨ ਸਿੰਘ ਪੂਰਬਾ ਨੇ ਤੀਜਾ ਸਥਾਨ ਹਾਸਲ ਕੀਤਾ। ਅਖੀਰ ਚ ਪ੍ਰਬੰਧਕਾਂ ਵੱਲੋਂ ਬੱਚਿਆਂ, ਬੱਚਿਆਂ ਦੇ ਮਾਤਾ-ਪਿਤਾ, ਗੁਰਦਵਾਰਾ ਦਸਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ, ਸਾਰੇ ਸਹਿਯੋਗੀਆਂ ਅਤੇ ਸਮੂੰਹ ਸੰਗਤ ਦਾ ਧੰਨਵਾਦ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੁਰਪਿੰਦਰ ਤੁੰਗ, ਜਗਦੇਵ ਸਿੰਘ ਭੰਡਾਲ, ਹਰਪ ਗਿੱਲ, ਸੁਖਵਿੰਦਰ ਸੰਘੇੜਾ, ਟੀ ਜੇ ਹੁੰਦਲ, ਹਰਵੀ ਕਾਹਲੋਂ, ਸਰਪੰਚ ਗੁਰਦੇਵ ਸਿੰਘ ਹੁੰਦਲ, ਸਿਮਰਜੀਤ ਸਿੰਘ, ਰਾਜਿੰਦਰ ਸਿੰਘ, ਗੁਰਪ੍ਰੀਤ ਸਿੰਘ ਸੰਧਰ, ਕੈਪੀਟਲ ਸਰਵਿਸ ਸੈਕਰਾਮੈਂਟੋ, ਮੇਵਾ ਸਿੰਘ ਧਾਲੀਵਾਲ, ਸੁਖਜਿੰਦਰ ਝੱਟੂ, ਕੁਲਦੀਪ ਗਿੱਲ, ਹਰਮਨ ਸਿੰਘ, ਮਾਈਕ ਬੋਪਾਰਾਏ, ਸ਼ਿਕਾਗੋ ਪੀਜ਼ਾ, ਰੀਬੇਲ ਇੰਟਰਟੇਨਮੈਂਟ, ਪੰਜਾਬ ਮੇਲ, ਦੇਸੀ ਸਵੈਗ ਤੇ ਇੰਦਰਜੀਤ ਚੀਨਾ ਜਿਊਲਰਜ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਦੀ ਮੌਤ ਉਪਰੰਤ ਸ਼ਰਨ ਸਬੰਧੀ ਕਾਨੂੰਨਾਂ ਬਾਰੇ ਬਹਿਸ ਛਿੜੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਰੋਨਿਲ ਸਿੰਘ ਦੀ ਡਿਊਟੀ ਦੌਰਾਨ ਕੀਤੀ ਹੱਤਿਆ ਦੇ ਮਾਮਲੇ ਵਿਚ ਅਮਰੀਕਾ 'ਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਵਿਅਕਤੀ ਦੀ ਗ੍ਰਿਫ਼ਤਾਰੀ ਉਪਰੰਤ ਅਮਰੀਕਾ ਦੇ ਸ਼ਰਨ ਸਬੰਧੀ ਕਾਨੂੰਨਾਂ ਉਪਰ ਬਹਿਸ ਛਿੜ ਪਈ ਹੈ। ਅਲੋਚਕਾਂ ਵੱਲੋਂ ਇਸ ਕਿਸਮ ਦੇ ਕਤਲਾਂ ਲਈ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਰੋਨਿਲ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਗੁਸਤਵਾ ਪਰੇਜ਼ ਆਰੀਆਗਾ ਨੂੰ ਜਿਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਉਹ ਮੈਕਸੀਕੋ ਦੌੜ ਜਾਣ ਦੇ ਯਤਨ ਵਿਚ ਸੀ। ਹੱਤਿਆ ਦੀ ਜਾਂਚ ਕਰ ਰਹੇ ਸ਼ੈਰਿਫ ਐਡਮ ਕ੍ਰਿਸਆਨਸਨ ਨੇ ਕੈਲੀਫੋਰਨੀਆ ਦੇ ਸ਼ਰਨ ਕਾਨੂੰਨਾਂ ਨੂੰ ਨੁਕਸਦਾਰ ਦਸਦਿਆਂ ਕਿਹਾ ਕਿ ਇਹ ਕਾਨੂੰਨ ਦੋਸ਼ੀਆਂ ਨੂੰ ਦੇਸ਼ ਵਿਚੋਂ ਕੱਢ ਦੇਣ ਦੀ ਸਿਫ਼ਾਰਿਸ਼ ਕਰਨ ਤੋਂ ਰੋਕਦੇ ਹਨ। ਉਨ੍ਹਾਂ ਕਿਹਾ ਕਿ ਅਪਰਾਧੀਆਂ ਤੇ ਗੈਂਗ ਮੈਂਬਰਾਂ ਨੂੰ ਪਨਾਹ ਕਿਉਂ ਦਿੱਤੀ ਜਾ ਰਹੀ ਹੈ। ਇਹ ਇਕ ਭੱਖਦਾ ਮੁੱਦਾ ਹੈ ਜਿਸ ਉਪਰ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਰਿਫ ਨੇ ਅਪਰਾਧੀਆਂ ਨਾਲ ਨਜਿੱਠਣ ਲਈ ਸਖਤ ਕਾਨੂੰਨਾਂ ਦੀ ਮੰਗ ਕੀਤੀ।



# ਪੰਜਾਬ ਟਾਈਗਰ ਦਾ ਖਿਤਾਬ ਜੇਤੂ ਰੇਸ਼ਮ ਸਿੰਘ ਪਹਿਲਵਾਨ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਕੁਸ਼ਤੀ ਚੈਂਪੀਅਨਸ਼ਿਪ 'ਚ ਅੰਮ੍ਰਿਤਸਰ ਦੇ ਸੋਨ ਤਮਗਾ ਜੇਤੂ ਅਤੇ ਹੁਸ਼ਿਆਰਪੁਰ ਤੋਂ ਪੰਜਾਬ ਟਾਈਗਰ ਦਾ ਖਿਤਾਬ ਜਿੱਤਣ ਵਾਲੇ ਰੇਸ਼ਮ ਸਿੰਘ ਪਹਿਲਵਾਨ ਦਾ ਸਨਮਾਨ ਕੀਤਾ ਗਿਆ। ਲੈਥਰੋਪ ਦੀ ਪਾਰਕ ਤੇ ਰੀਕ੍ਰੇਸ਼ਨ ਦੇ ਕਮਿਸ਼ਨਰ ਅਜੀਤ ਸਿੰਘ ਸੰਧੂ ਨੇ ਸਨਮਾਨ ਸਮਾਰੋਹ ਤੇ ਬੋਲਦਿਆਂ ਦੱਸਿਆ ਕਿ ਰੇਸ਼ਮ ਸਿੰਘ ਨੇ ਕੁਸ਼ਤੀ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਅੱਜਕਲ੍ਹ ਟਰਾਂਟੋ 'ਚ ਕੁਸ਼ਤੀ ਤੇ ਕਬੱਡੀ ਨੂੰ ਉਤਸ਼ਾਹ ਦੇ ਰਹੇ ਹਨ।

ਕੁਸ਼ਤੀ ਕੋਚ ਰਹੇ ਜਗਦੇਵ ਸਿੰਘ ਨੇ ਦੱਸਿਆ ਕਿ ਰੇਸ਼ਮ ਸਿੰਘ ਬਹੁਤ ਮਿਹਨਤੀ ਤੇ ਦਾਓ-ਪੇਚ ਦੇ ਮਾਹਰ ਸਨ।



ਰੇਸ਼ਮ ਸਿੰਘ ਪਹਿਲਵਾਨ ਨੇ ਧੰਨਵਾਦੀ ਭਾਸ਼ਣ ਵਿਚ ਦੱਸਿਆ ਕਿ ਸਰੀ, ਵੈਨਕੂਵਰ ਅਤੇ ਟਰਾਂਟੋ ਕੁਸ਼ਤੀ ਦੇ ਸੈਂਟਰ ਬਹੁਤ ਵਧੀਆ ਢੰਗ ਨਾਲ ਚਲਾਏ ਜਾ ਰਹੇ ਹਨ, ਜਿੱਥੋਂ ਪੰਜਾਬੀ ਮੂਲ ਦੇ ਬੱਚੇ ਭਾਈਚਾਰੇ ਦਾ ਨਾਂ ਰੌਸ਼ਨ ਕਰ ਰਹੇ ਹਨ। ਰੇਸ਼ਮ ਸਿੰਘ ਨੇ ਦੱਸਿਆ ਕਿ ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਖੇਡਾਂ ਅਤੇ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦਾ ਸ਼ਾਨਦਾਰ ਉਪਰਾਲਾ ਕੀਤਾ ਜਾ ਰਿਹਾ ਹੈ।

ਉਹਨਾਂ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਕਸਰਤ ਕਰਨ ਤੇ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਕਿ ਵਿਦੇਸ਼ਾਂ ਵਿਚ ਬੱਚੇ ਪੰਜਾਬੀ ਵਿਰਸੇ ਤੇ ਸਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਕਰਕੇ ਬੱਚਿਆਂ ਦੀ ਸਿਹਤਯਾਬੀ ਤੇ ਵਿੱਦਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org



AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing
510- 733- 2222
1421 Industrial PKWY West#F Hayward, CA 94544



Harmandeep Singh



A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਵਾਸ਼ਿੰਗਟਨ ਸਟੇਟ ਦੀ ਕੁਸ਼ਤੀ ਵਿਚ ਕਰਨਦੀਪ ਚੌਹਾਨ ਦਾ ਸ਼ਾਨਦਾਰ ਪ੍ਰਦਰਸ਼ਨ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਵਾਸ਼ਿੰਗਟਨ ਸਟੇਟ ਦਾ ਕੁਸ਼ਤੀ ਟੂਰਨਾਮੈਂਟ ਕੈਂਟ ਮੁਰੈਡੀਅਨ ਹਾਈ ਸਕੂਲ ਦੇ ਜ਼ਿੰਮਨੇਜ਼ੀਅਮ ਹਾਲ ਵਿਚ ਹੋਇਆ, ਜਿਸ ਵਿਚ ਪੰਜਾਬੀ ਮੂਲ ਦੇ ਹੋਣਹਾਰ ਪਹਿਲਵਾਨ ਕਰਨਦੀਪ ਚੌਹਾਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦੂਜੀ ਕੁਸ਼ਤੀ ਹਾਰੋਲਡਸਨ ਫੀਫੇ ਨੂੰ ਚਾਰੋ ਖਾਨੇ ਚਿੱਤ ਕਰਕੇ ਕਰਨਦੀਪ ਚੌਹਾਨ ਨੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ। ਪਿਛਲੇ ਸਾਲ ਕਰਨਦੀਪ ਚੌਹਾਨ ਨੇ ਭਾਰਤ ਅਤੇ ਕੇਂ ਪੀ. ਆਰ. ਸੌਂਧੀ ਦੇ ਸੈਂਟਰ ਫਗਵਾੜਾ ਵਿਚ ਅਭਿਆਸ ਕੀਤਾ ਸੀ ਅਤੇ ਪਿਛਲੇ ਚਾਰ ਸਾਲ ਤੋਂ ਕੁਸ਼ਤੀ ਦੀ ਟਰੇਨਿੰਗ ਕਰ ਰਿਹਾ ਹੈ। ਕਰਨਦੀਪ ਚੌਹਾਨ ਦਾ ਵੱਡਾ ਭਰਾ ਰੱਜਤ ਚੌਹਾਨ ਜੂਨੀਅਰ ਵਿਸ਼ਵ ਪਾਵਰ ਲਿਫਟਿੰਗ ਵਿਚ ਸੋਨ ਤਮਗਾ ਜਿੱਤ ਚੁੱਕਾ ਹੈ। ਹਰਦੀਪ ਸਿੰਘ ਚੌਹਾਨ ਨੇ ਦੱਸਿਆ ਕਿ ਕਰਨਦੀਪ ਚੌਹਾਨ ਵਾਸ਼ਿੰਗਟਨ ਸਟੇਟ ’ਚੋਂ ਸੋਨ ਤਮਗਾ ਜਿੱਤ ਸਕਦਾ ਹੈ।

# ਵਿਸ਼ਵ ਭਰ ਵਿਚੋਂ ਭਾਰਤ ’ਚ ਔਰਤਾਂ ਦੀ ਖੁਦਕੁੱਸ਼ੀ ਦਰ ਸਭ ਤੋਂ ਵੱਧ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਿਸ਼ਵ ਭਰ ਵਿਚ ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁੱਸ਼ੀਆਂ ਦੇ ਮਾਮਲੇ ਵਿਚ ਭਾਰਤ ਦਾ ਪਹਿਲਾ ਸਥਾਨ ਹੈ। ਹਰ ਤਿੰਨ ਔਰਤਾਂ ਪਿਛੇ ਇਕ ਭਾਰਤੀ ਔਰਤ ਖੁਦਕੁੱਸ਼ੀ ਕਰਦੀ ਹੈ। ਇਹ ਖੁਲਾਸਾ ਲਾਂਸੈਟ ਪਬਲਿਕ ਹੈਲਥ ਦੁਆਰਾ ਪ੍ਰਕਾਸ਼ਿਤ ਨਵੇਂ ਅਧਿਅਨ ਵਿਚ ਕੀਤਾ ਗਿਆ ਹੈ ਜਿਸ ਦੀ ਸਮੀਖਿਆ ’ਸਾਇੰਸਟਫਿਕ ਅਮੈਰੀਨਕ’ ਵੱਲੋਂ ਆਪਣੇ ਦਸੰਬਰ ਅੰਕ ਵਿਚ ਕੀਤੀ ਗਈ ਹੈ। ਲਾਂਸੈਟ ਪਬਲਿਕ ਹੈਲਥ ਦਾ ਅਧਿਅਨ ਭਾਰਤੀ ਮੂਲ ਦੇ ਕਲੀਨੀਕਲ ਪ੍ਰੋਫੈਸਰ ਰਾਖੀ ਡੋਡਨਾ ਦੁਆਰਾ ਕੀਤਾ ਗਿਆ ਹੈ। ਰਾਖੀ ਡੋਡਨਾ ’ਯੂਨੀਵਰਸਿਟੀ ਆਫ ਵਾਸ਼ਿੰਗਟਨ’ ਵਿਖੇ ਵਿਸ਼ਵ ਸਿਹਤ ਵਿਭਾਗ ਵਿਚ ਕੰਮ ਕਰ ਰਹੇ ਹਨ। ਪ੍ਰਕਾਸ਼ਿਤ ਰਿਪੋਰਟ ਵਿਚ 1990 ਤੋਂ 2016 ਤੱਕ ਭਾਰਤ ਵਿਚ ਔਰਤਾਂ ਦੁਆਰਾ ਖੁਦਕੁੱਸ਼ੀ ਦਰ ਦੀ ਪੁਸ਼ਟੀ ਕਰਨ ਲਈ ਪ੍ਰੋ ਡੋਡਨਾ ਤੇ ਉਸ ਦੇ ਸਾਥੀਆਂ ਵੱਲੋਂ ’ ਗਲੋਬਲ ਬਰਡਨ ਆਫ ਡਸੀਜ਼ ਸਟੱਡੀ’ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਵਿਚ ਹਰ ਸਾਲ 2,30,000 ਔਰਤਾਂ ਵੱਲੋਂ ਖੁਦਕੁੱਸ਼ੀਆਂ ਕੀਤੀਆਂ ਜਾਂਦੀਆਂ ਹਨ।


ਭਾਰਤ ਦੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਤੁਲਨਾ ਵਿਚ ਇਹ ਦਰ ਬਹੁਤ ਜਿਆਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ 2015 ਵਿਚ 1,33,623 ਔਰਤਾਂ ਨੇ ਖੁਦਕੁੱਸ਼ੀ ਕੀਤੀ। ਪਰੰਤੂ ਖੋਜ਼ੀਆਂ ਦਾ ਕਹਿਣਾ ਹੈ ਕਿ ਭਾਰਤ ਵਿਚ ਖੁਦਕੁੱਸ਼ੀ ਦੇ ਮਾਮਲਿਆਂ ਨੂੰ ਰਫਾ ਦਫਾ ਕਰਨਾ ਆਮ ਵਰਤਾਰਾ ਹੈ। ਪ੍ਰੋ ਡੋਡਨਾ ਅਨੁਸਾਰ ਭਾਰਤ ਵਿਚ ਔਰਤਾਂ ਦੁਆਰਾ ਖੁਦਕੁੱਸ਼ੀਆਂ ਦਾ ਕਾਰਨ ਔਰਤਾਂ ਦੀਆਂ ਖਾਹਿਸ਼ਾਂ ਤੇ ਸਮਾਜਿਕ ਕੱਟੜਤਾ ਵਿਚਾਲੇ ਟਕਰਾਅ ਹੈ।

ਹਾਲਾਂ ਕਿ ਭਾਰਤ ਵਿਚ ਪਹਿਲਾਂ ਦੀ ਤੁਲਨਾ ਵਿਚ ਔਰਤਾਂ ਵਧੇਰੇ ਪੜ ਲਿਖ ਗਈਆਂ ਹਨ ਤੇ ਤੈਅਸ਼ੁੱਦਾ ਵਿਆਹਾਂ ਦੀ ਦਰ ਘਟੀ ਹੈ ਪਰੰਤੂ ਅਜੇ ਵੀ ਔਰਤਾਂ ਨੂੰ ਸਮਾਜ ਵਿਚ ਨੀਵਾਂ ਰੁਤਬਾ ਹਾਸਲ ਹੈ।

ਔਰਤਾਂ ਦੀ ਤਰੱਕੀ ਵਿਚ ਅੜਿਕੇ ਡਾਹੇ ਜਾਂਦੇ ਹਨ। ਪ੍ਰੋ ਡੋਡਨਾ ਨੇ ਆਪਣੀ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਹੈ ਕਿ ਭਾਰਤ ਦੇ ਉਤਰੀ ਰਾਜਾਂ ਦੀ ਤੁਲਨਾ ਵਿਚ ਦੱਖਣੀ ਰਾਜਾਂ ਵਿਚ ਔਰਤਾਂ ਵਧ ਖੁਦਕੁੱਸ਼ੀਆਂ ਕਰਦੀਆਂ ਹਨ। ਦੱਖਣ ਵਿਚ ਔਰਤਾਂ ਸਮਾਜਿਕ ਤੌਰ ’ਤੇ ਚੇਤਨ ਹੋਈਆਂ ਹਨ ਤੇ ਉਹ ਅਗੇ ਵਧੀਆਂ ਹਨ ਜਦ ਕਿ ਉਤਰੀ ਖੇਤਰ ਵਧੇਰੇ ਰਵਾਇਤੀ ਤੇ ਦਿਹਾਤੀ ਹੈ। ਉਤਰ ਵਿਚ ਬਹੁਤ ਘਟ ਔਰਤਾਂ ਖੁਦਕੁੱਸ਼ੀ ਕਰਦੀਆਂ ਹਨ ।

# ਸਿਆਟਲ ਤੇ ਨਾਲ ਲੱਗਦੇ ਇਲਾਕਿਆਂ ’ਚ ਭਾਰੀ ਤੂਫ਼ਾਨ ਤੇ ਮੀਹ

**ਸਿਆਟਲ (ਹਰਮਨਪ੍ਰੀਤ ਸਿੰਘ)–** ਬੀਤੀ ਰਾਤ ਸਿਆਟਲ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਬਰਦਸਤ ਤੇਜ਼ ਹਵਾਵਾਂ ਚੱਲਣ ਨਾਲ ਅਤੇ ਭਾਰੀ ਮੀਂਹ ਪੈਣ ਨਾਲ ਕਈ ਦਰੱਖਤ ਤੇ ਦਰੱਖਤਾਂ ਦੇ ਟਾਹਣੇ ਟੁੱਟ ਕੇ ਸੜਕਾਂ ’ਤੇ ਆ ਡਿੱਗੇ । ਰਾਤ 12 ਤੋਂ 4 ਵਜੇ ਦੇ ਦਰਮਿਆਨ ਆਏ ਇਸ ਤੂਫ਼ਾਨ ਨੇ ਕਈ ਥਾਵਾਂ ’ਤੇ ਜਨ-ਜੀਵਨ ਅਸਤ-ਵਿਅਸਤ ਕਰ ਦਿੱਤਾ । ਸੜਕਾਂ ’ਤੇ ਡਿੱਗੇ ਦਰੱਖਤਾਂ ਨੂੰ ਫਾਇਰ ਬ੍ਰਿਗੇਡ ਨੇ ਕੱਟ ਕੇ ਰਸਤੇ ਸਾਫ਼ ਕੀਤੇ । ਕਈ ਜਗ੍ਹਾ ਦਰੱਖਤ ਡਿੱਗਣ ਨਾਲ ਬਿਜਲੀ ਸਪਲਾਈ ਵੀ ਪ੍ਰਭਾਵਿਤ ਹੋ ਗਈ । ਆਖ਼ਰੀ ਖ਼ਬਰ ਲਿਖਣ ਤੱਕ ਵੀ ਕੈਂਟ ਇਲਾਕੇ, ਫੈਡਰਲ ਵੇਅ, ਓਬਰਨ ਤੇ ਕੋਈ ਹੋਰ ਇਲਾਕਿਆਂ ਵਿਚ ਬਿਜਲੀ ਤਕਰੀਬਨ 24 ਘੰਟੇ ਤੋਂ ਵੀ ਜ਼ਿਆਦਾ ਸਮੇਂ ਤੋਂ ਬੰਦ ਪਈ ਸੀ, ਜਿਸ ਨੂੰ ਚਾਲੂ ਕਰਨ ਲਈ ਬਿਜਲੀ ਵਿਭਾਗ ਸਖ਼ਤ ਮਿਹਨਤ ਕਰ ਰਿਹਾ ਹੈ ।



# ਟੋਟਲ ਐਂਟਰਟੇਨਮੈਂਟ ਦੇ ਅਵਤਾਰ ਲਾਖਾ ਵਲੋਂ ਅਮਰੀਕਾ, ਕਨੇਡਾ ਵਿਚ ਕਰਵਾਏ ਜਾਣਗੇ ’ਪਰਦੇਸੀ ਲਾਈਵ 2019’



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸਾਫ ਸੁਥਰੀ ਗਾਇਕੀ ਨੂੰ ਪ੍ਰਣਾਏ ਹੋਏ ਟੋਟਲ ਐਂਟਰਟੇਨਮੈਂਟ ਦੇ ਅਵਤਾਰ ਲਾਖਾ ਵਲੋਂ ਅਮਰੀਕਾ, ਕਨੇਡਾ ਵਿਚ ਕਰਵਾਏ ਜਾਣ ਵਾਲੇ ਸ਼ੋਅ ’ਪਰਦੇਸੀ ਲਾਈਵ 2019’ ਦੀ ਸ਼ੁਰੂਆਤ ਸਟਾਕਟਨ (ਕੈਲੇਫੋਰਨੀਆਂ) ਤੋਂ ਕੀਤੀ ਜਾ ਰਹੀ ਹੈ। ਇਹ ਸ਼ੋਅ 15 ਫਰਬਰੀ ਦਿਨ ਸ਼ੁੱਕਰਵਾਰ ਨੂੰ ਸਟਾਕਟਨ ਦੀ’ ਯੂਨੀਵਰਸਿਟੀ ਆਫ ਪੈਸੇਫਿਕ’ਦੇ ਫੇਅ ਸਪੈਨੋਜ਼ ਥੀਏਟਰ ਵਿਚ ਕਰਵਾਇਆ ਜਾ ਰਿਹਾ ਹੈ। ਉੱਘੇ ਗਾਇਕ ਅਤੇ ਆਪਣੀ ਵਿਲੱਖਣ ਗੀਤਕਾਰੀ ਲਈ ਦੁਨੀਆਂ ਭਰ ਵਿੱਚ ਜਾਣੇ ਜਾਂਦੇ ਧਰਮਵੀਰ ਥਾਂਦੀ, ਬੁਲੰਦ ਆਵਾਜ਼ ਦੀ ਮਾਲਿਕ ਤੇ ਸੁਚੱਜੇ ਗੀਤਾਂ ਦੀ ਪਹਿਚਾਣ ਬਣ ਚੁੱਕੀ ਗਾਇਕਾ ਜੋਤ ਰਣਜੀਤ ਅਤੇ ਪਰਿਵਾਰਕ ਅਤੇ ਸੱਭਿਆਚਾਰਕ ਗੀਤ ਲਿਖਣ ਅਤੇ ਗਾਉਣ ਵਿੱਚ ਨਾਮਣਾ ਖੱਟ ਚੁੱਕਾ ਗਾਇਕ ਸੁਖਪਾਲ ਔਜਲਾ ਇਸ ਸ਼ੋਅ ਦੀ ਸ਼ਾਨ ਬਣਨਗੇ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ ਅਤੇ ਹਾਸਰਸ ਕਲਾਕਾਰ ਵਿਜੇ ਸਿੰਘ ਆਪਣੀ ਕਮੇਡੀ ਦੇ ਰੰਗ ਵਿਖਾਉਣਗੇ। ਇਸ ਪ੍ਰੋਗਰਾਮ ਦੀ ਖਾਸੀਅਤ ਇਹ ਹੈ ਕਿ ਇਹ ਸਾਰੇ ਹੀ ਕਲਾਕਾਰ ਅਮਰੀਕਾ ਵੱਸਦੇ ਹਨ। ਬੀਤੇ ਦਿਨੀ ਸਟਾਕਟਨ ਵਿੱਚ ਹੋਈ ਇਕੱਤਰਤਾ ਵਿੱਚ ਪ੍ਰਬੰਧਕਾਂ, ਕਲਾਕਾਰਾਂ, ਸਪੋਂਸਰਾਂ ਤੇ ਗੀਤਕਾਰਾਂ ਦੀ ਮੌਜੂਦਗੀ ਵਿਚ ਇਸ ਸ਼ੋਅ ਨਾਲ ਸਬੰਧਤ ਪੋਸਟਰ ਜਾਰੀ ਕੀਤਾ ਗਿਆ। ਜਿਸ ਵਿੱਚ ਰਿਲੀਜ਼ ਸਮੇਂ ਨਜ਼ਰ ਆ ਰਹੇ ਹਨ (ਖੱਬਿਓਂ ਸੱਜੇ ਪਿੱਛੇ ਖੜੇ) ਪ੍ਰੋਮੋਟਰ ਅਵਤਾਰ ਲਾਖਾ, ਜਸਵੰਤ ਸਿੰਘ ਸ਼ਾਦ, ਗਾਇਕ ਮਨਦੀਪ ਅਟਵਾਲ, ਸ਼ਾਇਰ ਕੁਲਵੰਤ ਸੇਖੋਂ, ਗਾਇਕ ਤੇ ਗੀਤਕਾਰ ਧਰਮਵੀਰ ਥਾਂਦੀ, ਗਾਇਕਾ ਜੋਤ ਰਣਜੀਤ, ਸ਼ਾਇਰ ਹਰਜੀਤ ਹਠੂਰ ਤੇ ਮਿਸਟਰ ਕੁਮਾਰ (ਹੇਠਾਂ ਖੱਬਿਓਂ ਸੱਜੇ) ਸ਼ਾਇਰ ਹਰਜਿੰਦਰ ਪੰਧੇਰ, ਪ੍ਰੋਮੋਟਰ ਸਿਕੰਦਰ ਗਰੇਵਾਲ, ਬੇਟੀ ਮਾਹੀ, ਕੁਲਦੀਪ ਸਿੰਘ ਗਰੇਵਾਲ, ਸ . ਗਿੱਲ,ਗੁਲੂ ਬਰਾੜ ਅਤੇ ਵਿਜੇ ਵਿਜ।

# ਕਾਇਮ ਸਰਦਾਰੀ: ਉਚ ਪੜ੍ਹਾਈ ਤੇ ਸਰਕਾਰੇ-ਦਰਬਾਰੇ ਪੂਰੀ ਚੜ੍ਹਾਈ




**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**ਸੰਨ 2008 ਤੋਂ ਮਲੇਸ਼ੀਆ ਦੀ ਸੰਸਦ ਦੇ ਵਿਚ ਆਪਣੀ ਸਰਦਾਰੀ ਕਾਇਮ ਰੱਖ ਰਹੇ ਹਨ ਸਾਂਸਦ ਗੋਬਿੰਦ ਸਿੰਘ ਦਿਓ ਅਤੇ ਸੰਨ 2008 ਤੋਂ ਹੀ ਨਿਊਜ਼ੀਲੈਂਡ ਦੀ ਸੰਸਦ ਦੇ ਵਿਚ ਆਪਣੀ ਸਰਦਾਰੀ ਕਾਇਮ ਰੱਖ ਰਹੇ ਹਨ ਸ. ਕੰਵਲਜੀ ਸਿੰਘ ਬਖਸ਼ੀ। ਅਜਿਹੇ ਅਹੁਦੇ ਸਾਬਿਤ ਕਰਦੇ ਹਨ ਕਿ ਉਚ ਪੜ੍ਹਾਈ ਤੇ ਲਿਆਕਤ ਹੋਵੇ ਤਾਂ ਵਿਸ਼ਵ ਦੇ ਕਿਸੇ ਵੀ ਦੇਸ਼ ਦੇ ਵਿਚ ਸਰਕਾਰੇ ਦਰਬਾਰੇ ਪੂਰੀ ਚੜ੍ਹਾਈ ਰੱਖੀ ਜਾ ਸਕਦੀ ਹੈ।

ਬੀਤੇ ਕੱਲ੍ਹ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਆਪਣੇ ਮਲੇਸ਼ੀਆ ਦੇ ਸਰਕਾਰੀ ਦੌਰੇ ਦੌਰਾਨ ਹੁਣ ਮਲੇਸ਼ੀਆ ਦੇ ਪਹਿਲੇ ਕੈਬਨਿਟ ਮੰਤਰੀ ਬਣ ਚੁੱਕੇ ਸ. ਗੋਬਿੰਦ ਸਿੰਘ ਦਿਓ ਦੇ ਨਾਲ ਲੰਬੀ ਮੁਲਾਕਾਤ ਕੀਤੀ। ਸ. ਗੋਬਿੰਦ ਸਿੰਘ ਦਿਓ ਇਸ ਵੇਲੇ ਮਲੇਸ਼ੀਆ ਦੇ ਕਮਿਊਨੀਕੇਸ਼ਨ ਅਤੇ ਮਲਟੀਮੀਡੀਆ ਮੰਤਰੀ ਹਨ। ਬ੍ਰਿਟਿਸ਼ ਵਿਖੇ ਵਕਾਲਤ ਦੀ ਡਿਗਰੀ ਕਰਨ ਵਾਲੇ 45 ਸਾਲਾ ਸ. ਦਿਓ ਡੈਮੋਕ੍ਰੇਟਿਕ ਐਕਸ਼ਨ ਪਾਰਟੀ ਦੇ ਵੀ ਉਪ ਚੇਅਰਮੈਨ ਵੀ ਹਨ। ਸ. ਦਿਓ ਅੰਮ੍ਰਿਤਸਰ ਦੇ ਨਾਲ ਸਬੰਧ ਰੱਖਦੇ ਹਨ ਜਦ ਕਿ ਸ. ਕੰਵਲਜੀਤ ਸਿੰਘ ਬਖਸ਼ੀ ਦਿੱਲੀ ਦੇ ਨਾਲ ਸਬੰਧ ਰੱਖਦੇ ਹਨ। ਅੱਜ ਦੋਹਾਂ ਨੇਤਾਵਾਂ ਨੇ ਜਿੱਥੇ ਮਲੇਸ਼ੀਆ-ਨਿਊਜ਼ੀਲੈਂਡ ਦੇ ਰਾਜਨੀਕ ਸਬੰਧਾਂ ਬਾਰੇ ਵਿਚਾਰਾਂ ਕੀਤੀਆਂ ਉਥੇ ਪ੍ਰਵਾਸੀ ਭਾਰਤੀਆਂ ਦੀ ਖੁਸ਼ਹਾਲੀ ਤੇ ਸਿੱਖ ਰਾਜਨੀਤੀ ਲਈ ਵੀ ਗੱਲਬਾਤ ਕੀਤੀ। ਸ. ਬਖਸ਼ੀ ਨੇ ਮੰਤਰੀ ਸਾਹਿਬ ਦੇ ਦਫਤਰ ’ਚ ਮਹਿਮਾਨ ਬੁੱਕ ਉਤੇ ਸੰਦੇਸ਼ ਵੀ ਛੱਡਿਆ ਅਤੇ ਇਕ ਦੂਜੇ ਨੂੰ ਸੌਗਾਤਾਂ ਦਾ ਵੀ ਆਦਾਨ ਪ੍ਰਦਾਨ ਕੀਤਾ। ਵਲਿੰਗਟਨ ਸਥਿਤ ਮਲੇਸ਼ੀਅਨ ਹਾਈ ਕਮਿਸ਼ਨ ਨੇ ਵੀ ਮਾਣ ਦੇ ਨਾਲ ਇਸ ਮਿਲਣੀ ਨੂੰ ਆਪਣੇ ਸ਼ੋਸ਼ਲ ਮੀਡੀਆ ਉਤੇ ਤਸਵੀਰਾਂ ਸਮੇਤ ਸਾਂਝਾ ਕੀਤਾ ਹੈ।

# ਵਰਿੰਦਰ ਵਾਲੀਆ ਨਾਲ ਜਮਹੂਰੀ ਅਧਿਕਾਰ ਸਭਾ ਵਲੋਂ ਦੁੱਖ ਦਾ ਪ੍ਰਗਟਾਵਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਇੱਕ ਸ਼ੋਕ ਮਤੇ ਰਾਹੀਂ ਵਰਿੰਦਰ ਵਾਲੀਆ(ਸੰਪਾਦਕ ਪੰਜਾਬੀ ਜਾਗਰਣ) ਦੇ ਭਰਾ ਨਰਿੰਦਰ ਸਿੰਘ ਵਾਲੀਆ ਦੇ ਅਚਾਨਕ ਦੇਹਾਂਤ ਦਾ ਦੁੱਖ ਸਾਂਝਾ ਕੀਤਾ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਸੇਵਾ ਮੁਕਤ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਅੱਜ ਇੱਥੇ ਜਾਰੀ ਇਕ ਪ੍ਰੈੱਸ ਨੋਟ ਵਿਚ ਕਿਹਾ ਹੈ ਕਿ ਨਰਿੰਦਰ ਸਿੰਘ ਵਾਲੀਆ ਸ਼ੁੱਕਰਵਾਰ ਨੂੰ ਡੀ ਐਮ ਸੀ ਲੁਧਿਆਣਾ ਵਿੱਚ ਲੰਬੀ ਬਿਮਾਰੀ ਪਿੱਛੋਂ ਅਚਾਨਕ ਆਪਣੇ ਪਰਿਵਾਰ, ਸਨੇਹੀਆਂ ਤੇ ਰਿਸ਼ਤੇਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਏ। ਨਰਿੰਦਰ ਵਾਲੀਆ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਮਾਹਿਲਪੁਰ ਤੋਂ ਸੇਵਾ ਮੁਕਤ ਹੋਏ ਅਧਿਕਾਰੀ ਹੀ ਨਹੀਂ ਸਨ ਬਲਕਿ ਉਹ ਗੜ੍ਹਸ਼ੰਕਰ ਦੇ ਇੱਕ ਪ੍ਰਸਿੱਧ ਸਮਾਜ ਸੇਵੀ ਵਜੋਂ ਵੀ ਜਾਣੇ ਜਾਂਦੇ ਸਨ। ਅਜਿਹੀ ਇਮਾਨਦਾਰ ਸਣਸ਼ੀਅਤ ਅਤੇ ਸਮਾਜ ਸੇਵਕ ਦਾ ਸਾਥੋਂ ਵਿੱਛੜ ਜਾਣਾ ਇੱਕ ਬਹੁਤ ਹੀ ਦੁੱਖਦਾਈ ਘਟਨਾ ਹੈ ਜਿਸ ਨਾਲ ਨਾ ਸਿਰਫ ਪਰਿਵਾਰ ਨੂੰ ਬਲਕਿ ਰਿਸ਼ਤੇਦਾਰਾਂ ਦੋਸਤਾਂ ਮਿੱਤਰਾਂ ਅਤੇ ਸਮਾਜ ਨੂੰ ਇਕ ਵੱਡਾ ਘਾਟਾ ਪਿਆ ਹੈ। ਸਭਾ ਦੇ ਅਹੁਦੇਦਾਰ ਅਤੇ ਕਾਰਜਕਾਰਨੀ ਮੈਂਬਰ ਅਜਿਹੇ ਮਹੱਤਵਪੂਰਨ ਸ਼ਖਸ ਦੇ ਵਿਛੋੜੇ ਤੇ ਦੁੱਖ ਪ੍ਰਗਟ ਕਰਨਾ ਆਪਣਾ ਨੈਤਿਕ ਤੇ ਸਮਾਜਿਕ ਫ਼ਰਜ਼ ਸਮਝਦੇ ਹੋਏ ਪੰਜਾਬੀ ਜਾਗਰਣ ਦੇ ਸੰਪਾਦਕ ਵਰਿੰਦਰ ਵਾਲੀਆ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇ ਹਨ।


‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



‘ਦੇਸ਼ ਦੁਆਬਾ’

‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

ਦੇਸ਼ ਦੁਆਬਾ

# ਉੱਚ ਵਰਗਾਂ ਲਈ ਰਾਖਵਾਂਕਰਨ

ਭਾਰਤੀ ਸੰਵਿਧਾਨ ਦਾ ਨਿਰਮਾਣ ਕਰਦਿਆਂ ਡਾ. ਬੀ. ਆਰ. ਅੰਬੇਦਕਰ ਦੇ ਯਤਨਾਂ ਸਦਕਾ ਜਾਤੀ ਆਧਾਰ ਤੇ ਹਰ ਪਾਸਿਉਂ ਵਿਤਕਰੇ ਅਤੇ ਪੱਛੜੇਪਣ ਦਾ ਸ਼ਿਕਾਰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸਿੱਖਿਆ, ਪ੍ਰਸ਼ਾਸਨ ਅਤੇ ਆਰਥਿਕ ਪੱਖੋਂ ਮਦਦ ਦੇਣ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਸੀ। ਉਸ ਵਕਤ ਇਹ ਵਿਵਸਥਾ ਸਿਰਫ 10 ਸਾਲਾਂ ਲਈ ਕੀਤੀ ਗਈ ਸੀ ਪਰ ਬਾਅਦ ਵਿਚ ਇਸ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਸਮਾਂ ਅੱਗੇ ਵਧਦਾ ਗਿਆ ਅਤੇ ਇਸ ਦਰਮਿਆਨ ਇਹ ਰਾਜਨੀਤਿਕ ਲਾਭ ਲੈਣ ਦਾ ਵਿਸ਼ਾ ਵੀ ਬਣ ਗਿਆ। ਇਸ ਕਰਕੇ ਇਸ ਵਿਚ ਲੋੜੀਂਦੇ ਸੁਧਾਰ ਕਰਨ ਦੀ ਬਜਾਏ ਹੁਣ ਇਹ ਵੋਟ ਬੈਂਕ ਦਾ ਆਧਾਰ ਬਣ ਗਿਆ ਹੈ। ਇਸੇ ਵੋਟ ਬੈਂਕ ਦੇ ਲਾਲਚ ਵੱਸ ਭਾਰਤ ਦੀ ਮੌਜੂਦਾ ਸਰਕਾਰ ਨੇ ਹੁਣ ਉਚ ਜਾਤੀਆਂ ਦੇ ਆਰਥਿਕ ਤੌਰ ਤੇ ਪੱਛੜੇ ਲੋਕਾਂ ਦੇ ਲਈ ਵੀ 10 ਫੀਸਦੀ ਰਾਖਵੇਂਕਰਨ ਦੀ ਵਿਵਸਥਾ ਕਰਨ ਦਾ ਬਿਲ ਲੋਕ ਸਭਾ ਵਿਚ ਰੱਖਿਆ ਜੋ ਕਿ ਪਾਸ ਹੋ ਗਿਆ ਹੈ। ਰਾਜ ਸਭਾ ਵਿਚ ਪਾਸ ਹੋਣ ਤੋਂ ਬਾਅਦ ਇਹ ਬਿਲ ਰਾਸ਼ਟਰਪਤੀ ਦੀ ਮੋਹਰ ਲੱਗਣ ਤੋਂ ਬਾਅਦ ਲਾਗੂ ਹੋ ਜਾਵੇਗਾ।

ਜਿੱਥੋਂ ਤੱਕ ਰਾਖਵੇਂਕਰਨ ਦਾ ਸਬੰਧ ਹੈ, ਕੋਈ ਵੀ ਕਲਿਆਣਕਾਰੀ ਮੁਲਕ ਆਪਣੇ ਆਰਥਿਕ ਤੌਰ ਤੇ ਕਮਜ਼ੋਰ ਜਾਂ ਵਿਤਕਰੇ ਦਾ ਸ਼ਿਕਾਰ ਲੋਕਾਂ ਨੂੰ ਮਜ਼ਬੂਤ ਕਰਨ ਲਈ ਅਜਿਹੀ ਵਿਵਸਥਾ ਕਰਦਾ ਹੈ। ਦੁਨੀਆਂ ਦੇ ਕਈ ਮੁਲਕਾਂ ਵਿਚ ਵਿਤਕਰੇ ਦਾ ਸ਼ਿਕਾਰ ਹੋਏ ਲੋਕਾਂ ਦੇ ਲਈ ਵਿਸ਼ੇਸ਼ ਵਿਵਸਥਾ ਕੀਤੀ ਗਈ ਹੈ। ਅਮਰੀਕਾ ਵਿਚ ਵੀ ਕਾਲਿਆਂ ਦੇ ਲਈ ਅਜਿਹੀ ਵਿਵਸਥਾ ਕੀਤੀ ਗਈ ਸੀ। ਅਮਰੀਕਾ ਵਿਚ ਤਾਂ ਵਿਸ਼ੇਸ਼ ਕਾਨੂੰਨ ਬਣਾ ਕੇ ਕਾਲੇ ਰੰਗ ਦੇ ਵਿਅਕਤੀਆਂ ਨੂੰ ਅਪਮਾਨਜਨਕ ਸ਼ਬਦ ਕਹਿਣ ਤੱਕ 'ਤੇ ਪਾਬੰਦੀ ਹੈ।

ਭਾਰਤ ਵਿਚ ਵੀ ਅਜਿਹਾ ਯਤਨ 1947 ਤੋਂ ਬਾਅਦ ਕੀਤਾ ਗਿਆ। ਇਸ ਤੋਂ ਪਹਿਲਾਂ ਅੰਗਰੇਜ਼ੀ ਹਕੂਮਤ ਵੇਲੇ ਤੋਂ ਭਾਰਤ ਦੇ ਗਰੀਬ, ਦਲਿਤ ਵਰਗਾਂ ਲਈ ਸੰਘਰਸ਼ ਕਰ ਰਹੇ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਅੰਬੇਡਕਰ ਪ੍ਰਸ਼ਾਸਨ ਵਿਚ ਦਲਿਤ, ਪੱਛੜੇ ਵਰਗਾਂ ਦੀ ਨੁਮਾਇੰਦਗੀ ਵਧਾਉਣ ਅਤੇ ਆਰਥਿਕ ਬਰਾਬਰੀ ਲਈ ਯਤਨਸ਼ੀਲ ਰਹੇ, ਜਿਸ ਦੀ ਬਦੌਲਤ ਦਲਿਤ, ਪੱਛੜੀਆਂ ਜਾਤੀਆਂ, ਪੱਛੜੇ ਕਬੀਲਿਆਂ ਨੂੰ ਰਾਖਵਾਂਕਰਨ ਮਿਲ ਸਕਿਆ। ਹੁਣ ਜੋ ਰਾਖਵਾਂਕਰਨ ਲਾਗੂ ਕੀਤਾ ਜਾ ਰਿਹਾ ਹੈ, ਇਸ ਦਾ ਕੋਈ ਵਿਰੋਧ ਨਹੀਂ ਕਰ ਰਿਹਾ ਬਲਕਿ ਮੰਗ ਇਹ ਹੈ ਕਿ ਰਾਖਵਾਂਕਰਨ ਆਬਾਦੀ ਦੀ ਗਿਣਤੀ ਤੇ ਹਿਸਾਬ ਨਾਲ ਲਾਗੂ ਕੀਤਾ ਜਾਵੇ। ਭਾਰਤ ਵਿਚ 85 ਫੀਸਦੀ ਆਬਾਦੀ ਦਲਿਤ, ਪੱਛੜੇ ਵਰਗ ਅਤੇ ਪੱਛੜੇ ਕਬੀਲਿਆਂ ਦੀ ਹੈ। ਜੇਕਰ ਆਬਾਦੀ ਦੇ ਹਿਸਾਬ ਨਾਲ ਰਾਖਵਾਂਕਰਨ ਦੇਣਾ ਹੈ ਤਾਂ 100 ਫੀਸਦੀ ਰਿਜ਼ਰਵੇਸ਼ਨ ਦੇਣ ਦੇ ਬਾਵਜੂਦ 85 ਫੀਸਦੀ ਦੇ ਕਰੀਬ ਹਿੰਸਾ ਭਾਰਤ ਦੀ ਦਲਿਤ, ਗਰੀਬ, ਪੱਛੜੀ ਅਤੇ ਪੱਛੜੇ ਕਬੀਲਿਆਂ ਦੀ ਆਬਾਦੀ ਦਾ ਬਣਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-91

## ਖਿਮਾਂ ਤੋਂ ਕੀ ਭਾਵ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਕਸ਼ਮਾਂ ਸੰਸਕ੍ਰਿਤ ਅਤੇ ਖਿਮਾਂ ਪੰਜਾਬੀ ਸ਼ਬਦ ਹਨ। ਅਰਥ-ਸਹਾਰਾ, ਬਰਦਾਸ਼ਤ, ਮਾਫੀ ਅਤੇ ਬਖਸ਼ਿਸ਼। ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਖੇ ਇਸ ਦੀ ਸਾਰਥਕ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ-

ਵਧੀਕੀ ਸਹਾਰਨ ਦਾ ਮਾਦਾ ਹੀ ਚੰਗਾ ਸੁਭਾਉ ਤੇ ਸੰਤੋਖੀ ਕਰਮ ਨੇ ਜਿੰਨ੍ਹਾਂ ਸਦਕਾ ਹਉਮੈ ਆਦਿਕ ਰੋਗ ਤੇ ਮੌਤ (ਜਮ) ਦਾ ਡਰ ਜੋਰ ਨਹੀਂ ਪਾ ਸਕਦਾ-ਖਿਮਾ ਗਹੀ ਬ੍ਰਤ ਸੀਲ ਸੰਤੋਖੰ॥ ਰੋਗੁ ਨ ਬੀਆਪੈ ਨਾ ਜਮ ਦੋਖੰ॥ (ਮ ੧-੨੨੩) ਖਿਮਾ ਧਾਰਨ ਕਰਕੇ ਗੁਰੂ ਗਿਆਨ-ਸ਼ਰਨ ਸਦਕਾ ਹਉਮੈ ਤੇ ਤ੍ਰਿਸ਼ਨਾ ਦੀ ਸਾਰੀ ਅੱਗ ਬੁਝ ਜਾਂਦੀ ਅਤੇ ਕ੍ਰੋਧ ਆਦਿਕ ਰੋਗ ਬਿਨਸ ਜਾਂਦੇ ਹਨ-ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ॥ ਹਉਮੈ ਤ੍ਰਿਸ਼ਨਾ ਸਭ ਅਗਨਿ ਬੁਝਈ॥ ਬਿਨਸੈ ਕ੍ਰੋਧ ਖਿਮਾ ਗਹਿ ਲਈ॥ (ਮ ੩-੨੩੩)

ਮਾਇਆਵੀ ਵਿਤਕਰੇ ਕਾਰਨ ਖਿਮਾ-ਹੀਣ ਹੋ ਬੇਅੰਤ, ਲੱਖਾਂ ਅਣਗਿਣਤ ਜੀਵ ਖਪ ਮਰੇ ਜੋ ਗਿਣੇ ਨਹੀਂ ਜਾ ਸਕਦੇ। ਮਹਾਨ ਕੋਸ਼ ਅਨੁਸਾਰ ਇੱਕ ਖੂਹਣੀ ਸੈਨਾ ਦੀ ਗਿਣਤੀ ਜਿਸ ਵਿੱਚ ੨੧੯੭੦ ਹਾਥੀ, ੨੧੯੭੦ ਰਥ, ੬੫੬੧੦ ਘੋੜੇ ਅਤੇ ੧੦੯੩੫੦ ਪੈਦਲ ਹੋਣ-ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੂਏ ਬਿਸੰਖ॥ (ਮ ੧-੯੩੭)

ਜਿਸ ਧਰਮ ਦੀ ਜੜ ਗਿਆਨ ਓਥੇ ਧਰਮ ਧਾਰਨ ਯੋਗ ਹੈ। ਅਗਿਆਨ ਕਲਪਿਤ ਧਰਮ ਦੇ ਧਾਰਨ ਤੋਂ, ਲੋਕ-ਪ੍ਰਲੋਕ ਦੇ ਅਨੰਦ ਤੋਂ ਵੰਚਿਤ ਰਹੀਦਾ ਹੈ। ਜਿਸ ਮਨੁੱਖ ਅੰਦਰ ਝੂਠ ਅਤੇ ਲੋਭ ਦਾ ਜੋਰ ਹੋਵੇ ਓਥੇ ਧਰਮ ਦੀ ਥਾਂ ਪਾਪ ਅਤੇ ਆਤਮ ਮੌਤ ਹੀ ਹੋ ਸਕਦੇ ਹਨ। ਉਹ ਜੀਵਨ ਕਉਡੀ ਬਦਲੇ ਜਾਂਦੈ, ਪ੍ਰਭੂ ਨਿਵਾਸ ਸਿਰਫ ਖਿਮਾ (ਸ਼ਾਤੀ) ਵਾਲੇ ਹਿਰਦੇ 'ਚ ਹੀ ਹੁੰਦਾ ਹੈ-ਕਬੀਰ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (ਕਬੀਰ-੧੩੭੨)

ਗੁਰ ਸੰਗਤ ਕਰਕੇ ਇਹ ਨਿਰਣਾ ਹੁੰਦੈ ਕਿ ਸੇਵਾ ਤੇ ਸੰਤੋਖ 'ਚ ਰਹਿਣਾ ਤੇ "ਖਿਮਾ" ਦੂਜਿਆਂ ਦੀ ਵਧੀਕੀ ਸਹਾਰਨ ਦਾ ਗੁਣ ਗ੍ਰਹਿਣ ਕਰਨ, ਆਪ ਤੇ ਦੂਜਿਆਂ ਦੇ ਆਤਮ ਨੂੰ ਪਛਾਨਣ ਦੀ ਜਾਚ ਆਉਂਦੀ ਹੈ-ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਨਾਈ॥ ਆਤਮੁ ਚੀਨਿ ਪਰਾਤਮ ਚੀਨਹੁ, ਗੁਰ ਸੰਗਤਿ ਇਹੁ ਨਿਸਤਾਰਾ ਹੇ॥ (ਮ ੧-੧੦੩੦)

ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੂੰ ਚਾਰ ਉਪਦੇਸ਼-੧.ਪ੍ਰਉਪਕਾਰ ਕਰਨਾ ੨. ਬਚਨ ਤੋਂ ਡਿਗਣਾ ਨਹੀਂ ੩. ਸ਼ਬਦ ਗੁਰੂ ਗ੍ਰੰਥ ਬਰਾਬਰ ਵੇਦ ਸ਼ਾਸ਼ਤ੍ਰ ਆਦਿ ਔਰ ਕਿਸੇ ਗ੍ਰੰਥ ਪੁਸਤਕ ਨੂੰ ਨਹੀਂ ਜਾਨਣਾ ੪. ਖਿਮਾ ਕਰਨੀ, ਜਿਉਂ ਜਿਉਂ ਵੱਡੇ ਹੋਣਾ ਤਿਉਂ ਤਿਉਂ ਨਿਮਰਤਾ ਰੱਖਣੀ, ਨਿਰਧਨ ਨੂੰ ਆਦਰ ਦੇਣਾ, ਜਿਸ ਦਾ ਕੋਈ ਵਾਲੀ ਨਹੀਂ ਉਸ ਦੀ ਮਦਦ ਕਰਨੀ, ਕਿਸੇ ਉੱਚੇ ਮੁਰਾਤਬੇ ਨੂੰ ਪਾ ਕੇ ਗਰਬ (ਹੰਕਾਰ) ਨਹੀਂ ਕਰਨਾ।

ਡਾ. ਦਿਲਗੀਰ ਜੀ ਲਿਖਦੇ ਹਨ ਕਿ ਇੱਕ ਸਿੱਖ ਦਾ ਮਸੂਮ ਬੰਦੇ ਨੂੰ ਮੁਆਫੀ ਦੇਣ ਦਾ ਇਖਲਾਕੀ ਗੁਣ, ਉਸ ਸੋਚ ਵਾਂਗ ਨਹੀਂ ਕਿ ਜੇ ਕੋਈ ਤੁਹਾਨੂੰ ਥੱਪੜ ਮਾਰੇ ਤਾਂ ਤੁਹਾਨੂੰ ਦੂਜੀ ਗੱਲ੍ਹ ਵੀ ਉਸ ਵੱਲ ਕਰ ਦੇਣੀ ਚਾਹੀਦੀ ਯਾਨੀ ਇਕ ਤਰ੍ਹਾਂ ਨਾਲ ਉਸ ਨੂੰ ਦੂਜੀ ਗੱਲ੍ਹ ਉਪਰ ਵੀ ਥੱਪੜ ਮਾਰਨ ਲਈ ਕਹਿਣਾ ਚਾਹੀਦਾ ਹੈ। ਇਹ ਗੱਲ ਕਹਿਣ ਵਾਲੇ ਦੀ ਸ਼ਾਇਦ ਇਹ ਸੋਚ ਸੀ ਕਿ ਅਜਿਹਾ ਕਰਨ ਨਾਲ, ਉਹ ਬੰਦਾ ਸ਼ਰਮਿੰਦਾ ਹੋ ਜਾਵੇਗਾ ਪਰ ਗਾਂਧੀ ਦਾ ਸੁਝਾਉ ਬੁਜਦਿਲੀ ਦੀ ਨਿਸ਼ਾਨੀ ਹੈ। ਸਿੱਖਾਂ 'ਚ ਮੁਆਫ ਕਰ ਦੇਣਾ ਕਾਇਰਤਾ ਨਹੀਂ ਸਗੋਂ ਰਹਿਮਦਿਲੀ ਤੇ ਦਇਆ ਹੈ।

ਦਾਸ ਦੇ ਵਿਚਾਰ ਕਿ ਖਿਮਾ ਇੱਕ ਰੱਬੀ ਗੁਣ ਹੈ ਜੋ ਗੁਰਸਿੱਖਾਂ ਨੂੰ ਅਪਨਾਉਣਾ ਚਾਹੀਦਾ ਹੈ। ਖਿਮਾ ਨਾਲ ਲੱਖਾਂ ਬੇਵਜਾ ਲੜਾਈਆਂ ਟਾਲੀਆਂ ਤੇ ਲੱਖਾਂ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ। ਜਾਣੇ ਅਨਜਾਣੇ ਕੀਤੀਆਂ ਭੁੱਲਾਂ ਗਲਤੀਆਂ (ਕੁਤਾਹੀਆਂ) ਮੁਆਫ ਕਰ ਦੇਣਾ ਖਿਮਾ ਹੈ। ਜੇ ਕੋਈ ਬਹੁਤ ਨੁਕਸਾਨ ਕਰ ਫਿਰ ਦਿਲੋਂ ਗਲਤੀ ਸਵੀਕਾਰ ਕਰਕੇ ਅੱਗੇ ਤੋਂ ਨਾਂ ਕਰਨ ਦਾ ਵਾਹਿਦਾ ਕਰੇ ਤਾਂ ਸਿੱਖ ਉਸ ਨੂੰ ਖਿਮਾ ਕਰ ਦਿੰਦੇ ਨੇ ਨਾਂ ਕਿ ਡੰਡਿਆਂ ਨਾਲ ਕੁੱਟਦੇ ਜਾਂ ਗੋਲੀਆਂ ਨਾਲ ਮਾਰਦੇ ਹਨ। ਇਸ ਦਾ ਮਤਲਵ ਇਹ ਵੀ ਨਹੀਂ ਕਿ ਤੁਹਾਡੀ ਨਿਮਰਤਾ ਦਾ ਨਾਜਾਇਜ ਫਾਇਦਾ ਉਠਾ ਕੋਈ ਬਾਰ ਬਾਰ ਨੁਕਸਾਨ ਕਰੀ ਜਾਵੇ ਤੇ ਤੁਸੀਂ ਆਪਣੇ ਤੇ ਦੂਜਿਆਂ ਤੇ ਹੁੰਦੀ ਹਰ ਵਧੀਕੀ ਬਿਲੀ ਦੇ ਅੱਖਾਂ ਮੀਟਣ ਵਾਂਗ ਝੱਲੀ ਜਾਉ।

ਹਰੇਕ ਚੀਜ ਦੀ ਕੋਈ ਹੱਦ ਹੁੰਦੀਏ ਜਿੱਥੇ ਜਾ ਕੇ ਆਪਣੀ ਤੇ ਦੂਜੇ ਲੋੜਵੰਦਾਂ ਦੀ ਰੱਖਿਆ ਲਈ ਅੱਗੇ ਆਉਣਾ ਪੈਂਦਾ ਹੈ। ਜਦ ਸਾਰੇ ਹੀਲੇ ਚਾਰੇ ਮੁੱਕ ਜਾਣ ਤੇ ਮੂਰਖ ਗਿਆਨ ਧਿਆਨ ਤੇ ਖਿਮਾ ਜਾਚਨਾ ਦੀਆਂ ਗੱਲਾਂ ਨਾਲ ਨਾਂ ਸਮਝੇ ਤਾਂ ਉਸ ਦਾ ਮੂੰਹ ਵੀ ਭੰਨਣਾ ਪੈਂਦਾ ਹੈ-ਮੂਰਖ ਗੰਢੁ ਪਵੈ ਮੁਹਿ ਮਾਰ॥ ਨਾਨਕੁ ਅਖੈ ਏਹੁ ਬੀਚਾਰੁ॥ (ਮ ੧-੧੪੩)

## ਜਨਮ ਦਿਨ (14 ਜਨਵਰੀ) ਤੇ ਵਿਸ਼ੇਸ

## ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਵੱਲੋਂ ਖੁਦ ਦਾ ਲਿਖਿਆ (ਆਦਿ ਧਰਮੀ) ਕੌਮ ਦੇ ਨਾਂ ਸੰਦੇਸ਼

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ। ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।



BABA MANGU RAM MUGGOWALIA JI
14-01-1886 - 22-04-1980

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ।

ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ।

ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ

(ਬਾਕੀ ਸਫਾ 16 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦਸਿੰਘ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ ਗੁਰਦੁਆਰਾ ਸਿੰਘ ਸਭਾ ਰੈਨਟਨ, ਗੁਰਦੁਆਰਾ ਸੱਚ ਮਾਰਗ ਐਬਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਿੰਘ ਸਭਾ ਕੈਨਟਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਜਰਨੈਲ ਸਿੰਘ





ਤੇ ਭਾਈ ਵਰਿਆਮ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਗੁਰਦੁਆਰਾ ਸੱਚਾ ਮਾਰਗ ਐਬਰਨ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਨੂੰ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਭਾਈ ਦਲਜੀਤ ਸਿੰਘ ਬੈਂਸ ਦੇ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ, ਜਿੱਥੇ ਉਹਨਾਂ ਦੇ ਮਾਤਾ ਜੀ ਸੁਰਜੀਤ ਕੌਰ ਬੈਂਸ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ ਗਿਆ।

# 3 ਦਿਨਾਂ ਗੁਰਮਤਿ ਸਮਾਗਮ ਗੁਰਦਵਾਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਵਿਚ ਵਿਖੇ ਚੜ੍ਹਦੀ ਕਲਾ ਵਿੱਚ ਸੰਪੂਰਨ ਹੋਏ

**ਸੈਕਰਾਮੈਂਟੋ–** ਸਾਹਿਬ-ਏ-ਕਮਾਲ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 23 ਪੋਹ ਮੂਲ ਨਾਨਕਸ਼ਾਹੀ (5 ਜਨਵਰੀ) ਅਤੇ ਸ਼ਹੀਦ ਭਾਈ ਕੇਹਰ ਸਿੰਘ ਅਤੇ ਭਾਈ ਸਤਵੰਤ ਸਿੰਘ ਦੇ ਸ਼ਹੀਦੀ ਦਿ-ਹਾੜੇ ਨੂੰ ਸਮਰਪਿਤ 3 ਦਿਨਾਂ ਗੁਰਮਤਿ ਸਮਾਗਮ ਗੁਰਦਵਾਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਵਿਚ ਵਿਖੇ ਚੜਦੀ ਕਲਾ ਵਿੱਚ ਸੰਪੂਰਨ ਹੋਏ। ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਕੁਲਵਿੰਦਰ ਸਿੰਘ ਕੈਲੀਫੋਰਨੀਆ ਦੇ ਪ੍ਰੀਵਾਰ ਅਤੇ ਸਮੂਹ ਸੰਗਤ ਵੱਲੋਂ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਨਿਭਾਈ ਗਈ। ਗੁਰਬਾਣੀ ਦੇ ਰਸ ਭਿੰਨੇ ਕੀਰਤਨ ਦੀ ਸੇਵਾ ਭਾਈ ਹਰਮੇਸ਼ ਸਿੰਘ ਦੇ ਜਥੇ ਨੇ ਨਿਭਾਈ। ਪੰਥ ਦੇ ਨਿੱਧੜਕ ਪ੍ਰਚਾਰਕ ਭਾਈ ਸਰਬਜੀਤ





ਸਿੰਘ ਧੂੰਦਾ ਜੀ ਨੇ ਤਿੰਨੇ ਦਿਨ ਗੁਰਮਤਿ ਦੀ ਵਿਚਾਰ ਅਤੇ ਇਤਿਹਾਸ ਦੀ ਸਾਂਝ ਪਾਈ। ਸਰਬਜੀਤ ਸਿੰਘ ਧੂੰਦਾ ਜੀ ਤੋਂ ਗੁਰਮਤਿ ਵਿਚਾਰਾਂ ਸੁਨਣ ਲਈ ਦੂਰ-ਦੁਰੇਡੇ ਤੋਂ ਸੰਗਤਾਂ ਨੇ ਤਿੰਨੇ ਦਿਨ ਹਾਜ਼ਰੀ ਲਗਾਈ। ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਵੀ ਧੂੰਦਾ ਜੀ ਨੇ ਪੁਰਜ਼ੋਰ ਵਿਚਾਰ ਪੇਸ਼ ਕੀਤੇ। ਸੰਗਤਾਂ ਨੇ ਬੜੇ ਉਤਸ਼ਾਹ ਨਾਲ ਭਾਈ ਧੂੰਦਾ ਜੀ ਦੀਆਂ ਵਿਚਾਰ ਨੂੰ ਸਰਵਣ ਕੀਤਾ ਅਤੇ ਆਪਣੇ ਸਵਾਲਾਂKਸ਼ੰਕਿਆਂ ਸਬੰਧੀ ਵੀ ਭਾਈ ਧੂੰਦਾ ਜੀ ਨਾਲ ਖੁੱਲੀਆਂ ਵਿਚਾਰਾਂ ਕੀਤੀਆਂ। ਸਮਾਗਮ ਉਪ੍ਰੰਤ ਸੰਗਤਾਂ ਨੇ ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਕੈਲੰਡਰ ਤੇ ਪਹਿਰਾ ਦੇਣ ਦਾ ਅਹਿਦ ਲਿਆ। ਗੁਰਦਵਾਰਾ ਦਸ਼ਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ, ਇਸ ਸਾਲ ਵੀ ਭਾਰੀ ਮਾਤਰਾ ਵਿੱਚ ਛਪਵਾਏ ਗਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਜੈਕਾਰਿਆਂ ਦੀ ਗੂੰਜ ਵਿਚ ਜਾਰੀ ਕੀਤਾ ਗਿਆ।

**– ਮਨਜੀਤ ਸਿੰਘ**

# ਗੈਰ ਵਿਗਿਆਨਕ ਗੱਲ ਕਹਿਣ ’ਤੇ ਮੰਚ ਤੋਂ ਉਤਾਰਨ ਦਾ ਮਤਾ ਪਾਸ

## ਇੰਡੀਅਨ ਸਾਇੰਸ ਕਾਂਗਰਸ ਨੇ ਲਿਆ ਸਖਤ ਫੈਸਲਾ, ਬੁਲਾਰਿਆਂ ਨੂੰ ਭਾਸ਼ਣ ਦਾ ਪਹਿਲਾਂ ਦੇਣਾ ਪਵੇਗਾ ਉਤਾਰਾ, ਵਿਵਾਦਿਤ ਭਾਸ਼ਣ ਕਾਰਨ ਸਹਿਣੀ ਪਈ ਸੀ ਨਮੋਸ਼ੀ

**ਜਲੰਧਰ–** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ’ਚ ਪੰਜ ਦਿਨ ਚੱਲੀ ਇੰਡੀਅਨ ਸਾਇੰਸ ਕਾਂਗਰਸ ਦੀ ਸਮਾਪਤੀ ਮੌਕੇ ਐਸੋਸੀਏਸ਼ਨ ਦੀ ਜਨਰਲ ਬਾਡੀ ਤੇ ਕਾਰਜਕਾਰਨੀ ਕਮੇਟੀ ਵਿਚ ਮਤਾ ਪਾਸ ਕੀਤਾ ਗਿਆ ਕਿ ਭਵਿੱਖ ਵਿਚ ਕਿਸੇ ਨੂੰ ਵੀ ਗੈਰ ਵਿਗਿਆਨਕ ਭਾਸ਼ਣ ਦੇਣ ਦੀ ਆਗਿਆ ਨਹੀਂ ਦਿੱਤੀ ਜਾਵੇਗ। ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ. ਮਨੋਜ ਚੱਕਰਵਰਤੀ ਨੇ ਦੱਸਿਆ ਕਿ ਜਿਹੜੇ ਵੀ ਬੁਲਾਰੇ ਨੂੰ ਸੱਦਿਆ ਜਾਵੇਗਾ ਉਸ ਕੋਲੋਂ ਪਹਿਲਾਂ ਬੋਲਣ ਵਾਲੇ ਭਾਸ਼ਣ ਦਾ ਇਕ ਉਤਾਰਾ ਲਿਆ ਜਾਵੇਗਾ ਤੇ ਨਾਲ ਹੀ ਬੁਲਾਰੇ ਕੋਲੋਂ ਲਿਖਤੀ ਤੌਰ ’ਤੇ ਲਿਆ ਜਾਵੇਗਾ ਕਿ ਉਹ ਆਪਦੇ ਭਾਸ਼ਣ ਵਿਚ ਕੋਈ ਵੀ ਗੈਰ ਵਿਗਿਆਨਕ ਗੱਲ ਨਹੀਂ ਕਹੇਗਾ।

ਇੰਡੀਅਨ ਸਾਇੰਸ ਕਾਂਗਰਸ ਐਸੋਸੀਏਸ਼ਨ ਦੀ ਜਨਰਲ ਬਾਡੀ ਨੇ ਇਹ ਸਖਤ ਫੈਸਲਾ ਦੋ ਬੁਲਾਰਿਆਂ ਵੱਲੋਂ ਦਿੱਤੇ ਗਏ ਗੈਰ ਵਿਗਿਆਨਕ ਬਿਆਨਾਂ ਤੋਂ ਬਾਅਦ ਲਿਆ ਹੈ। ਉਹਨਾਂ ਦੇ ਬਿਆਨਾਂ ਨਾਲ ਐਸੋਸੀਏਸ਼ਨ ਨੂੰ ਵੀ ਨਮੋਸ਼ੀ ਝੱਲਣੀ ਪਈ ਸੀ। ਵਿਵਾਦਿਤ ਬਿਆਨਾਂ ਵਿਚ ਦਾਅਵਾ ਕੀਤਾ ਗਿਆ ਸੀ ਕਿ ਕੌਰਵ ਟੈਸਟ ਟਿਊਬ ਬੇਬੀ ਸਨ, ਰਾਵਣ ਕੋਲ 42 ਪੁਸ਼ਪ ਵਾਹਨ ਸਨ, ਰਾਮ ਚੰਦਰ ਕੋਲ ਬ੍ਰਹਮ ਅਸਤਰ ਸਨ।



ਐਸੋਸੀਏਸ਼ਨ ਨੇ ਇਹ ਫੈਸਲਾ ਵੀ ਕੀਤਾ ਕਿ ਬੱਚਿਆਂ ਦੀ ਸਾਇੰਸ ਕਾਂਗਰਸ ਦੌਰਾਨ ਉਥ ਜਥੇਬੰਦੀ ਦਾ ਚੇਅਰਮੈਨ ਵੀ ਹਾਜ਼ਰ ਰਹੇਗਾ। ਜੇਕਰ ਬੁਲਾਰਿਆਂ ਵਿਚੋਂ ਕੋਈ ਗੈਰ ਵਿਗਿਆਨਕ ਭਾਸ਼ਣ ਦਿੰਦਾ ਹੈ ਤਾਂ ਉਸ ਨੂੰ ਮੌਕੇ ’ਤੇ ਹੀ ਟੋਕਿਆ ਜਾਵੇਗਾ। ਇਸ ਦੇ ਬਾਵਜੂਦ ਵੀ ਜੇਕਰ ਉਹ ਆਪਣਾ ਭਾਸ਼ਣ ਜਾਰੀ ਰੱਖਦਾ ਹੈ ਤਾਂ ਉਸ ਨੂੰ ਮੰਚ ਤੋਂ ਹੇਠਾਂ ਉਤਾਰ ਦਿੱਤਾ ਜਾਵੇਗਾ। ਪ੍ਰੋ. ਚੱਕਰਵਰਤੀ ਨੇ ਦੱਸਿਆ ਕਿ ਜਥੇਬੰਦੀ ਦੋ ਜਣਿਆਂ ਵੱਲੋਂ ਦਿੱਤੇ ਗੈਰ ਵਿਗਿਆਨਕ ਭਾਸ਼ਣ ਕਾਰਨ ਨਿਰਾਸ਼ ਹੈ। ਭਵਿੱਖ ਵਿਚ ਅਜਿਹੀਆਂ ਗੱਲਾਂ ਨੂੰ ਸਖਤ ਨਾਲ ਰੋਕਿਆ ਜਾਵੇਗਾ ਤੇ ਜੇਕਰ ਅਜਿਹਾ ਕੋਈ ਬੋਲਦਾ ਹੈ ਤਾਂ ਉਸ ਨੂੰ ਇਸ ਦੇ ਤੱਥ ਤੇ ਪ੍ਰਮਾਣ ਦੇਣੇ ਪੈਣਗੇ, ਨਹੀਂ ਤਾਂ ਉਸ ਦੇ ਭਾਸ਼ਣ ਨੂੰ ਵਿਚੋਂ ਹੀ ਟੋਕ ਕੇ ਉਸ ਨੂੰ ਰੋਕਿਆ ਜਾਵੇਗਾ। ਦੱਸਣਯੋਗ ਹੈ ਕਿ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ. ਨਗੇਸ਼ਵਰ ਰਾਓ ਨੇ ਦਾਅਵਾ ਕੀਤਾ ਸੀ ਕਿ ਕੌਰਵ ਟੈਸਟ ਟਿਊਬ ਬੇਬੀ ਸਨ। ਉਹਨਾਂ ਇਹ ਦਾਅਵਾ ਵੀ ਕੀਤਾ ਕਿ ਮਹਾਂਭਾਰਤ ਦੇ ਸਮੇਂ ਵੀ ਇਹ ਤਕਨੀਕ ਮੌਜੂਦ ਸੀ। ਇਸ ਬਿਆਨ ਨਾਲ ਦੇਸ਼ ਵਿਚ ਤਰਥੱਲੀ ਮੱਚ ਗਈ ਸੀ। ਜਥੇਬੰਦੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਕਿਹਾ ਕਿ ਇਸ ਗੱਲ ਦੇ ਕੋਈ ਵੀ ਤੱਥ ਪ੍ਰਮਾਣ ਨਹੀਂ ਸਨ ਜਦਕਿ ਸਾਇੰਸ ਤੱਥਾਂ ਅਤੇ ਤਜਰਬਿਆਂ ਆਧਾਰਿਤ ਹੁੰਦੀ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਸ਼ੋਕ ਮਿੱਤਲ ਨੇ ਸਭ ਦਾ ਧੰਨਵਾਦ ਕੀਤਾ।

**– ਪਾਲ ਸਿੰਘ ਨੌਲੀ**

# ਮਡੇਰਾ ਨਿਵਾਸੀ ਟਰੱਕ ਡਰਾਈਵਰ ਦਰਸ਼ਨ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ

**ਫਰਿਜ਼ਨੋ , (ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਕੈਲੀਫੋਰਨੀਆ ਸੂਬੇ ਦੇ ਫਰਿਜ਼ਨੋ ਨੇੜਲੇ ਸ਼ਹਿਰ ਮਡੇਰੇ ’ਚ ਰਹਿਣ ਵਾਲੇ ਪੰਜਾਬੀ ਮੂਲ ਦੇ ਇਕ ਟਰੱਕ ਡਰਾਈਵਰ ਦਰਸ਼ਨ ਸਿੰਘ ਦੀ ਸੜਕ ਹਾਦਸੇ ’ਚ ਮੌਤ ਹੋ ਗਈ। ਮ੍ਰਿਤਕ ਦਾ ਪਿਛੋਕੜ ਪੰਜਾਬ ਦੇ ਪਿੰਡ ਦੌਧਰ ਨਾਲ ਦੱਸਿਆ ਜਾਂਦਾ ਹੈ। ਦਰਸ਼ਨ ਸਿੰਘ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ’ਚ ਟਰੱਕ ਚਲਾ ਰਹੇ ਸਨ ਅਤੇ ਬੀਤੇ ਦਿਨ ਨਿਊਯਾਰਕ ਤੋਂ ਵਾਪਸੀ ਸਮੇਂ ਸੜਕ ਦੁਰਘਟਨਾ ’ਚ ਉਨ੍ਹਾਂ ਦੀ ਮੌਤ ਹੋ ਗਈ। ਦਰਸ਼ਨ ਸਿੰਘ ਚਾਰ ਭੈਣਾਂ ਦਾ ਇਕ-ਲੌਤਾ ਭਰਾ ਸੀ। ਉਹ ਆਪਣੇ ਪਿੱਛੇ ਧੀ-ਪੁੱਤ ਅਤੇ ਪਤਨੀ ਨੂੰ ਛੱਡ ਗਏ ਹਨ। ਉਨ੍ਹਾਂ ਦੀ



ਅਚਨਚੇਤ ਮੌਤ ਕਾਰਨ ਫਰਿਜ਼ਨੋ ਕੈਲੀਫੋਰਨੀਆ ਦੇ ਏਰੀਏ ਦਾ ਪੂਰਾ ਪੰਜਾਬੀ ਭਾਈਚਾਰਾ ਸੋਗ ਵਿੱਚ ਹੈ। ਜਾਣਕਾਰੀ ਅਨੁਸਾਰ ਦਰਸ਼ਨ ਸਿੰਘ ਓਟਾਵਾ ਸ਼ਹਿਰ ਨੇੜੇ ਫਰੀਵੇਅ 35 ’ਤੇ ਸ਼ਨੀਵਾਰ ਸਵੇਰੇ ਤਕਰੀਬਨ 5 ਵਜੇ ਸਫਰ ਕਰ ਰਿਹਾ ਸੀ। ਇੱਥੇ ਪਹਿਲਾਂ ਹੀ ਇਕ ਸੜਕ ਹਾਦਸਾ ਵਾਪਰਿਆ ਹੋਇਆ ਸੀ ਅਤੇ ਅਚਾਨਕ ਉਸ ਦਾ ਟਰੱਕ ਵੀ ਕੰਟਰੋਲ ਤੋਂ ਬਾਹਰ ਹੋ ਗਿਆ ਅਤੇ ਇਕ ਵਾਹਨ ਨਾਲ ਟਕਰਾਅ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ।

# ਹਰਿਮੰਦਰ ਸਾਹਿਬ ਵਿੱਚ ਫੋਟੋ ਖਿੱਚਣ ’ਤੇ ਲਾਈ ਰੋਕ ਤੋਂ ਸੰਗਤ ਨਿਰਾਸ਼

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਕਿਸੇ ਤਰ੍ਹਾਂ ਦੀ ਵੀ ਫੋਟੋਗਰਾਫੀ, ਵੀਡੀਓਗ੍ਰਾਫੀ ਅਤੇ ਸੈਲਫੀ ਆਦਿ ਲੈਣ ’ਤੇ ਰੋਕ ਲਗਾ ਦਿੱਤੀ ਹੈ। ਇਸ ਫ਼ੈਸਲੇ ਨਾਲ ਇੱਥੇ ਦੂਰ ਦੁਰਾਡੇ ਤੋਂ ਆਉਣ ਵਾਲੀ ਸੰਗਤ ਨੂੰ ਨਿਰਾਸ਼ਾ ਹੋਈ ਹੈ। ਦੂਜੇ ਪਾਸੇ ਸਿੱਖ ਵਿਦਵਾਨਾਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਸ਼੍ਰੋਮਣੀ ਕਮੇਟੀ ਨੇ ਬੀਤੀ ਦੇਰ ਸ਼ਾਮ ਹੁਕਮ ਜਾਰੀ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਵੀਡੀਓਗ੍ਰਾਫੀ, ਫੋਟੋਗ੍ਰਾਫੀ ਅਤੇ ਸੈਲਫੀ ਆਦਿ ਲੈਣ ’ਤੇ ਰੋਕ ਲਾ ਦਿੱਤੀ ਹੈ ਤੇ ਇਸ ਸਬੰਧੀ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ’ਚ ਲਿਖੇ ਬੋਰਡ ਵੀ ਪਰਿਕਰਮਾ ਵਿੱਚ ਵੱਖ ਵੱਖ ਥਾਵਾਂ ’ਤੇ ਲਾਏ ਗਏ ਹਨ। ਸ਼੍ਰੋਮਣੀ ਕਮੇਟੀ ਨੇ ਇੱਥੇ ਫਿਲਮਾਂ ਆਦਿ ਦੀ ਸ਼ੂਟਿੰਗ ’ਤੇ ਪਹਿਲਾਂ ਹੀ ਰੋਕ ਲਗਾਈ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਇਹ ਪਾਬੰਦੀ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਦੇ ਮੱਦੇਨਜ਼ਰ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਵੱਲੋਂ ਹੀ ਫੋਟੋਗ੍ਰਾਫੀ ਬੰਦ ਕਰਨ ਲਈ ਕਈ ਵਾਰ ਪਹੁੰਚ ਕੀਤੀ ਗਈ ਸੀ। ਇਸ ਧਾਰਮਿਕ ਅਸਥਾਨ ਦੀ ਪਵਿੱਤਰਤਾ ਦੇ ਮੱਦੇਨਜ਼ਰ ਇਸ ਫ਼ੈਸਲੇ ਨੂੰ ਦੇਖਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਹ ਰੂਹਾਨੀ ਅਸਥਾਨ ਸਮੁੱਚੇ ਵਿਸ਼ਵ ਦੀ ਸੰਗਤ ਲਈ ਅਧਿਆਤਮਕ ਸੋਮਾ ਹੈ ਅਤੇ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ। ਇਸੇ ਲਈ ਇਹ ਰੋਕ ਲਾਈ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਸ਼ਰਧਾ ਜਾਂ ਸਤਿਕਾਰ ਨਾਲ ਫੋਟੋ ਖਿਚਵਾਉਣਾ ਚਾਹੁੰਦਾ ਹੈ ਤਾਂ ਸੇਵਾਦਾਰ ਉਸ ਦੀ ਮਦਦ ਕਰਨਗੇ। ਇਸੇ ਤਰ੍ਹਾਂ ਮੀਡੀਆ ਕਵਰੇਜ ਵਾਸਤੇ ਵੀ ਕੁਝ ਥਾਵਾਂ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ ਅਤੇ ਸਮੁੱਚੀ ਪਰਿਕਰਮਾ ਵਿੱਚ ਮੀਡੀਆ ਕਵਰੇਜ ਤੋਂ ਰੋਕ ਦਿੱਤਾ ਹੈ।

# ਧੀਆਂ ਪੰਜਾਬ ਦੀਆਂ: ਇੱਕ ਮੁਨਸ਼ੀ ਤੇ ਦੂਜੀ ਪਟਵਾਰੀ

**ਬਠਿੰਡਾ–** ਪੰਜਾਬ ਦੀਆਂ ਧੀਆਂ ਨੇ ਇਹ ਨਵੀਂ ਪੁਲਾਂਘ ਪੁੱਟੀ ਹੈ। ਇੱਕ ਧੀ ਮੁਨਸ਼ੀ ਤੇ ਦੂਜੀ ਪਟਵਾਰੀ। ਧੀਆਂ ਪਾਈਲਟ ਤਾਂ ਬਣੀਆਂ ਹੀ ਹਨ। ਹੁਣ ਜ਼ਮੀਨਾਂ ਦੀ ਮਿਣਤੀ ਤੇ ਤਕਸੀਮਾਂ ਦਾ ਖ਼ਾਕਾ ਵੀ ਕੁੜੀਆਂ ਵਾਹੁਣਗੀਆਂ। ਪੰਜਾਬ ਦੇ ਪਟਵਾਰ ਘਰਾਂ ਵਿਚ ਹੁਣ ਕੁੜੀਆਂ ਬੈਠਣਗੀਆਂ।

ਪੰਜਾਬ ਸਰਕਾਰ ਤਰਫ਼ੋਂ ਜੋ ਪਟਵਾਰੀਆਂ ਦੀ ਨਵੀਂ ਭਰਤੀ ਕੀਤੀ ਗਈ ਹੈ, ਉਸ ਵਿਚ 110 ਕੁੜੀਆਂ ਪਟਵਾਰੀ ਵਜੋਂ ਭਰਤੀ ਹੋਈਆਂ ਹਨ। ਕੋਈ ਕੁੜੀ ਐਮਟੈਕ ਹੈ ਤੇ ਕੋਈ ਪੀਐਚ.ਡੀ ਕਰ ਰਹੀ ਹੈ। ਇਨ੍ਹਾਂ ਕੁੜੀਆਂ ਨੂੰ ਸਿਖਲਾਈ ਮੁਕ-ਮਲ ਹੋਣ ਮਗਰੋਂ ਨਿਯੁਕਤੀ ਪੱਤਰ ਮਿਲ ਗਏ ਹਨ। ਆਉਂਦੇ ਦਿਨਾਂ ’ਚ ਕਈ ਪਿੰਡਾਂ ਦੇ ਪਟਵਾਰ ਘਰਾਂ ਵਿਚ ਕੁੜੀਆਂ ਨਜ਼ਰ ਪੈਣਗੀਆਂ। ਪੁਰਾਣੇ ਵੇਲਿਆਂ ’ਚ ਇਹ ਬੋਲ ਕੰਨਾਂ ’ਚ ਗੂੰਜਦੇ ਹੁੰਦੇ ਸਨ ’ਦੋ ਵੀਰ ਦੇਈਂ ਵੇ ਰੱਬਾ, ਇੱਕ ਮੁਨਸ਼ੀ ਤੇ ਇੱਕ ਪਟਵਾਰੀ’। ਪੰਜਾਬ ਵਿਚ ਪਹਿਲੀ ਦਫ਼ਾ ਪਟਵਾਰੀ



ਲੱਗਣ ਵਾਸਤੇ ਕੁੜੀਆਂ ਨਿੱਤਰੀਆਂ ਹਨ। ਉਂਜ, ਤਰਸ ਦੇ ਆਧਾਰ ’ਤੇ ਦਿੱਤੀਆਂ ਨੌਕਰੀਆਂ ਤਹਿਤ ਕੁੱਝ ਕੁੜੀਆਂ ਪਹਿਲਾਂ ਵੀ ਪਟਵਾਰ ਘਰਾਂ ਵਿਚ ਪੁੱਜੀਆਂ ਸਨ। ਨਵੀਂ ਭਰਤੀ ਵਜੋਂ ਕੁੜੀਆਂ ਪਹਿਲੀ ਵਾਰ ਪਟਵਾਰ ਘਰਾਂ ਵੱਲ ਤੁਰੀਆਂ ਹਨ। ਪੰਜਾਬ ਸਰਕਾਰ ਵਲੋਂ 1227 ਪਟਵਾਰੀ ਨਿਯੁਕਤ ਕਰਨ ਵਾਸਤੇ 2016 ਵਿਚ ਪ੍ਰਕਿਰਿਆ ਸ਼ੁਰੂ ਕੀਤੀ ਗਈ। ਕਰੀਬ 65000 ਉਮੀਦਵਾਰਾਂ ਦੀ ਮੈਰਿਟ ਸੂਚੀ ਬਣੀ। ਨਿਯੁਕਤੀ ਮਗਰੋਂ ਇਨ੍ਹਾਂ ਉਮੀਦਵਾਰਾਂ ਨੇ ਇੱਕ ਵਰ੍ਹਾ ’ਸਟੇਟ ਪਟਵਾਰ ਸਕੂਲ ਜਲੰਧਰ’ ਅਤੇ ਦਰਜਨ ਜ਼ਿਲਿਆਂ ਵਿਚ ਬਣਾਏ ਆਰਜ਼ੀ ਪਟਵਾਰ ਸਕੂਲਾਂ ਵਿਚ ਸਿਖਲਾਈ ਲਈ। ਉਸ ਮਗਰੋਂ ਛੇ ਮਹੀਨੇ ਫ਼ੀਲਡ ਵਿਚ ਸਿਖਲਾਈ ਲਈ। ਹੁਣ ਇਨ੍ਹਾਂ ਉਮੀਦਵਾਰਾਂ ਨੂੰ ਸਟੇਸ਼ਨਾਂ ਦੀ ਅਲਾਟਮੈਂਟ ਕੀਤੀ ਜਾਣ ਲੱਗੀ ਹੈ। ਇਨ੍ਹਾਂ ਉਮੀਦਵਾਰਾਂ ਵਿਚ 110 ਕੁੜੀਆਂ ਵੀ ਸ਼ਾਮਿਲ ਹਨ, ਜੋ ਉੱਚ ਸਿੱਖਿਆ ਹਾਸਲ ਹਨ। ਬਠਿੰਡਾ ਜ਼ਿਲੇ ਵਿਚ 11 ਅਤੇ ਮੋਗਾ ਜ਼ਿਲੇ ਵਿਚ ਤਿੰਨ ਕੁੜੀਆਂ ਨੂੰ ਨਿਯੁਕਤੀ ਪੱਤਰ ਮਿਲੇ ਹਨ।

# ਭਾਰਤ ਨੇ ਆਸਟਰੇਲੀਆ ਵਿੱਚ ਪਹਿਲੀ ਵਾਰ ਜਿੱਤੀ ਟੈਸਟ ਸੀਰੀਜ਼ ਜਿੱਤ ਕੇ ਬਣਾਇਆ ਇਤਿਹਾਸ

ਭਾਰਤੀ ਕ੍ਰਿਕਟ ਟੀਮ ਨੇ ਉਹ ਇਤਿਹਾਸ ਬਣਾ ਦਿੱਤਾ ਹੈ ਜਿਸਦਾ ਇੰਤਜ਼ਾਰ 72 ਸਾਲਾ ਤੋਂ ਸੀ। ਭਾਰਤੀ ਕ੍ਰਿਕਟ ਟੀਮ ਨੇ ਪਹਿਲੀ ਵਾਰ ਆਸਟਰੇਲੀਆ 'ਚ ਕਿਸੇ ਟੈਸਟ ਸੀਰੀਜ਼ 'ਚ ਜਿੱਤ ਹਾਸਿਲ ਕੀਤੀ ਹੈ।

ਸਿਡਨੀ ਟੈਸਟ ਦੇ ਪੰਜਵੇਂ ਦਿਨ ਮੀਂਹ ਕਰਕੇ ਮੈਚ ਨੂੰ ਸਮੇਂ ਤੋਂ ਪਹਿਲਾਂ ਡ੍ਰਾਅ ਐਲਾਨ ਕੀਤੇ ਜਾਣ ਦੇ ਨਾਲ ਹੀ ਭਾਰਤ ਨੇ ਚਾਰ ਟੈਸਟ ਮੈਚਾਂ ਦੀ ਮੌਜੂਦਾਂ ਸੀਰੀਜ਼ ਨੂੰ 2-1 ਤੋਂ ਜਿੱਤ ਲਿਆ ਹੈ। ਇਸ ਜਿੱਤ ਨਾਲ ਹੀ ਭਾਰਤੀ ਕ੍ਰਿਕਟ ਟੀਮ ਨੇ ਗਾਵਸਕਰ-ਬਾਰਡਰ ਟਰਾਫੀ 'ਤੇ ਕਬਜ਼ਾ ਕਰ ਲਿਆ ਹੈ। ਉਹ ਪੰਜ ਖਿਡਾਰੀ ਜਿਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ

**ਚੇਤੇਸ਼ਵਰ ਪੁਜਾਰਾ**

ਪੂਰੀ ਟੈਸਟ ਸੀਰੀਜ਼ ਵਿੱਚ ਪੁਜਾਰਾ ਨੇ ਆਪਣੇ ਬੱਲੇ ਦਾ ਕਮਾਲ ਦਿਖਾਇਆ। ਚੇਤੇਸ਼ਵਰ ਪੁਜਾਰਾ ਨੂੰ ਮੈਨ ਆਫ ਦਿ ਸੀਰੀਜ਼ ਚੁਣਿਆ ਗਿਆ। ਉਨ੍ਹਾਂ ਨੇ ਸੀਰੀਜ਼ 'ਚ 74 ਦੀ ਔਸਤ 521 ਦੌੜਾਂ ਬਣਾਈਆਂ ਅਤੇ ਇਸ ਸੀਰੀਜ਼ 'ਚ ਪੁਜਾਰਾ ਨੇ ਤਿੰਨ ਸੈਂਕੜੇ ਲਗਾਏ।

**ਜਸਪ੍ਰੀਤ ਬੁਮਰਾਹ**

ਬੁਮਰਾਹ ਨੇ ਸੀਰੀਜ਼ ਵਿੱਚ ਗੇਂਦਬਾਜ਼ੀ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਨੈਥਨ ਲਾਇਨ ਨਾਲ ਮਿਲ ਕੇ 21 ਵਿਕਟਾਂ ਲਈਆਂ। ਬੁਮਰਾਹ ਦਾ ਚੰਗਾ ਪ੍ਰਦਰਸ਼ਨ ਰਿਹਾ 33 ḳ6, ਮੈਲਬਰਨ ਟੈਸਟ ਜਿਤਾਉਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ।



**ਮੋਹੰਮਦ ਸ਼ਮੀ**

ਸੀਰੀਜ਼ ਜਿਤਾਉਣ ਵਿੱਚ ਤੇਜ਼ ਗੇਂਦਬਾਜ਼ੀ ਦੀ ਵੀ ਹਿੱਸੇਦਾਰੀ ਰਹੀ। ਉਨ੍ਹਾਂ ਨੇ ਇਸ ਸੀਰੀਜ਼ ਵਿੱਚ 16 ਵਿਕਟਾਂ ਲਈਆਂ। ਉਨ੍ਹਾਂ ਦਾ ਸਭ ਤੋਂ ਵਧੀਆ ਪ੍ਰਦਰਸ਼ਨ 56 ਦੌੜਾਂ ਦੇ ਕੇ 6 ਵਿਕਟਾਂ ਰਿਹਾ।

**ਮਯੰਕ ਅਗਰਵਾਲ**

ਪ੍ਰੀਥਵੀ ਸ਼ਾਅ ਜ਼ਖਮੀ ਹੋਏ ਤਾਂ ਜਲਦਬਾਜ਼ੀ ਵਿੱਚ ਮਯੰਕ ਅਗਰਵਾਲ ਨੂੰ ਆਸਟਰੇਲੀਆ ਸੱਦਿਆ ਗਿਆ। ਅਗਰਵਾਲ ਨੇ ਇਸ ਸੀਰੀਜ਼ ਦੌਰਾਨ ਚੰਗਾ ਪ੍ਰਦਰਸ਼ਨ ਕਰਦਿਆਂ ਦੋ ਅਰਧ ਸੈਂਕੜੇ ਵੀ ਲਗਾਏ।

ਇਸ ਤੋਂ ਇਲਾਵਾ ਉਨ੍ਹਾਂ ਕਈ ਸ਼ਾਨਦਾਰ ਕੈਚ ਲੈ ਕੇ ਜਿੱਤ ਦਾ ਰਾਹ ਪੱਧਰਾ ਕੀਤਾ।

**ਵਿਰਾਟ ਕੋਹਲੀ**

ਹਾਲਾਂਕਿ ਕਪਤਾਨ ਵਿਰਾਟ ਕੋਹਲੀ ਦੇ ਬੱਲੇ ਵਿੱਚੋਂ ਦੌੜਾਂ ਜ਼ਿਆਦਾ ਤਾਂ ਨਹੀਂ ਨਿਕਲੀਆਂ ਪਰ ਉਨ੍ਹਾਂ ਦੀ ਕਪਤਾਨੀ ਕਮਾਲ ਦੀ ਰਹੀ। ਉਨ੍ਹਾਂ ਕਈ ਮੌਕਿਆਂ ਤੇ ਕਈ ਅਹਿਮ ਫੈਸਲੇ ਲੈ ਕੇ ਜਿੱਤ ਦੀ ਰਣਨੀਤੀ ਘੜੀ। ਦਿਲਚਸਪ ਗੱਲ ਇਹ ਹੈ ਕਿ ਵਿਰਾਟ ਨੇ ਸੀਰੀਜ਼ ਵਿੱਚ ਤਿੰਨ ਟਾਸ ਵੀ ਜਿੱਤੇ। ਇੱਕ ਸੈਂਕੜਾ ਤੇ ਅਰਧ ਸੈਂਕੜਾ ਲਾ ਕੇ ਵਿਰਾਟ ਕੋਹਲੀ ਨੇ ਕੁੱਲ 282 ਦੌੜਾਂ ਬਣਾਈਆਂ।

# ਕਰਤਾਰਪੁਰ ਲਾਂਘੇ ਲਈ ਰਾਜਨੀਤੀ ਤਿਆਗ ਕੇ ਸਹਿਮਤੀ ਪ੍ਰਗਟ ਕਰਨ ਦੀ ਅਪੀਲ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਸਿਆਟਲ ਦੇ ਬੁੱਧੀਜੀਵੀ ਤੇ ਕਾਰੋਬਾਰੀ ਲੋਕਾਂ ਨੇ ਅਪੀਲ ਕੀਤੀ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਰਾਜਨੀਤੀ ਤਿਆਗ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸਹਿਮਤੀ ਪ੍ਰਗਟ ਕਰਨੀ ਚਾਹੀਦੀ ਹੈ ਕਿਉਂਕਿ 71 ਸਾਲਾਂ ਬਾਅਦ ਸਿੱਖਾਂ ਦੀ ਅਰਦਾਸ ਮਨਜ਼ੂਰ ਹੋਈ ਹੈ। ਸਿੱਖ ਕੌਮ ਲਈ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੀ ਵਿਸ਼ੇਸ਼ ਮਹਾਨਤਾ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਿਛਲੇ 18 ਸਾਲ ਤੋਂ ਉਪਰ ਬਿਤਾਏ ਅਤੇ ਕਿਰਤ ਕਰਨੀ, ਵੰਡੀ ਛਕਣ ਦਾ ਉਪਦੇਸ਼ ਦਿੱਤਾ। ਦੇਸ਼ ਵਿਦੇਸ਼ 'ਚ ਬੈਠੇ ਹਰੇਕ ਸਿੱਖ ਦੀ ਤਮੰਨਾ ਹੈ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਜਾਣ। ਪਾਕਿਸਤਾਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬਾਨਾਂ ਨੇ ਦੋਹਾਂ ਮੁਲਕਾਂ ਵੱਲੋਂ ਸਹਿਮਤੀ ਪ੍ਰਗਟ ਕੀਤੀ ਜਾ ਚੁੱਕੀ ਹੈ।



ਸਿਆਟਲ ਦੇ ਬੁੱਧੀਜੀਵੀ ਹਰਦੇਵ ਸਿੰਘ ਤੇ ਨਾਮਵਰ ਕਾਰੋਬਾਰੀ ਰਾਜਬੀਰ ਸਿੰਘ ਸੰਧੂ ਨੇ ਦੱਸਿਆ ਕਿ ਕਰਤਾਰਪੁਰ ਦੇ ਲਾਂਘੇ ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ, ਸਗੋਂ ਹਰੇਕ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਸਹਿਮਤੀ ਦੇਣੀ ਚਾਹੀਦੀ ਹੈ। ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਤੇ ਮਨਮੋਹਨ ਸਿੰਘ ਧਾਲੀਵਾਲ ਨੇ ਦੋਹਾਂ ਸਰਕਾਰਾਂ ਦੀ ਸਹਿਮਤੀ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਕਰਤਾਰਪੁਰ ਲਾਂਘੇ ਨੂੰ ਚਾਲੂ ਕਰਨਾ ਚਾਹੀਦਾ ਹੈ।

# ਸਬਰੀਮਾਲਾ ਮੰਦਰ ਵਿਚ ਔਰਤਾਂ ਦੇ ਪ੍ਰਵੇਸ਼ ਨੂੰ ਲੈ ਕੇ ਹਿੰਸਾ ਜਾਰੀ

ਤਿਰੂਵਨੰਤਪੁਰਮ- ਕੇਰਲ ਦੇ ਸਰਬਰੀਮਾਲਾ ਮੰਦਰ ਵਿਚ ਔਰਤਾਂ ਦੇ ਪ੍ਰਵੇਸ਼ ਨੂੰ ਲ ਕੇ ਹਿੰਸਾ ਜਾਰੀ ਹੈ ਅਤੇ ਹੁਣ ਤੱਕ ਪੁਲਿਸ ਨੇ ਪ੍ਰਦਰਸ਼ਨ ਅਤੇ ਹਿੰਸਾ ਦੀਆਂ ਗਤੀਵਿਧੀਆਂ ਵਿਚ ਪਾਏ ਗਏ 6 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਰਾਜ ਵਿਚ ਜਾਰੀ ਹਿੰਸਾ ਦੇ ਮਾਮਲੇ ਵਿਚ 2182 ਕੇਸ ਦਰਜ ਕੀਤੇ ਗਏ ਹਨ।

ਵਰਣਨਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੇ ਸਾਲ 28 ਸਤੰਬਰ ਨੂੰ ਸਬਰੀਮਾਲਾ ਮੰਦਰ ਵਿਚ ਸਾਰੀ ਉਮਰ ਦੀਆਂ ਔਰਤਾਂ ਦੇ ਪ੍ਰਵੇਸ਼ ਦੀ ਆਗਿਆ ਦਿੱਤੀ ਸੀ, ਜਿਸ ਤੋਂ ਬਾਅਦ ਦੋ ਔਰਤਾਂ ਨੇ ਭਗਵਾਨ ਅਯੱਪਾ ਦੇ ਮੰਦਰ ਵਿਚ ਪ੍ਰਵੇਸ਼ ਕੀਤਾ ਸੀ, ਜਿਸ ਤੋਂ ਬਾਅਦ ਕੇਰਲ ਵਿਚ ਹਿੰਸਕ ਵਾਰਦਾਤਾਂ ਹੋਈਆਂ। ਕਨੂਰ ਸਮੇਤ ਕਈ ਜ਼ਿਲ੍ਹਿਆਂ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਝੜੱਪਾਂ ਹੋ ਰਹੀਆਂ ਹਨ। ਇਸ ਨੂੰ ਲੈ ਕੇ ਪੁਲਿਸ ਨੇ ਕਈ ਲੋਕਾਂ ਨੂੰ ਨਜਰਬੰਦ ਕਰਨ ਦੀ ਯੋਜਨਾ ਬਣਾਈ ਹੇ।

**ਪੁਲਿਸ ਸਟੇਸ਼ਨ ਤੇ ਸੁੱਟਿਆ ਬੰਬ**

ਕੇਰਲ ਦੇ ਤਿਰੂਵਨੰਤਪੁਰਮ ਤੋਂ ਹੈਰਾਨ ਕਰਨ ਵਾਲਾ ਵੀਡੀਓ ਵਾਇਰਲ ਹੋਇਆ ਹੈ। ਵੀਡੀਓ ਵਿਚ ਕੌਮੀ ਸਵੈਮਸੇਵਕ ਸੰਘ ਦਾ ਜ਼ਿਲ੍ਹਾ ਪ੍ਰਚਾਰਕ ਪੁਲਿਸ ਸਟੇਸ਼ਨ 'ਤੇ ਦੇਸੀ ਬੰਬ ਸੁੱਟਦਾ ਦੇਖਿਆ ਗਿਆ। ਸੰਘ ਜ਼ਿਲ੍ਹਾ ਪ੍ਰਚਰਕ ਨੇ ਇਹ ਹਮਲਾ ਸਰਬਰਮਾਲਾ ਮੰਦਰ ਵਿਚ 2 ਔਰਤਾਂ ਦੇ ਪ੍ਰਵੇਸ਼ ਦੇ ਵਿਰੋਧ ਵਿਚ ਕੀਤਾ ਹੈ।

ਇਸ ਸਬੰਧੀ ਪੁਲਿਸ ਨੇ ਸੰਘ ਜ਼ਿਲ੍ਹਾ ਪ੍ਰਚਾਰਕ ਨੂਰਾਨੰਦ ਪ੍ਰਵੀਣ ਸਮੇਤ 4 ਵਰਕਰਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਹ ਘਟਨਾ ਤਿਰੂਵਨੰਤਪੁਰਮ ਦੇ ਦਿਹਾਤੀ ਇਲਾਕੇ ਵਿਚ ਹੋਈ। ਦੋਸ਼ੀ ਫਿਲਹਾਲ ਫਰਾਰ ਹੈ।


# SRI GURU RAVIDASS TEMPLE

## 6221 16th Street, Rio Linda, California- 95673

**Guru Piari Sadh Sangat Ji,**

We are pleased to announce the following Akhand Paath Series and other programs at our Temple, Please do attend these programs and evoke Waheguru's blessings:

1. 01-04-2019 to 01-06-2019 (Akhand Paath from Gurdwara Sahib Parbhandak Committee)
2. 01-11-2019 to 01-13-2019 (Akhand Paath from Lashker S. Badhan & Inderjit Padwagga)
3. 01-18-2019 to 01-20-2019 (Akhand Paath from Head Granthi Bhai Jaspal Singh)
4. 01-25-2019 to 01-27-2019 (Akhand Paath from Post Office Workers)
5. 02-01-2019 to 02-03-2019 (Akhand Paath Sewa from Baljit Kaur & Family)
6. 02-06-2019 to 02-08-2019 (Akhand Paath Sewa from Vishal & Family)
7. 02-08-2019 to 02-10-2019 (Akhand Paath Sewa from Truck Drivers)
8. 02-15-2019 to 02-17-2019 (Akhand Paath Sewa from Virk Family)
9. 02-17-2019 to 02-19-2019 (Akhand Paath Sewa from Bhagwant Jassal & Mewa Ujagar)

   **NOTE:** On February 19th (Tuesday) at 10:30 AM to 2:30 PM, we are celebrating Shri Guru Ravidass Ji's Parkash Diwas, please attend this program too and evoke Waheguru Ji's Blessings.
10. 02-22-2019 to 02-24-2019 (Akhand Paath Sewa from Sacramento Bibiyan)
11. 03-01-2019 to 3-03-2019 (Akhand Paath Sewa from Naujawan Sabha of Sacramento)
12. 03-04-2019 to 03-06-2019 (Akhand Paath Sewa from Joginder Chumber)
13. 03-06-2019 to 03-08-2019 (Akhand Paath Sewa from Joginder Chumber)
14. 03-08-2019 to 03-10-2019 (Akhand Paath Sewa from Sangat of Sacramento)

**NOTE:**
Celebration of 19th Nagar Kirtan will be on March 10th 2019 at 10:30AM to 5:00PM
Please Contact Management Committee for any kind of Sewa.
May Waheguru keep all Sangat in Chardi Kala and fulfill their cherished desires.

**The Management Committee**
**Sri Guru Ravidass Sabha Sacramento**
**(916) 992-1710**


# ਬੁੱਧ ਧੰਮ ਹੀ ਕਿਉ?

ਅਸੀਂ ਬੁੱਧ ਧੰਮ ਨੂੰ ਹੀ ਕਿਉ ਅਖਤਿਆਰ ਕਰ ਰਹੇ ਹਾਂ, ਇਸ ਸਵਾਲ ਦਾ ਜਵਾਬ ਦਿੰਦਿਆਂ ਬਾਬਾ ਸਾਹਿਬ ਅੰਬੇਡਕਰ ਜੀ ਨੇ ਕਿਹਾ ਸੀ ਕਿ ਚੂੰਕਿ ਬੁੱਧ ਧੰਮ ਖਾਲਸ ਭਾਰਤੀ ਸੱਭਿਅਤਾ ਵਿੱਚੋਂ ਉਪਜਿਆ ਹੈ, ਇਹ ਗਿਆਨ ਦੀ ਕਸੌਟੀ ਤੇ ਪੂਰਾ ਉਤਰਦਾ ਹੈ, ਇਹ ਬਰਾਬਰੀ, ਇਨਸਾਫ ਅਤੇ ਸੂਝਵਾਦ ਤੇ ਅਧਾਰਿਤ ਹੈ । ਇਸ ਵਿੱਚ ਭਰੱਪਣ,ਮਨੁੱਖੀ ਪਿਆਰ ਅਤੇ ਅਪਣੱਤ ਹੈ, ਇਹ ਭਰਮਾਂ ਦੇ ਜਾਲ ਵਿੱਚ ਨਹੀਂ ਫਸਾਉਦਾ, ਇਸ ਵਿੱਚ ਕਰਮਕਾਂਡ ਅਤੇ ਪਾਖੰਡ ਨਹੀਂ, ਇਹ ਪਰੋਹਿਤਾ ਅਤੇ ਧਾਰਮਿਕ ਗ੍ਰੰਥਾਂ ਦੀ ਗੁਲਾਮੀ ਵਿੱਚ ਨਹੀਂ ਜਕੜਦਾ, ਨਾ ਇਹ ਸਵਰਗਾਂ ਜਾ ਮੁਕਤੀ ਦੇ ਲਾਰੇ ਲਾਉਂਦਾ ਹੈ ,ਇਸ ਵਿੱਚ ਜਾਦੂ ਟੂਣਿਆਂ ਦੀ ਕੋਈ ਥਾਂ ਨਹੀਂ ।ਬੁੱਧ ਧੰਮ ਆਤਮਾ ਪਰਮਾਤਮਾ ਦੇ ਚੱਕਰਾਂ ਵਿੱਚ ਵੀ ਨਹੀਂ ਉਲਝਾਓਦਾ । ਇਹ ਸ਼ੁਰੂ, ਮੱਧ ਅਤੇ ਅੰਤ ਵਿੱਚ ਕਲਿਆਣਕਾਰੀ ਹੈ । ਬੁੱਧ ਧੰਮ ਹੀ ਇੱਕ ਅਜਿਹਾ ਧੰਮ ਹੈ ਜਿਸ ਵਿੱਚ ਜਾਤ ਪਾਤ ਅਤੇ ਸਮਾਜੀ ਨਾ ਬਰਾਬਰੀ ਲਈ ਕੋਈ ਥਾਂ ਨਹੀਂ । ਇਹ ਸੱਭ ਨੂੰ ਉੱਨਤੀ ਦੇ ਇੱਕੋ ਜਿਹੇ ਮੌਕੇ ਪ੍ਰਦਾਨ ਕਰਦਾ ਹੈ । ਬੁੱਧ ਨੇ ਆਪਣੇ ਧੰਮ ਵਿੱਚ ਆਪਣੇ ਆਪ ਨੂੰ ਵੀ ਕੋਈ ਵਿਸ਼ੇਸ਼ ਥਾਂ ਜਾਂ ਦਰਜਾ ਨਹੀਂ ਦਿੱਤਾ । ਉਹਨਾਂ ਕਿਹਾ ਉਹ ਕੇਵਲ ਮਾਰਗ ਦਾਤਾ ਹਨ,ਮੁਕਤੀ ਦਾਤਾ ਨਹੀਂ।

**– ਬਾਬਾ ਸਾਹਿਬ ਅੰਬੇਡਕਰ**



# ਮੈਡੀਕਲ ਕੈਂਪ ਦੌਰਾਨ 177 ਲੋਕਾਂ ਨੂੰ ਚੈਕਅੱਪ ਤੋਂ ਬਾਅਦ ਦਿੱਤੀਆਂ ਗਈਆਂ ਦਵਾਈਆਂ ਮੁਫ਼ਤ

## ਆਉਣ ਵਾਲੇ ਸਮੇਂ 'ਚ ਇਸ ਤਰ੍ਹਾਂ ਦੇ ਕੈਂਪ ਹੋਰ ਵੀ ਲਗਾਏ ਜਾਣਗੇ : ਹਰਪ੍ਰੀਤ ਸੂਸ

**ਅਲਾਵਲਪੁਰ (ਮਦਨ ਬੰਗੜ)**– ਵਰਲਡ ਕੈਂਸਰ ਕੇਅਰ ਚੈਰੀਟੇਬਲ ਟਰੱਸਟ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਨਜ਼ਦੀਕੀ ਪਿੰਡ ਸਿਕੰਦਰਪੁਰ ਵਿਖੇ ਉੱਘੇ ਸਮਾਜ ਸੇਵਕ ਅਤੇ ਐਨਆਰਆਈ ਹਰਪ੍ਰੀਤ ਸਿੰਘ ਸੂਸ ਦੀ ਦੇਖ ਰੇਖ ਹੇਠ ਇੱਕ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ ਵੱਖ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਮੈਮੋਗ੍ਰਾਫੀ, ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ ਪੀ ਐੱਸ ਏ ਟੈਂਸਟ, ਔਰਤਾਂ ਤੇ ਮਰਦਾਂ ਦੇ ਮੂੰਹ ਦੇ ਕੈਂਸਰ ਦੀ ਜਾਂਚ, ਔਰਤਾਂ ਤੇ ਮਰਦਾਂ ਦੇ ਬਲੱਡ ਕੈਂਸਰ ਦੀ ਜਾਂਚ, ਔਰਤਾਂ ਤੇ ਮਰਦਾਂ ਦੀ ਸ਼ੂਗਰ ਤੇ ਬਲੱਡ ਪ੍ਰੈਸ਼ਰ ਟੈਂਸਟ, ਸ਼ੂਗਰ ਬਲੱਡ ਪ੍ਰੈਸ਼ਰ ਸਬੰਧੀ, ਅਤਿ ਆਧੁਨਿਕ ਤਕਨੀਕ ਨਾਲ 177 ਲੋਕਾਂ ਨੂੰ ਚੈਂਕਅਪ ਤੋਂ ਬਾਅਦ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ।




ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵਿਚ ਡਾ ਕੁਲਜੀਤ ਕੌਰ, ਡਾ ਗੁਲਸ਼ਨ , ਡਾ ਸੋਨੀਆ, ਡਾ ਮਨੀ, ਜਸਪ੍ਰੀਤ ਕੌਰ ਜੱਸੀ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਇਸ ਮੌਕੇ ਸਮੂਹ ਪਿੰਡ ਵਾਸੀਆਂ ਵੱਲੋਂ ਸਮੂਹ ਐਨ ਆਰ ਆਈ ਵੀਰਾਂ, ਹਰਪ੍ਰੀਤ ਸੂਸ, ਵਰਲਡ ਕੈਂਸਰ ਕੇਅਰ ਸੰਸਥਾ ਦੇ ਸੰਸਥਾਪਕ ਕੁਲਵੰਤ ਸਿੰਘ ਧਾਲੀਵਾਲ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ, ਜਿਨ੍ਹਾਂ ਵੱਲੋਂ ਇਸ ਮੈਡੀਕਲ ਕੈਂਪ ਨੂੰ ਸਫਲ ਕਰਨ ਲਈ ਸਹਿਯੋਗ ਕੀਤਾ।

# ਜਿੱਤੇ ਹੋਏ ਸਰਪੰਚ ਵੱਲੋਂ ਦਲਿਤ ਪਰਿਵਾਰ ਦੀ ਕੁੱਟਮਾਰ: ਐੱਸਸੀ ਕਮਿਸ਼ਨ ਨੇ 10 ਤੱਕ ਮੰਗੀ ਰਿਪੋਰਟ

**ਫ਼ਤਿਹਗੜ੍ਹ ਸਾਹਿਬ–** ਜ਼ਿਲ੍ਹੇ ਦੇ ਪਿੰਡ ਮੀਰਮੀਰਾਂ ਵਿਚ ਪੰਚਾਇਤੀ ਚੋਣਾਂ ਮਗਰੋਂ ਜਿੱਤੇ ਹੋਏ ਕਾਂਗਰਸੀ ਸਰਪੰਚ ਵੱਲੋਂ ਸਾਥੀਆਂ ਸਮੇਤ ਇਕ ਦਲਿਤ ਪਰਿਵਾਰ ਦੀ ਕੀਤੀ ਕੁੱਟਮਾਰ ਦਾ ਮਾਮਲਾ ਭਖ਼ ਗਿਆ ਹੈ। ਅੱਜ ਬਾਅਦ ਦੁਪਹਿਰ ਐੱਸਸੀ ਕਮਿਸ਼ਨ ਦੇ ਚੇਅਰਪਰਸਨ ਤੇਜਿੰਦਰ ਕੌਰ ਦੇ ਨਿਰਦੇਸ਼ਾਂ ਤਹਿਤ ਕਮਿਸ਼ਨ ਦੇ ਦੋ ਮੈਂਬਰ– ਰਾਜਕੁਮਾਰ ਹੰਸ ਅਤੇ ਦਰਸ਼ਨ ਸਿੰਘ ਸਿਵਲ ਹਸਪਤਾਲ ਫ਼ਤਿਹਗੜ੍ਹ ਸਾਹਿਬ ਵਿਚ ਪਹੁੰਚੇ ਅਤੇ ਪੀੜਤ ਦਲਿਤ ਪਰਿਵਾਰ ਦਾ ਹਾਲ ਚਾਲ ਪੁੱਛਿਆ। ਇਸ ਮੌਕੇ ਉਨ੍ਹਾਂ ਸਮੁੱਚੇ ਮਾਮਲੇ ਦੀ ਜਾਣਕਾਰੀ ਡੀਐੱਸਪੀ ਸੁਖਜੀਤ ਸਿੰਘ ਵਿਰਕ ਅਤੇ ਥਾਣਾ ਫ਼ਤਿਹਗੜ੍ਹ ਸਾਹਿਬ ਦੇ ਮੁੱਖ ਥਾਣਾ ਅਫ਼ਸਰ ਰੁਪਿੰਦਰ ਸਿੰਘ ਤੋਂ ਹਾਸਲ ਕੀਤੀ। ਐੱਸਸੀ ਕਮਿਸ਼ਨ ਨੇ ਸਮੁੱਚੇ ਮਾਮਲੇ ਦੀ ਐੱਫਆਈਆਰ ਪੜ੍ਹਨ ਮਗਰੋਂ ਏਐੱਸਪੀ ਫ਼ਤਿਹਗੜ੍ਹ ਸਾਹਿਬ ਨੂੰ ਨਿਰਪੱਖ ਜਾਂਚ ਕਰਨ ਤੋਂ ਬਾਅਦ 10 ਜਨਵਰੀ ਨੂੰ ਖ਼ੁਦ ਹਾਜ਼ਰ ਹੋ ਕੇ ਰਿਪੋਰਟ ਪੇਸ਼ ਕਰਨ ਦੀ ਹਦਾਇਤ ਦਿੱਤੀ। ਇਸ ਮੌਕੇ ਸ੍ਰੀ ਹੰਸ ਨੇ ਕਿਹਾ ਕਿ ਕਮਿਸ਼ਨ ਦਲਿਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਪੁਲੀਸ ਨੂੰ ਫਟਕਾਰ ਲਗਾਉਂਦਿਆਂ ਦੱਸਿਆ ਕਿ ਪੁਲੀਸ ਨੇ ਵਿਰੋਧੀ ਧਿਰ ਖ਼ਿਲਾਫ਼ ਆਈਪੀਸੀ ਦੀਆਂ ਧਾਰਾਵਾਂ 452, 323, 148 ਤੇ ਐੱਸਸੀ ਐੱਸਟੀ ਐਕਟ ਅਧੀਨ ਕੇਸ ਦਰਜ ਕੀਤਾ ਹੈ। ਉਨ੍ਹਾਂ ਪੁੱਛਿਆ ਕਿ ਕਥਿਤ ਦੋਸ਼ੀਆਂ ਉੱਪਰ 307 ਦੀ ਧਾਰਾ ਕਿਉਂ ਨਹੀਂ ਲਗਾਈ ਗਈ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੁਲੀਸ ਨੇ



ਕਰਾਸ ਕੇਸ ਅਧੀਨ ਦਲਿਤ ਪਰਿਵਾਰ ਉੱਪਰ 341, 23, 24 ਅਧੀਨ ਕੇਸ ਬਣਾਇਆ ਹੈ, ਜਿਸ ਨੂੰ ਖ਼ਾਰਜ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੁਲੀਸ ਨੂੰ ਨਿਰਪੱਖ ਜਾਂਚ ਕਰਨ ਦੇ ਸਖ਼ਤ ਆਦੇਸ਼ ਦਿੱਤੇ ਗਏ ਹਨ ਜੇਕਰ ਕਿਸੇ ਪੁਲੀਸ ਮੁਲਾਜ਼ਮ ਨੇ ਉਕਤ ਮਾਮਲੇ ਵਿਚ ਕੋਈ ਵੀ ਢਿੱਲ ਮੱਠ ਦਿਖਾਈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਮਿਸ਼ਨ ਫ਼ਤਿਹਗੜ੍ਹ ਸਾਹਿਬ ਪੁਲੀਸ ਵੱਲੋਂ ਹੁਣ ਤੱਕ ਦੀ ਕੀਤੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ। ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੇਕਰ ਕਮਿਸ਼ਨ ਦੇ ਆਦੇਸ਼ਾਂ ਮਗਰੋਂ ਵੀ ਪੁਲੀਸ ਨੇ ਨਿਰਪੱਖ ਕਾਰਵਾਈ ਨਾ ਕੀਤੀ ਤਾਂ ਉਹ ਇਸ ਮਾਮਲੇ ਲਈ ਮੈਜਿਸਟ੍ਰੇਟੀ ਜਾਂਚ ਬਿਠਾਉਣਗੇ। ਹਸਪਤਾਲ ਵਿਚ ਜ਼ੇਰੇ ਇਲਾਜ ਦਲਿਤ ਪਰਿਵਾਰ ਦੀ ਮਹਿਲਾ ਗੁਰਮੇਲ ਕੌਰ, ਕੁਲਦੀਪ ਸਿੰਘ, ਸੁਰਜੀਤ ਸਿੰਘ, ਗੁਰਜੀਤ ਕੌਰ ਅਤੇ ਲਖਵਿੰਦਰ ਸਿੰਘ ਨੇ ਆਪਣੀਆਂ ਟੁੱਟੀਆਂ ਹੋਈਆਂ ਹੱਡੀਆਂ ਦਿਖਾਈਆਂ। ਉਨ੍ਹਾਂ ਵੀ ਵਿਰੋਧੀ ਧਿਰ ਉੱਪਰ ਧਾਰਾ 307 ਲਗਾਉਣ ਦੀ ਅਪੀਲ ਕੀਤੀ। ਉੱਧਰ ਕਾਂਗਰਸੀ ਸਰਪੰਚ ਹਰਵਿੰਦਰਪਾਲ ਸਿੰਘ ਦੇ ਭਰਾ ਸ਼ਾਹਬਾਜ਼ ਸਿੰਘ ਨਾਗਰਾ ਵੀ ਮੌਜੂਦ ਸਨ, ਉਨ੍ਹਾਂ ਮੀਡੀਆ ਨੂੰ ਦੱਸਿਆ ਕਿ ਉਕਤ ਸਾਰਾ ਮਾਮਲਾ ਇਕ ਜਿੱਤੇ ਹੋਏ ਅਤੇ ਹਾਰੇ ਹੋਏ ਸਰਪੰਚ ਵਿਚਕਾਰ ਹੈ, ਪਰ ਇਸ ਨੂੰ ਕੁੱਝ ਹੋਰ ਹੀ ਰੰਗਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦਲਿਤ ਪਰਿਵਾਰ ਵੱਲੋਂ ਉਸ ਦੇ ਭਰਾ ਨੂੰ ਫ਼ੋਨ ਉੱਪਰ ਗਾਲਾਂ ਕੱਢ ਕੇ ਉਕਸਾਇਆ ਗਿਆ ਸੀ। ਹਸਪਤਾਲ ਵਿਚ ਭਰਤੀ ਜ਼ਖ਼ਮੀ ਵਿਅਕਤੀਆਂ ਸਬੰਧੀ ਸਿਵਲ ਸਰਜਨ ਡਾ. ਨਰੇਸ਼ ਅਗਰਵਾਲ ਨੇ ਦੱਸਿਆ ਕਿ ਹਸਪਤਾਲ ਵਿਚ ਦੋਵੇਂ ਧਿਰਾਂ ਦੇ 8 ਵਿਅਕਤੀ ਦਾਖਲ ਹਨ, ਜਿਨ੍ਹਾਂ ਵਿਚ ਦਲਿਤ ਪਰਿਵਾਰ ਤੋਂ 5 ਅਤੇ ਸਰਪੰਚ ਤੇ ਉਸ ਦੇ ਦੋ ਸਾਥੀ ਹਨ। ਦਲਿਤ ਪਰਿਵਾਰ ਦੇ 4 ਮੈਂਬਰਾਂ ਦੇ ਐਕਸਰੇ ਕਰਵਾਉਣ ਮਗਰੋਂ ਪਤਾ ਲੱਗਿਆ ਹੈ ਕਿ ਦੋ ਵਿਅਕਤੀਆਂ ਦੀਆਂ ਦੋਵੇਂ ਲੱਤਾਂ ਤੇ ਦੋ ਵਿਅਕਤੀਆਂ ਦੀਆਂ ਬਾਹਾਂ ਵਿਚ ਫਰੈਕਚਰ ਹੈ, ਜਦਕਿ ਇਕ ਮਰੀਜ਼ ਦੇ ਸਿਰ ਵਿਚ 12 ਟਾਂਕੇ ਲੱਗੇ ਹਨ। ਵਿਰੋਧੀ ਧਿਰ ਦੇ ਦੋ ਮਰੀਜ਼ ਲਗਪਗ ਠੀਕ ਹਨ, ਜਿਨ੍ਹਾਂ ਵਿਚੋਂ ਇਕ ਮਰੀਜ਼ ਦੇ ਦੰਦਾ ਦੀ ਜਾਂਚ ਕੀਤੀ ਜਾ ਰਹੀ ਹੈ।



ਹਰਨੇਕ ਸਿੰਘ ਮਠਾਰੂ, ਵਸਨੀਕ ਐਡਮਿੰਟਨ ਕੈਨੇਡਾ ਨੇ ਡਾਕਟਰ ਧਰਮਵੀਰ ਗਾਂਧੀ, ਮੈਂਬਰ ਪਾਰਲੀਮੈਂਟ ਪਟਿਆਲਾ ਨੂੰ 5 ਜਨਵਰੀ ਨੂੰ ਪੀ ਡਬਲਿਊ ਡੀ ਰੈਸਟ ਹਾਊਸ ਪਟਿਆਲਾ ਵਿਖੇ ਮਿਲ ਕੇ ਖਰੜ ਇਲਾਕੇ ਵਿਚ ਰਿਹਾਇਸ਼ੀ ਇਲਾਕੇ ਦੀ ਜਮੀਨ ਦੀ ਹੋਈ ਧੋਖਾਧੜੀ ਨਾਲ ਜਾਣੂ ਕਰਵਾਇਆ ਅਤੇ ਇਸ ਸੰਬੰਧ ਵਿਚ ਕਾਰਵਾਈ ਕਰਨ ਲਈ ਦਫ਼ਤਾਵੇਜ ਵੀ ਦਿਖਾਏ। ਮੌਕੇ ਤੇ ਡਾਕਟਰ ਗਾਂਧੀ ਨੇ ਕਾਰਵਾਈ ਕਰਨ ਲਈ ਭਰੋਸਾ ਦਿਵਾਇਆ।



ਕੀ ਤੁਹਾਨੂੰ ਇਹ ਤਸਵੀਰ ਯਾਦ ਹੈ? ਇਸਦਾ ਨਾਮ "vulture and the little girl" ਰੱਖਿਆ ਗਿਆ ਸੀ. ਇਸ ਤਸਵੀਰ ਵਿਚ ਇਕ ਗਿਰਝ ਛੋਟੀ ਕੁੜੀ ਦੀ ਮੌਤ ਲਈ ਇੰਤਜ਼ਾਰ ਕਰ ਰਹੀ ਹੈ,ਜੋ ਭੁੱਖ ਨਾਲ ਮਰ ਰਹੀ ਹੈ. ਇਹ ਇੱਕ ਦੱਖਣੀ ਅਫ਼ਰੀਕੀ ਪੱਤਰਕਾਰ ਕੇਵਿਨ ਕਾਰਟਰ 1993 ਵਿਚ ਵਿਚ ਖਿੱਚੀ ਸੀ ਅਤੇ ਇਸ ਦੇ ਲਈ ਉਸਨੂੰ ਵੱਡੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ. ਪਰ ਕਾਰਟਰ ਕੁਝ ਹੀ ਦਿਨ ਇਸ ਮਾਣ ਦਾ ਆਨੰਦ ਮਾਣ ਸਕੇ ਕਿਉਂਕਿ ਕੁਝ ਮਹੀਨਿਆਂ ਬਾਅਦ 33 ਸਾਲ ਦੀ ਉਮਰ ਵਿਚ ਉਸ ਨੇ ਨਿਰਾਸ਼ਾ ਨਾਲ ਖੁਦਕੁਸ਼ੀ ਕੀਤੀ ਸੀ. ਕੀ ਹੋਇਆ ਵਾਸਤਵ ਵਿੱਚ, ਜਦੋਂ ਉਹ ਇਸ ਸਨਮਾਨ ਦਾ ਜਸ਼ਨ ਮਨਾ ਰਹੇ ਸਨ, ਤਾਂ ਦੁਨੀਆਂ ਭਰ ਦੇ ਵੱਡੇ ਚੈਨਲਾਂ ਅਤੇ ਨੈਟਵਰਕ 'ਤੇ ਇਸ ਦੀ ਚਰਚਾ ਕੀਤੀ ਜਾ ਰਹੀ ਸੀ. ਉਨ੍ਹਾਂ ਦੀ ਉਦਾਸੀ ਉਸ ਸਮੇਂ ਸ਼ੁਰੂ ਹੋ ਗਈ ਜਦੋਂ ਇੰਟਰਵਿਊ ਦੌਰਾਨ ਕਿਸੇ ਨੇ ਪੁੱਛਿਆ ਫੋਨ ਕਰਕੇ ਪੁੱਛਿਆ ਕਿ ਉਸ ਕੁੜੀ ਦਾ ਕੀ ਹੋਇਆ? ਕਾਰਟਰ ਨੇ ਕਿਹਾ ਕਿ ਉਹ ਇਹ ਵੇਖਣ ਲਈ ਇੰਤਜ਼ਾਰ ਨਹੀਂ ਕਰ ਸਕਿਆ ਕਿਉਂਕਿ ਉਸ ਦੀ ਫਲਾਈਟ ਮਿਸ ਹੋ ਜਾਂਦੀ। ਉਸ ਲਈ ਉਸ ਸਮੇਂ ਹਵਾਈ ਫੜਨਾ ਜ਼ਰੂਰੀ ਸੀ। ਉਸ ਵਿਅਕਤੀ ਨੇ ਇਸ ਬਾਰੇ ਕਿਹਾ "ਮੈਂ ਤੁਹਾਨੂੰ ਦੱਸ ਰਿਹਾ ਹਾਂ ਕਿ ਉਸ ਦਿਨ ਉਸ ਥਾਂ ਦੋ ਗਿਰਝਾਂ ਸਨ। ਜਿਨ੍ਹਾਂ ਵਿਚੋ ਇਕ ਦੇ ਹੱਥ ਵਿਚ ਇਕ ਕੈਮਰਾ ਸੀ." ਇਸ ਫੋਨ ਕਾਲ ਨੇ ਕਾਰਟਰ ਨੂੰ ਇੰਨਾਂ ਪਰੇਸ਼ਾਨ ਕੀਤਾ ਕਿ ਉਹ ਨਿਰਾਸ਼ਾ ਵਿੱਚ ਚਲਾ ਗਿਆ ਅਤੇ ਅੰਤ ਵਿੱਚ ਉਸ ਨੇ ਖੁਦਕੁਸ਼ੀ ਕਰ ਲਈ. ਕਿਸੇ ਵੀ ਸਥਿਤੀ ਵਿਚ ਕਿਸੇ ਚੀਜ਼ ਨੂੰ ਕੁਝ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਡੇ ਵਿੱਚ ਇਨਸਾਨੀਅਤ ਦਾ ਆਉਣਾ ਜਰੂਰੀ ਹੈ. ਕਾਰਟਰ ਅੱਜ ਬਚ ਜਾਂਦਾ ਜੇ ਉਹ ਉਸ ਬੱਚੇ ਨੂੰ ਚੁਕ ਲੈਂਦਾ ਤੇ ਸੰਯੁਕਤ ਰਾਸ਼ਟਰ ਦੇ ਫੀਡਿੰਗ ਸੈਂਟਰ ਤੱਕ ਪਹੁੰਚ ਦਿੰਦਾ ।ਜਿੱਥੇ ਉਹ ਪਹੁੰਚਾਉਣ ਦੇ ਯੋਗ ਸੀ। ਜੇਕਰ ਤੁਹਾਨੂੰ ਵੀ ਅਜਿਹੇ ਹਾਲਾਤ ਵਿਚੋ ਗੁਜ਼ਰਨਾ ਪਵੇ ਤਾਂ ਫੋਟੋਆਂ ਲੈਣ ਦੀ ਥਾਂ ਉਹਨਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰੋ. ਧੰਨਵਾਦ ਜੀ ਤੁਸੀਂ ਪੜਿਆ ਉਮੀਦ ਹੈ ਅਮਲ ਵੀ ਕਰਾਂਗੇ ਆਪਾਂ।

# ਭਾਰਤੀ ਜੀਵਨ ਬੀਮਾ ਨਿਗਮ ਜਲੰਧਰ ਮੰਡਲ ਦੁਆਰਾ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ





**ਜਲੰਧਰ–** ਭਾਰਤੀ ਜੀਵਨ ਬੀਮਾ ਨਿਗਮ ਜਲੰਧਰ ਮੰਡਲ ਦੇ ਪ੍ਰਮੁੱਖ ਬਰਾਂਚ ਪ੍ਰਬੰਧਕ ਸ੍ਰੀ ਗਣੇਸ਼ ਲਾਲ ਜੀ ਦੇ ਦਿਸ਼ਾ-ਨਿਰਦੇਸ਼ ਦੇ ਮੁਤਾਬਕ ਐਲ. ਆਈ. ਸੀ. ਮੰਡਲ ਨੇ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਸ਼ੇਖ ਵਿਚ ਬੱਚਿਆਂ ਨੂੰ ਸਕੂਲ ਬੈਗ ਵੰਡੇ ਗਏ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਅਮਰਜੀਤ ਸਿੰਘ ਨੇ ਐਲ. ਆਈ. ਸੀ. ਦੇ ਸਾਰੇ ਅਧਿਕਾਰੀਆਂ ਦਾ ਸਵਾਗਤ ਕੀਤਾ। ਇਸ ਮੌਕੇ ਤੇ ਸ੍ਰੀ ਵਿਨੋਦ ਕੌਲ, ਪ੍ਰਧਾਨ ਵਾਲਮੀਕ ਜਲੰਧਰ ਮੰਡਲ ਨੇ ਕਿਹਾ ਕਿ ਵੈਲਫੇਅਰ ਐਸੋਸੀਏਸ਼ਨ ਆਫ ਐਸ. ਸੀ./ ਐਸ. ਟੀ. ਦੁਆਰਾ ਵਕਤ ਵਕਤ ਤੇ ਗਰੀਬ ਬੱਚਿਆਂ ਨੂੰ ਐਲ. ਆਈ. ਸੀ. ਤੋਂ ਮਦਦ ਦਿਵਾਈ ਜਾਂਦੀ ਹੈ।



# ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਰੱਖੇ ਸੈਮੀਨਾਰ ਵਿਚ ਡਾ.ਜਸਵੰਤ ਰਾਏ ਸਾਹਰੀ ਦਾ ਹੋਇਆ ਸਨਮਾਨ

**ਖੁਰਾਲਗੜ੍ਹ (ਜਲੰਧਰ)–** ਨਵੇਂ ਸਾਲ ਦੀ ਸ਼ੁਭ ਆਮਦ ਤੇ ''ਆਲ ਇੰਡੀਆ ਆਦਿ ਧਰਮ ਮਿਸ਼ਨ'' ਵਲੋਂ ਸੰਤ ਸਤਵਿੰਦਰ ਹੀਰਾ ਹੁਰਾਂ ਦੀ ਪ੍ਰਧਾਨਗੀ ਹੇਠ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਵਿਖੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਰੱਖੇ ਸੈਮੀਨਾਰ ਵਿਚ ਡਾ. ਜਸਵੰਤ ਰਾਏ ਸਾਹਰੀ ਹੁਰਾਂ ਦਾ ਸਨਮਾਨ ਨਕਦ ਰਾਸ਼ੀ ਅਤੇ ਮੋਮੈਂਟੋ ਦੇ ਕੇ ਕੀਤਾ ਗਿਆ। ਸੰਤ ਸਤਵਿੰਦਰ ਹੀਰਾ ਹੁਰਾਂ ਨੇ ਦੱਸਿਆ ਕਿ ਡਾ. ਜਸਵੰਤ ਰਾਏ ਨੇ ਲਗਾਤਾਰ ਤਿੰਨ ਸਾਲ ਸਖਤ ਮਿਹਨਤ ਕਰਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਗਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ ਇਤਿਹਾਸਕ ਦਸਤਾਵੇਜ ਲਿਖਿਆ ਹੈ। ਇਸ ਪੁਸਤਕ ਵਿਚ ਸਿਰਫ ਬਾਬੂ ਜੀ ਦੀਆਂ ਜਾਨ ਤਲੀ ਤੇ ਧਰ ਕੇ ਗਦਰ ਪਾਰਟੀ ਵਿਚਲੀਆਂ ਗਤੀਵਿਧੀਆਂ ਨੂੰ ਹੀ ਨਹੀਂ ਪੇਸ਼ ਕੀਤਾ ਗਿਆ ਸਗੋਂ ਉਨ੍ਹਾਂ ਵਲੋਂ ਸਦੀਆਂ ਤੋਂ ਨਪੀੜੇ ਦਲਿਤ ਵਰਗ ਦੀ ਵੇਦਨਾ ਅਤੇ ਸੰਵੇਦਨਾ ਲਈ ਕੀਤੇ ਸੰਘਰਸ਼ ਨੂੰ ਬਿਆਨ ਕੀਤਾ ਹੈ। ਬਾਬੂ ਮੰਗੂ ਰਾਮ ਜੀ ਨੇ ਪਹਿਲੀ ਵਾਰ ਦਲਿਤ ਲੋਕਾਂ ਨੂੰ ਇੱਥੋਂ ਦੇ ਮੂਲ ਨਾਲ ਜੋੜਦਿਆਂ ਆਦਿਧਰਮੀ ਨਾਂ ਲੈ ਕੇ ਦਿੱਤਾ ਹੈ, ਸੱਤ ਦਲਿਤਾਂ ਨੂੰ ਪੰਜਾਬ ਦੀ ਪਹਿਲੀ ਵਿਧਾਨ ਸਭਾ ਦਾ ਮ ੈ ਂ ਬ ਰ



ਬਣਾਇਆ, 1946 ਵਿਚ ਆਪ ਵਿਧਾਨ ਸਭਾ ਦੇ ਮੈਂਬਰ ਬਣੇ, ਡਾ. ਅੰਬੇਡਕਰ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਇਹ ਕੋਈ ਛੋਟੀ ਗੱਲ ਨਹੀਂ ਸੀ। ਬਾਬੂ ਜੀ ਦੀਆਂ ਪ੍ਰਾਪਤੀਆਂ ਦੀ ਲਿਸਟ ਬਹੁਤ ਲੰਮੀ ਹੈ ਜਿਸਨੂੰ ਉਪਰੋਕਤ ਪੁਸਤਕ ਵਿਚ ਬਾਖੂਬੀ ਪੇਸ਼ ਕੀਤਾ ਗਿਆ ਹੈ। ਡਾ. ਜਸਵੰਤ ਰਾਏ ਨੇ ਇਹ ਪੁਸਤਕ ਲਿਖ ਕੇ ਅਣਗੌਲੇ ਯੋਧੇ ਦੀ ਗਾਥਾ ਨੂੰ ਸਮਾਜ ਦੇ ਸਾਹ-ਮਣੇ ਲਿਆਂਦਾ ਹੈ। ਇਸ ਲਈ ਇਸ ਮਿਸ਼ਨਰੀ ਕੰਮ ਲਈ ਡਾ. ਜਸਵੰਤ ਰਾਏ ਦਾ ਸਨਮਾਨ ਕਰਨਾ ਬਣਦਾ ਸੀ। ਇਸ ਮੌਕੇ ਸੰਤ ਸਰਵਣ ਦਾਸ ਬੋਹਣ, ਸੰਤ ਸਰਬਣ ਦਾਸ ਪ੍ਰਧਾਨ ਸਾਧੂ ਸਮਾਜ, ਸੰਤ ਸੁਰਿੰਦਰ ਦਾਸ, ਸੰਤ ਜਗਵਿੰਦਰ ਲਾਂਬਾ, ਸੰਤ ਜੁਗਿੰਦਰ ਪਾਲ ਜੌਹਰੀ, ਰੌਸ਼ਨ ਭਾਰਤੀ, ਮਾਸਟਰ ਰਾਮ ਕਿਸ਼ਨ ਪੱਲੀ ਝਿੱਕੀ, ਬਾਬੂ ਜੀ ਦਾ ਪੋਤਰਾ ਮਨਜੀਤ ਕੁਮਾਰ, ਸੁਭਾਸ਼ ਕੁਮਾਰ ਅਤੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਮੌਜੂਦ ਸਨ।

# ਮੁਲਾਜ਼ਮ ਐਸੋਸੀਏਸ਼ਨ ਦੇ ਰਾਹੁਲ ਡੁਲਗਚ ਚੇਅਰਮੈਨ ਤੇ ਜਤਿੰਦਰ ਘਾਵਰੀ ਪ੍ਰਧਾਨ ਬਣੇ

**ਲੁਧਿਆਣਾ–** ਨਗਰ ਨਿਗਮ ਮੁਲਾਜ਼ਮ ਐਸ਼ੋਸੀਏਸ਼ਨ ਰਜਿ. ਦੀ ਇਕ ਮੀਟਿੰਗ ਐਸ਼ੋਸ਼ੀਏਸ਼ਨ ਦੇ ਚੇਅਰਮੈਨ ਰਾਹੁਲ ਡੁਲਗਚ ਦੀ ਅਗਵਾਈ ਵਿਚ ਸਥਾਨਕ ਸਰਕਟ ਹਾਊਸ ਵਿਖੇ ਹੋਈ। ਇਸ ਮੀਟਿੰਗ ਵਿਚ ਮੇਅਰ ਬਲਕਾਰ ਸਿੰਘ ਸੰਧੂ, ਕਾਂਗਰਸ ਪਾਰਟੀ ਦੇ ਇਕਨੋਮਿਕ ਐਂਡ ਪੋਲੀਟਿਕਲ ਪਲੈਨਿੰਗ ਸੈਲ ਦੇ ਚੇਅਰਮੈਨ ਈਸ਼ਵਰਜੋਤ ਸਿੰਘ ਚੀਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਰਾਹੁਲ ਡੁਲਗਚ ਵਲੋਂ ਮੁਲਾਜ਼ਮ ਐਸ਼ੋਸ਼ੀਏਸ਼ਨ ਦੀਆਂ ਵੱਡੇ ਪੱਧਰ ਤੇ ਨਿਯੁਕਤੀਆਂ ਕੀਤੀਆ ਗਈਆ ਜਿਸ ਵਿਚ ਜਤਿੰਦਰ ਘਾਵਰੀ ਨੂੰ ਪ੍ਰਧਾਨ, ਨੀਰਜ ਸਿਰਸਵਾਲ ਨੂੰ ਵਾਈਸ ਚੇਅਰਮੈਨ, ਰਾਜ ਕਰੋਤੀਆ ਨੂੰ ਸੀਨੀਅਰ ਵਾਈਸ ਪ੍ਰਧਾਨ, ਰੋਹਿਤ ਡੁਲਗਚ ਨੂੰ ਜਨਰਲ ਸਕੱਤਰ, ਮਨਦੀਪ ਕੁਮਾਰ ਨੂੰ ਸਕੱਤਰ, ਵਿਵੇਕ ਸੂਦ ਨੂੰ ਸਕੱਤਰ ਤੇ ਅਮਨ ਸੌਦੇ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਰਾਹੁਲ ਡੁਲਗਚ ਨੇ ਕਿਹਾ ਕਿ ਮੁਲਾਜ਼ਮ ਐਸ਼ੋਸ਼ੀਏਸ਼ਨ ਪਿਛਲੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਤੇ ਐਸ਼ੋਸ਼ੀਏਸ਼ਨ ਦੀ ਜੋ ਨਵੀਂ ਟੀਮ ਐਲਾਨੀ ਗਈ ਹੈ ਇਹ ਮੁਲਾਜ਼ਮ ਦੇ ਹੱਕਾਂ ਲਈ ਡੱਟ ਕੇ ਲੜੇਗੀ। ਉਹਨਾਂ ਕਿਹਾ ਕਿ ਜਲਦੀ ਹੀ ਮੁਲਾਜ਼ਮ ਐਸ਼ੋਸ਼ੀਏਸ਼ਨ ਦੀ ਬਾਕੀ ਬਾਡੀ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਰਾਹੁਲ ਡੁਲਗਚ ਤੇ ਉਹਨਾਂ ਦੀ ਸਮੁੱਚੀ ਟੀਮ ਵਲੋਂ ਮੇਅਰ ਨੂੰ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਸੰਬੰਧੀ ਇਕ ਮੰਗ ਪੱਤਰ ਵੀ ਸੌਂਪਿਆ ਗਿਆ। ਜਿਸ ਵਿਚ ਉਹਨਾਂ ਮੰਗ ਕੀਤੀ ਕਿ ਨਗਰ ਨਿਗਮ ਲੁਧਿਆਣਾ ਵਿੱਚ 1992 ਤੋਂ ਲਟਕ ਰਹੇ ਸੀਵਰੇਜ਼ਮੈਨਾਂ ਨੂੰ ਬਿਨਾਂ ਸ਼ਰਤ 2008 ਤੇ 2011 ਦੀ ਤਰਜ਼ 'ਤੇ ਪੱਕਾ ਕੀਤਾ ਜਾਵੇ। ਸੀਵਰੇਜ਼ਮੈਨਾਂ ਦੀ ਡਿਊਟੀ ਨੂੰ ਸੁਰੱਖਿਅਤ ਬਣਾਉਣ ਲਈ ਸੇਫ਼ਟੀ ਕਿੱਟ ਪ੍ਰਦਾਨ ਕੀਤੀ ਜਾਵੇ। ਲੁਧਿਆਣਾ ਨਗਰ ਨਿਗਮ ਵਿੱਚ ਸੀਵਰੇਜ਼ਮੈਨਾਂ ਦੀ ਸੁਪਰਵਾਈਜ਼ਰਾਂ ਦੀ ਪੋਸਟ ਨੂੰ ਭਰਿਆ ਜਾਵੇ ਤੇ ਯੋਗ ਮੁਲਾਜ਼ਮਾਂ ਨੂੰ ਤਰੱਕੀ ਦੇਕੇ ਸੁਪਰਵਾਈਜ਼ਰ ਬਣਾਇਆ ਜਾਵੇ। ਲੁਧਿਆਣਾ ਨਗਰ ਨਿਗਮ ਸਫ਼ਾਈ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ ਤੇ ਮੁਲਾਜ਼ਮਾਂ ਦੀ ਤਨਖਾਹ ਨੂੰ 7 ਤਰੀਖ ਤੱਕ ਦੇਣਾ ਯਕੀਨੀ ਬਣਾਇਆ ਜਾਵੇ। ਨਗਰ ਨਿਗਮ ਵਿਚ ਜਿੰਨੇ ਵੀ ਮੁਲਾਜ਼ਮ ਸ਼ੈਕਸ਼ਨ ਗਰੇਡ 'ਤੇ ਕੰਮ ਕਰ ਰਹੇ ਹਨ ਉਹਨਾਂ ਨੂੰ ਡੀ. ਸੀ. ਰੇਟ ਤੇ ਕੀਤਾ ਜਾਵੇ ਅਤੇ ਨਗਰ ਨਿਗਮ ਵਿਚੋਂ ਸੈਕਸ਼ਨ ਗਰੇਡ ਨੂੰ ਮੁਕੰਮਲ ਤੌਰ ਤੇ ਖ਼ਤਮ ਕੀਤਾ ਜਾਵੇ।2011 ਤੋਂ ਬਾਅਦ ਮੁਲਾਜ਼ਮਾਂ ਨੂੰ ਸ਼ਨਿੱਚਰਵਾਰ ਦੀ ਛੁੱਟੀ ਰੱਦ ਕੀਤੀ ਗਈ ਸੀ ਉਹ ਛੁੱਟੀ ਮੁੜ ਬਹਾਲ ਕੀਤੀ ਜਾਵੇ ਨਹੀਂ ਤਾਂ ਮੁਲਾਜ਼ਮਾਂ ਨੂੰ ਸ਼ਨਿੱਚਰਵਾਰ ਦੀ ਦਿਹਾੜੀ ਦਾ ਭੁਗਤਾਨ ਕੀਤਾ ਜਾਵੇ । ਜਿਹਨਾਂ ਮੁਲਾਜ਼ਮਾਂ ਦੀ ਮੌਤ ਹੋ ਜਾਂਦੀ ਹੈ ਉਹਨਾਂ ਦੇ ਵਾਰਸਾਂ ਨੂੰ ਬਿਨਾਂ ਸ਼ਰਤ ਨੌਕਰੀ ਦਿੱਤੀ ਜਾਵੇ ਤੇ ਮੁਲਾਜ਼ਮਾਂ ਦਾ ਘੱਟੋ-ਘੱਟ 15 ਲੱਖ ਦਾ ਬੀਮਾ ਕਰਵਾਇਆ ਜਾਵੇ। ਨਗਰ ਨਿਗਮ ਲੁਧਿਆਣਾ 'ਚ ਸਫ਼ਾਈ ਕਰਮਚਾਰੀਆਂ ਦੀ ਪੈਨਸ਼ਨ ਨੀਤੀ ਨੂੰ ਬਹਾਲ ਕੀਤਾ ਜਾਵੇ। ਸੀਵਰਜ਼ੇਮੈਨਾਂ ਤੇ ਸਫ਼ਾਈ ਕਰਮਚਾਰੀਆਂ ਨੂੰ ਈ.ਪੀ.ਐਫ਼ ਫੰਡ ਦਾ ਖਾਤਾ ਨੰ. ਦਿੱਤਾ ਜਾਵੇ।



ਨਗਰ ਨਿਗਮ ਲੁਧਿਆਣਾ 'ਚ ਜਿੰਨੀਆਂ ਵੀ ਅਸਾਮੀਆਂ ਖਾਲੀਆਂ ਹਨ ਉਹਨਾਂ ਨੂੰ ਯੋਗਤਾਂ ਅਨੁਸਾਰ ਭਰਿਆ ਜਾਵੇ। ਦਰਜਾ-4 ਮੁਲਾਜ਼ਮਾਂ ਜੋ ਕਿ ਯੋਗ ਯੋਗਤਾ ਰੱਖਦੇ ਹਨ ਉਹਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਪ੍ਰਮੋਸ਼ਨ ਦਿੱਤੀ ਜਾਵੇ। ਹੋਰ ਵਿਭਾਗਾਂ ਦੀ ਤਰਜ਼ ਤੇ ਸੀਵਰੇਜ਼ਮੈਨਾਂ ਤੇ ਸਫ਼ਾਈ ਕਰਮਚਾਰੀਆਂ ਨੂੰ ਬੋਨਸ ਦਿੱਤਾ ਜਾਵੇ। ਇਸ ਮੌਕੇ ਮੇਅਰ ਮੇਅਰ ਬਲਕਾਰ ਸਿੰਘ ਸੰਧੂ ਨੇ ਕਿਹਾ ਕਿ ਕਾਂਗਰਸ ਸਰਕਾਰ ਮੁਲਾਜ਼ਮਾਂ ਦੀਆਂ ਜੋ ਵੀ ਸਮੱਸਿਆਵਾਂ ਹਨ ਉਹਨਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇਗੀ ਤੇ ਇਸ ਸੰਬੰਧੀ ਮੁਲਾਜ਼ਮ ਐਸ਼ੋਸ਼ੀਏਸ਼ਨ ਦੇ ਆਗੂ ਨਾਲ ਮੀਟਿੰਗ ਵੀ ਕੀਤੀ ਜਾਵੇਗੀ। ਇਸ ਮੌਕੇ ਜਤਿੰਦਰ ਘਾਵਰੀ ਨੇ ਕਿਹਾ ਕਿ ਸਭ ਤੋਂ ਪਹਿਲਾ ਆਪਣੀ ਨਿਯੁਕਤੀ ਲਈ ਮੁਲਾਜ਼ਮ ਐਸ਼ੋਸ਼ੀਏਸ਼ਨ ਦੇ ਚੇਅਰਮੈਨ ਰਾਹੁਲ ਡੁਲਗਚ ਦਾ ਧੰਨਵਾਦ ਕੀਤਾ ਤੇ ਕਿਹਾ ਉਹ ਆਪਣੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਤੇ ਭਵਿੱਖ 'ਚ ਮੁਲਾਜ਼ਮ ਦੀ ਭਲਾਈ ਤੇ ਤਰੱਕ ਲਈ ਡੱਟ ਕੇ ਕੰਮ ਕਰਨਗੇ। ਇਸ ਮੌਕੇ ਐਡਵੋਕੇਟ ਸ਼ੀਲਾ ਦੁਗਰੀ, ਰਾਕੇਸ਼ ਲੰਬੜਦਾਰ , ਜਗਪਾਲ ਜੱਗਾ , ਤੇਜਪਾਲ ਡੁਲਗਚ, ਅਜੇ ਟਾਂਕ, ਸੰਤੋਸ਼ ਕੁਮਾਰ, ਰਾਹੁਲ ਸੂਦ, ਵਿੱਕੀ ਪੁਹਾਲ, ਕਰਨ ਚੌਹਾਨ, ਆਦਿ ਹਾਜ਼ਰ ਸਨ।


# SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜਨਵਰੀ- ਫਰਵਰੀ ਮਹੀਨੇ ਦੇ ਪ੍ਰੋਗਰਾਮ

*Guru Piari Sadh Sangat Ji,*

Devoted families are requesting entire Sangat to attend the following functions:

**January 13, 2019 Parkash Divas Guru Gobind Singh Ji**

Guru Gobind Singh ji was the Tenth Sikh Guru, a spiritual master, warrior, poet and Philosopher. Guru Gobind Singh ji was Born in January 1666 in Patna, Bihar. Guru ji has become the Tenth Sikh Guru at the age of Nine. Sri Sukhmani Sahib Path and Langar Sewa will be hosted by Bhai Baldev Singh, Bibi Charanjit Kaur and their sons Jaspreet Singh, Manpreet Singh.

**January 13, 2019 LOHRI Celebration**

Lohri will be celebrated in the Gurughar at 6:00 PM on Friday, January 13, 2019. Sangat is requested to come with their families and friends. This is the 6th year we are celebrating Lohri in Gurughar. Parents of newborn children are specially requested to come and celebrate first Lohri of their new born children in the Gurughar.

**January 20, 2019 Sukhmani Sahib Path and Langar Sewa by Gurughar*****

**January 25-26-27, 2019 Barsi Late Commissioner Lahori Ram Ji**

On the event of Late Commissioner Lahori Ram's 10th Barsi, dedicated Ram family will be doing Shri Akhand path Sahib and Langar Sewa in his memory. He was a community leader and one of the founding members of the Gurughar. He served numerous times on the Gurughar committees. Shri Akhand Path will begin on January 25, 2019 and conclude on Sunday January 27, 2019. Family is requesting everyone to come and join them in the Ardaas. May Waheguru keep Ram family in Chardi Kala.

**February 22-23-24, 2019 Gurupurb Sri Guru Ravidass Ji**

Sri Guru Ravidass Sabha CA, Pittsburg is celebrating the 642nd Parkash Utsav of SATGURU RAVIDASS JI on Sunday, February 24, 2019 at the gurughar as per program noted below:

**ARAMBH SHRI AKHAND PATH February 22, 2019 (FRIDAY) 9:30 AM**
**BHOG SHRI AKHAND PATH February 24, 2019 (SUNDAY) 9:30 AM**
**KIRTAN DIWAN After Bhog Ceremony until 2:00 PM**

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

Nishan Sahib Hoisting Ceremony will be held on February 23rd 2019 (Saturday) at 11:00 AM. Ramesh Suman and Bibi Gyan Suman will be doing this sewa.

Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer. He dedicated his whole life for the welfare of the humanity. Guru Ji preached social harmony and stood against caste discrimination.

ਹਮ ਸਰਿ ਦੀਨੁ ਦਇਆ ਲੁਨ ਤੁਮਸਰਿ ਅਬਪਤੀਆ ਰੁਕਿਆ ਕੀਜੈ॥
ਬਚਨੀ ਤੋਰ ਮੋਰ ਮਨੁਮਾਨੈ ਜਨਕ ਉਪੂਰਨੁ ਦੀਜੈ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥1॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408)460-0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ







**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਸੇਵਾਦਾਰ ਭਾਈ ਪੂਰਨ ਸਿੰਘ ਜੀ, ਬੀਬੀ ਕੁਲਵੰਤ ਕੌਰ ਜੀ, ਕਾਕਾ ਗੁਰਵਿੰਦਰ ਸਿੰਘ ਜੀ, ਬੇਟੀ ਪ੍ਰਭਲੀਨ ਕੌਰ ਜੀ, ਕਾਕਾ ਜਸਪ੍ਰੀਤ ਸਿੰਘ ਜੀ ਪਰਿਵਾਰ ਵੱਲੋਂ ਧੰਨ ਧੰਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 6 ਜਨਵਰੀ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ, ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਅਜਮੇਰ ਸਿੰਘ ਜੀ ਰੋਜਵਿਲ ਵਾਲਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ



ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਸੁਰਜੀਤ ਸਿੰਘ ਜੀ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਪੂਰਨ ਸਿੰਘ ਜੀ, ਬੀਬੀ ਕੁਲਵੰਤ ਕੌਰ ਜੀ ਪਰਿਵਾਰ ਨੂੰ ਸਿ-ਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਦਲਵਿੰਦਰ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਆਰੰਭ









ਤਸਵੀਰਾਂ - ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਸੈਕਰਾਮੈਂਟੋ (ਬਿਊਰੋ)–** ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਪਹਿਲੇ ਸ਼੍ਰੀ ਆਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਹੋਈ। 4 ਜਨਵਰੀ ਸ਼ੁੱਕਰਵਾਰ ਨੂੰ ਆਰੰਭ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 6 ਜਨਵਰੀ ਐਤਵਾਰ ਨੂੰ ਸਵੇਰੇ 10:30 ਵਜੇ ਭੋਗ ਪਾਏ ਗਏ। ਇਲਾਕੇ ਦੀਆਂ ਸਮੂੰਹ ਸੰਗਤਾਂ ਨੇ ਗੁਰੁਚਰਨਾ ਵਿੱਚ ਹਾਜ਼ਰੀ ਭਰੀ ਅਤੇ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਜਸਪਾਲ ਸਿੰਘ, ਭਾਈ ਗੁਰਦੀਪ ਸਿੰਘ, ਸ਼੍ਰੀ ਰਾਜ ਲੱਧੜ ਅਤੇ ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

**13 ਜਨਵਰੀ ਦੇ ਪ੍ਰੋਗਰਾਮਾਂ ਦਾ ਵੇਰਵਾ:**

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਪ੍ਰਕਾਸ਼ ਪੁਰਬ ਅਤੇ 19ਵੇ ਮਹਾਨ ਨਗਰ ਕੀਰਤਨ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਵਿੱਚ ਦੂਸਰੇ ਸ਼੍ਰੀ ਆਖੰਡ ਪਾਠ ਸਾਹਿਬ ਦੀ ਸੇਵਾ ਗੁਰੂਘਰ ਦੇ ਪਰਮ ਸੇਵਕ ਭਾਈ ਸਾਹਿਬ ਭਾਈ ਲਸ਼ਕਰ ਸਿੰਘ ਬੱਧਣ, ਬੀਬੀ ਮੋਹਿੰਦਰ ਕੌਰ ਬੱਧਣ ਪਰਿਵਾਰ ਅਤੇ ਇੰਦਰਜੀਤ ਪੜਵੱਗਾ ,ਬੀਬੀ ਨਰਿੰਦਰ ਪੜਵੱਗਾ ਪਰਿਵਾਰਾਂ ਵਲੋਂ ਹੋ ਰਹੀ

(ਬਾਕੀ ਦੇਖੋ ਸਫਾ 22 'ਤੇ)









ਜਸਵੀਰ ਸਿੰਘ ਤੱਖਰ

# ਸਮੁੱਚੀ ਸਿੱਖ ਕੌਮ ਅਤੇ ਕੁੱਲ ਲੋਕਾਈ ਨੂੰ, ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ, ਚੜ੍ਹਦੀਕਲਾ ਦੇ ਪ੍ਰਤੀਕ ਮਾਘੀ ਮੇਲੇ ਦੀਆਂ ਵਧਾਈਆਂ



ਸੁਦੇਸ ਸਿੰਘ ਅਵਟਾਲ


## L.A. MERCHANDISE

Whole Sale +Retail

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ

Loose Fabrics, Groceries, Blankets, Vegetables






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ




ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ


ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



## Chicago's Pizza with a Twist

Call: 1-209-398-2221






Parvinder Dhesi




Kulwant Sandhu

1471 B St., Unit B, Livingston, CA 95334

# ਲੇਖਕਾਂ, ਪੱਤਰਕਾਰਾਂ, ਗੀਤਕਾਰਾਂ, ਗਾਇਕਾਂ ਅਤੇ ਰੇਡੀਓ-ਟੀਵੀ ਹੋਸਟਾਂ ਦੀ ਭਰਵੀ ਹਾਜ਼ਰੀ ਵਿੱਚ ਮਾਤਾ ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ

## ਮਨਦੀਪ ਖੁਰਮੀਂ ਨੇ ਇੰਗਲੈਂਡ ਤੋਂ ਪ੍ਰੋਗਰਾਮ ਵਿੱਚ ਪਹੁੰਚਕੇ ਕੀਤੀ ਸ਼ਿਰਕਤ, ਹਿੰਮਤ ਖੁਰਮੀਂ ਦੁਆਰਾ ਬਾਕਮਾਲ ਕਵਿਤਾ ਪੇਸ਼ ਕੀਤੀ ਗਈ


























**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਊੱਭੀ ਧਾਲੀਆਂ):** ਪੰਜਾਬੀ ਸਾਹਿੱਤ ਸਭਾ ਕੈਲੇਫੋਰਨੀਆਂ ਵੱਲੋਂ ਉੱਘੇ ਪੱਤਰਕਾਰ ਨੀਟਾ ਮਾਛੀਕੇ ਅਤੇ ਡਾਕਟਰ ਸਿਮਰਜੀਤ ਧਾਲੀਵਾਲ ਦੇ ਸਤਿਕਾਰਤਯੋਗ ਮਾਤਾ ਸਵ. ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਜਿਸ ਨੂੰ ਸਹਿਬਦੀਪ ਪ੍ਰਕਾਸ਼ਨ ਭੀਖੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਮਾਤਾ ਜੀ ਇੱਕ ਸੂਝਵਾਨ, ਲੋਕ-ਭਲਾਈ ਅਤੇ ਸਮਾਜਿਕ ਸੇਵਾ ਕਰਨ ਵਾਲੀ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ। ਜਿਨ੍ਹਾਂ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਸਕੂਲੀ ਵਿਦਿਆ ਦੇਣ ਤੋਂ ਇਲਾਵਾ, ਸਮਾਜਿਕ ਬੁਰਾਈਆਂ ਦੇ ਦੂਰ ਕਰਨ ਅਤੇ ਸਾਹਿੱਤਕਤਾ ਨੂੰ ਪ੍ਰਫੁੱਲਤ ਕਰਨ ਦੀ ਸੇਵਾ ਨਿਭਾਈ। ਇਹ ਪੁਸਤਕ ਸਮੁੱਚੇ ਤੌਰ 'ਤੇ ਮਾਤਾ ਜੀ ਦੀਆ ਸਮਾਜ ਪ੍ਰਤੀ ਵਿਦਿਅਕ ਅਤੇ ਸਮਾਜਕ ਸੇਵਾਵਾ ਦਾ ਇੱਕ ਗੁਲਦਸਤਾ ਹੈ। ਗੁਰਿੰਦਰਜੀਤ ਨੀਟਾ ਮਾਛੀਕੇ ਨੇ ਇਸ ਦੀ ਸੰਪਾਦਨਾ ਕੀਤੀ ਹੈ। ਇਸ ਪੁਸਤਕ ਵਿੱਚ ਜਿੱਥੇ ਨੀਟਾ ਮਾਛੀਕੇ ਨੇ ਆਪਣੀ ਮਾਤਾ ਜੀ ਦੀ ਜੀਵਨੀ ਆਪਣੇ ਲੇਖ ਰਾਹੀਂ ਬਿਆਨ ਕੀਤੀ ਹੈ, ਉਥੇ ਹੀ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਮਾਤਾ ਜੀ ਦੇ ਜੀਵਨ ਸਬੰਧੀ ਆਪਣੇ ਸ਼ਬਦਾ ਰਾਹੀ ਮਾਤਾ ਜੀ ਨੂੰ ਸਰਧਾਜਲੀ ਦਿੰਦੇ ਹੋਏ ਆਪਣੇ ਪਿਆਰ ਦੀ ਸਾਂਝ ਪਾਈ ਹੈ। ਜਿਨ੍ਹਾਂ ਵਿੱਚ ਮਾਤਾ ਜੀ ਦੇ ਵੱਡੇ ਬੇਟੇ ਡਾ. ਸਿਮਰਜੀਤ ਦਾ ਵੀ ਬਾ-ਕਮਾਲ ਲੇਖ ਹੈ ਅਤੇ ਮਾਸਟਰ ਦਲਵਾਰਾ ਸਿੰਘ ਧਾਲੀਵਾਲ ਨੇ ਆਪਣੀ ਪਤਨੀ ਸਵ. ਮੁਖਤਿਆਰ ਕੌਰ ਲਈ 'ਜਿੰਦਗੀ ਚਲੀ ਗਈ' ਨਾਮੀ ਭਾਵਪੂਰਕ ਲੇਖ ਲਿਖਿਆ ਹੈ। ਇਸ ਪੁਸਤਕ ਵਿੱਚ ਉੱਘੇ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ, ਮਨਦੀਪ ਖੁਰਮੀਂ ਹਿੰਮਤਪੁਰਾ, ਸ਼ਿਵਚਰਨ ਜੱਗੀ ਕੁੱਸਾ, ਮੰਗਲ ਹਠੂਰ, ਦਲਬੀਰ ਦਿਲ ਨਿੱਝਰ, ਜਗਤਾਰ ਗਿੱਲ, ਮੇਜ਼ਰ ਕੁਲਾਰ, ਗੁਰਜੀਤ ਸਿੰਘ, ਅਮਰਜੀਤ ਢਿੱਲੋਂ, ਜਸਵੰਤ ਸ਼ਾਦ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕੁਲਵੰਤ ਉੱਭੀ ਧਾਲੀਆਂ, ਹਰਕ੍ਰਿਸ਼ਨ ਖਟਕੜ ਅਤੇ ਕਰਨ ਭੀਖੀ ਆਦਿ ਦੇ ਲੇਖ ਸ਼ਾਮਲ ਹਨ। ਇਸ ਪੁਸਤਕ ਨੂੰ ਨੀਟਾ ਮਾਛੀਕੇ ਦੇ ਗ੍ਰਹਿ ਵਿੱਖੇ ਇਲਾਕੇ ਦੀਆ ਸਾਹਿੱਤਕ ਅਤੇ ਸਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਜਿੰਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ, ਵਿਸ਼ਵ ਪੰਜਾਬੀ ਸਾਹਿੱਤ ਅਕਾਡਮੀ, ਪੀਸੀਏ, ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਦੇ ਬਹੁਤ ਸਾਰੇ ਸੁਹਿਰਦ ਸੱਜਣ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਉੱਘੇ ਪੱਤਰਕਾਰ ਮਨਦੀਪ ਖੁਰਮੀਂ ਹਿੰਮਤਪੁਰਾ ਉਚੇਚੇ ਤੌਰ ਤੇ ਇੰਗਲੈਂਡ ਤੋਂ ਪਹੁੰਚੇ ਹੋਏ ਸਨ। ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਖ਼ੂਬੀ ਕੀਤਾ। ਇਸ ਪੁਸਤਕ 'ਤੇ ਪਰਚਾ ਲੇਖਕ ਸੰਤੋਖ ਮਨਿਹਾਸ ਨੇ ਪੜਿਆ। ਲੇਖਕ ਅਸ਼ੋਕ ਭੌਰਾ ਨੇ ਵੀ ਆਪਣੇ ਸ਼ਬਦਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਦੇ ਕੀਤੀ। ਹੋਰ ਬੋਲਣ ਵਾਲੇ ਬੁਲਾਰਿਆਂ ਜਿਨ੍ਹਾਂ ਨੇ ਕਵਿਤਾਵਾਂ ਅਤੇ ਗੀਤਾਂ ਜਾਂ ਆਪਣੇਂ ਬੋਲਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ ਉਹਨਾਂ ਵਿੱਚ ਵਿੱਚ ਬੱਲੂ ਸਿੰਘ, ਬੱਬੂ ਗੁਰਪਾਲ, ਜਗਦੇਵ ਧੰਜਲ, ਧਰਮਵੀਰ ਥਾਂਦੀ, ਗੋਗੀ ਸੰਧੂ, ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉੱਭੀ ਧਾਲੀਆਂ, ਦਿੱਲ ਨਿੱਝਰ, ਮੇਜਰ ਕੁਲਾਰ, ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਅਕਾਸ਼ਦੀਪ, ਮਨਦੀਪ ਖੁਰਮੀਂ ਹਿੰਮਤਪੁਰਾ, ਅਵਤਾਰ ਗੋਦਾਰਾ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਕੁਲਵੰਤ ਸੇਖੋਂ, ਬਲਬੀਰ ਸਿੰਘ ਐਮ ਏ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਆਦਿ ਦੇ ਨਾਮ ਸਾਮਲ ਹਨ। ਅੰਤ ਵਿਚ ਸਮੂੰਹ ਧਾਲੀਵਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਪਤਵੰਤੇ ਸੱਜਣਾਂ ਨੇ ਮਾਤਾ ਜੀ ਨੂੰ ਯਾਦ ਕਰਦੇ ਹੋਏ ਇਹ ਪੁਸਤਕ ਲੋਕ ਅਰਪਣ ਕੀਤੀ। ਇਸ ਮੌਕੇ ਅਦਾਰਾ ਦੇਸ਼ ਦੁਆਬਾ ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਉਘੇ ਪੱਤਰਕਾਰ ਤੇ ਲੇਖਕ ਨੀਟਾ ਮਾਛੀਕੇ ਨਾਲ ਫੋਨ ਤੇ ਮਾਤਾ ਜੀ ਦੀ ਯਾਦ ਨੂੰ ਸਮਰਪਿਤ ਪੁਸਤਕ ਜਾਰੀ ਕਰਨ ਨੂੰ ਸਲਾਹੁਦਿਆਂ ਅਤੇ ਸ਼ਰਧਾਂਜਲੀ ਦੇ ਦੋ ਸ਼ਬਦ ਸਾਂਝੇ ਕੀਤੇ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਪੁਸਤਕ ਜਿੱਥੇ ਮਾਤਾ ਮੁਖਤਿਆਰ ਕੌਰ ਦੀਆ ਪਰਿਵਾਰ ਅਤੇ ਸਮਾਜ ਪ੍ਰਤੀ ਸੇਵਾਵਾ ਦਾ ਜਿਕਰ ਕਰਦੀ ਹੈ, ਉੱਥੇ ਇੱਕ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਦੀ ਹੋਈ ਸਾਨੂੰ ਆਪਣੀਆਂ ਜਿੰਮੇਵਾਰੀਆਂ ਪ੍ਰਤੀ ਵੀ ਜਾਗਰੂਕ ਕਰਦੀ ਹੈ। ਇਸ ਸਮਾਗਮ ਦੀ ਖ਼ਾਸੀਅਤ ਇਹ ਵੀ ਰਹੀ ਕਿ ਮਨਦੀਪ ਖੁਰਮੀਂ ਦੇ ਬੇਟੇ ਹਿੰਮਤ ਖੁਰਮੀ ਨੇ ਬਾ-ਕਮਾਲ ਕਵਿਤਾ "ਮਾਂ ਤੂੰ ਕਿਸ ਮਿੱਟੀ ਦੀ ਬਣੀ ਏ" ਪੇਸ਼ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਅਖੀਰ ਇਹ ਵਿਲੱਖਣ ਕਿਸਮ ਦਾ ਸਮਾਗਮ ਅਮਿੱਟ ਪੈੜਾ ਛੱਡਦਾ ਯਾਦਗਾਰੀ ਹੋ ਨਿਬੜਿਆ।

**ਫੋਟੋਆ- ਕੁਲਵੰਤ ਧਾਲੀਆਂ**

# ਲੇਖਕਾਂ, ਪੱਤਰਕਾਰਾਂ, ਗੀਤਕਾਰਾਂ, ਗਾਇਕਾਂ ਅਤੇ ਰੇਡੀਓ-ਟੀਵੀ ਹੋਸਟਾਂ ਦੀ ਭਰਵੀ ਹਾਜ਼ਰੀ ਵਿੱਚ ਮਾਤਾ ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ


















# ਚੜ੍ਹਦੀ ਕਲਾ ਦੇ ਜਲੌਅ ਦਾ ਪ੍ਰਤੀਕ-ਮਾਘੀ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਪੰਜਾਬ ਦੀ ਵਿਰਾਸਤ ਰਹੁਰੀਤਾਂ, ਤਿਉਹਾਰਾਂ, ਗੁਰਪੁਰਬਾਂ ਆਦਿ ਨਾਲ ਭਰਪੂਰ ਹੈ। ਇੱਥੇ ਰੁੱਤਾਂ ਅਤੇ ਮਹੀਨਿਆਂ ਮੁਤਾਬਿਕ ਤਿਉਹਾਰ ਆਉਂਦੇ ਹਨ ਅਤੇ ਪੰਜਾਬੀ ਖੁਸ਼ੀ ਨਾਲ ਪੰਜਾਬੀਅਤ ਦਾ ਖੁੱਲ੍ਹਦਿਲੀ ਨਾਲ ਇਜ਼ਹਾਰ ਕਰਦੇ ਹਨ।ਇਸੇ ਤਰ੍ਹਾਂ ਮਾਘੀ ਦਾ ਤਿਉਹਾਰ ਲੋਹੜੀ ਤੋਂ ਅਗਲੇ ਦਿਨ ਅਤੇ ਮਾਘ ਮਹੀਨੇ ਦੇ ਪਹਿਲੇ ਦਿਨ ਭਾਵ ਮਾਘ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਪੰਜਾਬ ਚ 'ਮਾਘੀ' ਦੇ ਨਾਂ ਨਾਲ ਪ੍ਰਸਿੱਧ ਹੈ।ਇਸਨੂੰ ਮਕਰ ਸ਼ਕ੍ਰਾਂਤੀ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਸ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਆਉਂਦਾ ਹੈ,ਜੋ ਪੋਹ ਮਹੀਨੇ ਦੇ ਅਖੀਰਲੇ ਦਿਨ ਮਨਾਇਆ ਜਾਂਦਾ ਹੈ।

ਮਾਘੀ ਨੂੰ ਦਿਨ ਦੇ ਸਮੇਂ ਦੀ ਰੋਸ਼ਨੀ ਵਿੱਚ ਵਾਧਾ ਹੋਣ ਦਾ ਪ੍ਰਤੀਕ ਮੰਨਿਆ ਹੈ ਅਤੇ ਇਹ ਸਰਦੀ ਦੀ ਸੰਗਰਾਂਦ ਦਾ ਜਸ਼ਨ ਹੈ।ਇਸ ਦਿਨ ਤੋਂ ਸੂਰਜ ਆਪਣੀ ਯਾਤਰਾ ਦੀ ਸ਼ੁਰੂਆਤ ਉਤਰੀ ਦਿਸ਼ਾ ਵੱਲ ਕਰਦਾ ਹੈ ਅਤੇ ਇਸਦਾ ਜ਼ਿਕਰ "ਬੱੜਾ ਦਿਨ" (ਵੱਡਾ ਦਿਨ) ਦੇ ਤੌਰ ਤੇ ਕੀਤਾ ਜਾਂਦਾ ਹੈ। ਪੰਜਾਬੀ ਕਲੰਡਰ ਅਨੁਸਾਰ, ਇਸ ਦਿਨ ਤੋਂ ਗਰਮ ਮੌਸਮ ਦੀ ਸ਼ੁਰੂਆਤ ਹੋਣਾ ਵੀ ਮੰਨਿਆ ਜਾਂਦਾ ਹੈ।ਸ਼ੀਸ਼ਿਰ ਮੌਸਮ ਸਰਦੀ ਦੇ ਮੌਸਮ ਦਾ ਦੂਸਰਾ ਅੱਧ ਵੀ ਮਨਿਆ ਜਾਂਦਾ ਹੈ ਜਿਸ ਵਿੱਚ ਨਿਮਰ ਮੌਸਮ ਹੁੰਦਾ ਹੈ, ਅਤੇ ਇਸ ਤਰ੍ਹਾਂ ਮਾਘੀ ਨੂੰ ਮੌਸਮੀ ਤਿਓਹਾਰ ਮਨਿਆ ਜਾਂਦਾ ਹੈ।

ਭਾਰਤੀ ਸਭਿਆਚਾਰ ਵਿੱਚ ਇਸੇ ਤਰ੍ਹਾਂ ਦੇ ਮਿਥਿਹਾਸਕ,ਧਾਰਮਿਕ ਅਤੇ ਸਮਾਜਿਕ ਬਿਰਤਾਂਤਾਂ 'ਤੇ ਆਧਾਰਿਤ ਕਾਫੀ ਤਿਉਹਾਰ ਹਨ।

ਹਿੰਦੂ ਮੱਤ ਅਨੁਸਾਰ ਪੁਰਾਤਨ ਸਮੇਂ ਤੋਂ ਮਨਾਇਆ ਜਾਂਦਾ ਮਾਘੀ ਦਾ ਤਿਉਹਾਰ ਮਾਘ ਦੀ ਪੂਰਨਮਾਸ਼ੀ ਨੂੰ ਆਉਂਦਾ ਹੈ। ਇਸ ਦਿਨ ਸੂਰਜ ਧਨ ਰਾਸ਼ੀ ਵਿਚੋਂ ਮਕਰ ਰਾਸ਼ੀ ਵਿੱਚ ਪੈਰ ਪਾਉਂਦਾ ਹੈ। ਹਿੰਦੂਵਾਦੀ ਰਵਾਇਤਾਂ ਮੁਤਾਬਿਕ ਇਸ ਦਿਨ ਤੀਰਥ ਇਸ਼ਨਾਨ, ਪੁੰਨ-ਦਾਨ ਅਤੇ ਜੀਵ ਦਇਆ ਕਰਨਾ ਪਵਿੱਤਰ ਤੇ ਸ਼ੁਭ ਮੰਨਿਆ ਜਾਂਦਾ ਹੈ। ਮਾਨਤਾ ਹੈ ਕਿ ਇਸ ਨਾਲ ਮਨੁੱਖ ਦੇ ਪਾਪ ਅਤੇ ਮਾੜੇ ਕਰਮ ਨਵਿਰਤ ਹੋ ਜਾਂਦੇ ਹਨ। ਲੋਕ ਨਦੀਆਂ, ਸਮੁੰਦਰਾਂ, ਝੀਲਾਂ ਆਦਿ ਕੰਢੇ ਇਸ਼ਨਾਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ। ਹਿੰਦੂ ਵੇਦਾਂ ਅਤੇ ਸ਼ਾਸਤ੍ਰਾਂ ਅਨੁਸਾਰ ਮਾਘ ਮਹੀਨੇ ਦਾ ਇਹ ਪਹਿਲਾ ਦਿਨ ਬੜਾ ਪਵਿੱਤਰ ਮੰਨਿਆ ਗਿਆ ਹੈ। ਹਿੰਦੂ ਧਰਮ ਵਿੱਚ ਮਾਘੀ ਵਾਲੇ ਦਿਨ ਖਾਸ ਤੌਰ 'ਤੇ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਸਮਝਿਆ ਜਾਂਦਾ ਹੈ।

ਸਿੱਖ ਫਿਲਾਸਫੀ ਵਿਚ ਭਾਰਤੀ ਮਿਥਿਹਾਸ ਤੇ ਤਿਉਹਾਰਾਂ ਨੂੰ ਮਨਾਉਣ ਦੀ ਰਵਾਇਤ ਨਹੀਂ ਹੈ। ਸਿੱਖੀ ਆਧਾਰਸ਼ਿਲਾ, ਗੌਰਵਸ਼ਾਲੀ ਇਤਿਹਾਸਕ ਪਿਛੋਕੜ ਅਤੇ ਸਿਧਾਂਤਾਂ ਮੁਤਾਬਿਕ ਕੁਝ ਉਤਸਵ ਮਨਾਏ ਜਾਂਦੇ ਹਨ, ਉਹਨਾਂ ਵਿਚੋਂ ਮਾਘੀ ਦਾ ਤਿਉਹਾਰ ਵੀ ਇੱਕ ਹੈ।

ਸਿੱਖ ਧਰਮ ਵਿੱਚ ਮਾਘੀ ਦੇ ਉਤਸਵ ਦੀ ਉਪਰੋਕਤ ਪ੍ਰਸੰਗ ਵਿੱਚ ਮਿਥਿਹਾਸਕ ਸਾਰਥਕਤਾ ਨਾ ਹੋ ਕੇ ਧਾਰਮਿਕ ਅਤੇ ਇਤਿਹਾਸਿਕ ਬਹੁਤ ਵੱਡੀ ਮਹੱਤਤਾ ਹੈ। ਮਾਘੀ ਦੀ ਸੰਗਰਾਂਦ ਦੇ ਤਿਉਹਾਰ ਦਾ ਮਹੱਤਵ ਸਮਝਾਉਂਦਿਆਂ ਗੁਰੂ ਨੇ ਬਾਰਹ ਮਾਹਾ ਵਿੱਚ ਲਿਖਿਆ ਹੈ-

"ਮਾਘਿ ਮਜਨੁ ਸੰਗਿ ਸਾਧੂਆ
ਧੂੜੀ ਕਰ ਇਸਨਾਨੁ।।
ਹਰਿ ਕਾ ਨਾਮੁ ਧਿਆਇ ਸੁਣਿ
ਸਭਨਾ ਨੋ ਕਰਿ ਦਾਨੁ।।
ਜਨਮ ਕਰਮ ਮਲੁ ਉਤਰੈ
ਮਨ ਤੇ ਜਾਇ ਗੁਮਾਨੁ।।
ਕਰਮ ਕਰੋਧਿ ਨ ਮੋਹੀਐ
ਬਿਨਸੈ ਲੋਭੁ ਸੁਆਨੁ।।
ਸਚੈ ਮਾਰਗਿ ਚਲਦਿਆ



ਉਸਤਤਿ ਕਰੇ ਜਹਾਨੁ।।"

ਜਪੁਜੀ ਸਾਹਿਬ ਵਿੱਚ ਵੀ ਗੁਰੂ ਸਾਹਿਬ ਨੇ ਤੀਰਥਾਂ ਤੇ ਇਸ਼ਨਾਨ ਨੂੰ 'ਤੀਰਥੁ ਤਪੁ ਦਇਆ ਦਤੁ ਦਾਨੁ।। ਜੇ ਕੋ ਪਾਵੈ ਤਿਲ ਕਾ ਮਾਨੁ' ਦੁਆਰਾ ਤਿਲ ਮਾਤਰ ਹੀ ਮਾਣ ਵਡਿਆਈ ਦਾ ਮਿਲਣਾ ਫੁਰਮਾਇਆ ਗਿਆ ਹੈ। ਇਸੇ ਲਈ 'ਅੰਤਰਗਤਿ ਤੀਰਥਿ ਮਲਿ ਨਾਉ।।' ਦੇ ਉਪਦੇਸ਼ ਦੁਆਰਾ ਸੁਣਨ ਅਤੇ ਮੰਨਣ ਕਰਕੇ ਨਾਮ ਵਿਚ ਸੁਰਤ ਜੋੜਨ ਨਾਲ ਅੰਦਰਲਾ (ਮਾਨਸਿਕ) ਇਸ਼ਨਾਨ ਕਿਤੇ ਜ਼ਿਆਦਾ ਉੱਤਮ ਦਰਸਾਇਆ ਹੈ। ਭਾਈ ਗੁਰਦਾਸ ਜੀ ਅਨੁਸਾਰ ਤੀਰਥ ਇਸ਼ਨਾਨ, ਵਰਤ ਨੇਮ, ਸੰਜਮ ਆਦਿ ਦੀ ਕੋਈ ਧਾਰਮਿਕ ਮਹੱਤਤਾ ਨਹੀਂ ਅਤੇ ਨਾ ਹੀ ਅਜਿਹੇ ਕਰਮ ਅਤੇ ਪਾਖੰਡ ਦਰਗਾਹ ਵਿਚ ਜਾਂਦੇ ਹਨ। ਉਹਨਾਂ ਫੁਰਮਾਇਆ ਹੈ-

ਤੀਰਥ ਲਖ ਕਰੋੜਿ ਪੁਰਬੀ ਨਾਵਣਾ॥
ਦੇਵੀ ਦੇਵ ਸਥਾਨ ਸੇਵ ਕਰਾਵਣਾ॥
ਜਪ ਤਪ ਸੰਜਮ ਲਖ ਸਾਧਿ ਸਧਾਵਣਾ॥ ਹੋਮ ਜਗ ਨਈਵੇਦ ਭੋਗ ਲਗਾਵਣਾ॥
ਵਰਤ ਨੇਮ ਲਖ ਦਾਨ ਕਰਮ ਕਮਾਵਣਾ॥
ਲਉਬਾਲੀ ਦਰਗਾਹ ਪਖੰਡ ਨ ਜਾਵਣਾ ॥੧।।

ਸਿੱਖ ਧਰਮ ਮੁਤਾਬਿਕ ਇਸ ਉਤਸਵ ਦੀ ਇਹ ਧਾਰਮਿਕ ਮਹੱਤਤਾ ਵੀ ਹੈ ਅਤੇ ਵਿਲੱਖਣਤਾ ਵੀ ਹੈ। ਗੁਰਬਾਣੀ ਰਾਹੀਂ ਇਸ ਦਿਵਸ 'ਤੇ ਭਾਰਤੀ ਸਮਾਜ ਵਿਚ ਪ੍ਰਚਲਿਤ ਰੂੜੀਵਾਦੀ, ਪਿਛਾਂਹਖਿਚੂ ਝੂਠੇ ਅਡੰਬਰਾਂ ਅਤੇ ਕਰਮ ਕਾਂਡਾਂ ਦੀ ਥਾਂ ਵਾਹਿਗੁਰੂ, ਪ੍ਰਭੂ ਦੀ ਬੰਦਗੀ ਅਤੇ ਸਰੀਰਕ ਸ਼ੁੱਧਤਾ ਦੀ ਥਾਂ ਮਾਨਸਿਕ, ਰੂਹਾਨੀਅਤ, ਆਤਮਿਕ ਸ਼ੁੱਧਤਾ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਗਿਆ ਹੈ।

ਸਿੱਖ ਧਰਮ ਵਿੱਚ ਮਾਘੀ ਦਾ ਇਤਿਹਾਸਿਕ ਮਹੱਤਵ ਵੀ ਬਹੁਤ ਗੌਰਵਸ਼ਾਲੀ ਅਤੇ ਵਿਲੱਖਣ ਹੈ। ਇਸ ਦਾ ਪਿਛੋਕੜ ਸ੍ਰੀ ਮੁਕਤਸਰ ਸਾਹਿਬ (ਪੁਰਾਤਨ ਖਿਦਰਾਣੇ ਦੀ ਢਾਬ) ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਦੇਣ ਵਾਲੇ ਚਾਲੀ ਸਿੰਘਾਂ ਦੁਆਰਾ ਇੱਥੇ ਮੁਗਲ ਫੌਜ ਦਾ ਟਾਕਰਾ ਕਰਨ ਉਪਰੰਤ ਬੇਦਾਵਾ ਪੜਵਾ ਕੇ ਟੁਟੀ ਗੰਢਾਉਣ ਦੀ ਇਤਿਹ-ਾਸਿਕ ਘਟਨਾ ਤੋਂ ਸ਼ੁਰੂ ਹੁੰਦਾ ਹੈ। ਵੈਸਾਖ ਸੰਮਤ ੧੭੬੨ (੧੭੦੫ ਈ.) ਨੂੰ ਸਰਹੰਦ ਦਾ ਸੂਬਾ ਵਜੀਰ ਖਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦਾ ਮਾਲਵੇ ਆਇਆ ਤਦ ਸਿੰਘਾਂ ਨੇ ਖਿਦਰਾਣੇ ਦੇ ਤਾਲ (ਢਾਬ) ਨੂੰ ਕਬਜੇ ਵਿੱਚ ਲੈ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਸੀ। ਮਾਈ ਭਾਗੋ ਅਤੇ ਉਸ ਦੇ ਸਾਥੀ ਸਿੰਘਾਂ ਨੇ ਇਸ ਮੁਕਾਬਲੇ ਵਿਚ ਵੱਡੀ ਸੂਰਬੀਰਤਾ ਨਾਲ ਸ਼ਹੀਦੀ ਪਾਈ ਸੀ।

ਸ੍ਰੀ ਦਸਮੇਸ਼ ਪਿਤਾ ਜੀ ਨੇ ਭਾਈ ਮਹਾਂ ਸਿੰਘ ਦੀ ਬੇਨਤੀ ਤੇ ਆਖਰੀ ਇੱਛਾ ਪੂਰੀ ਕਰਨ ਲਈ ਬੇਦਾਵਾ ਪਾੜ ਕੇ ਟੁੱਟੀ ਸਿੱਖੀ ਗੰਢੀ ਸੀ ਅਤੇ ਇਸ ਮੁਕਾਬਲੇ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਮੁਕਤੀ ਬਖਸ਼ ਕੇ ਇਸ ਥਾਂ ਦਾ ਨਾਂ ਮੁਕਤਸਰ ਰਖਿਆ ਸੀ। ਸ਼ਹੀਦ ਹੋਏ ਇਹਨਾਂ ਚਾਲੀ ਸਿੰਘਾਂ ਨੂੰ ਸਿੱਖ ਪੰਥ ਵਿੱਚ 'ਚਾਲੀ ਮੁਕਤਿਆਂ' ਦੀ ਸਤਿਕਾਰਤ ਪਵਿੱਤਰ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। 'ਟੁੱਟੀ-ਗੰਢੀ' ਦੇ ਮੁਹਾਵਰੇ ਨਾਲ ਯਾਦ ਕੀਤੀ ਜਾਂਦੀ ਇਹ ਘਟਨਾ ਗੁਰੂ ਦੁਆਰਾ ਮਨੁੱਖ ਦੀ ਉਸ ਵਾਹਿਗੁਰੂ ਨਾਲ ਟੁੱਟੀ ਗੰਢਣ ਦੇ ਸਿਧਾਂਤ ਦਾ ਅਮਲੀ ਵਰਤਾਰਾ ਹੈ, ਜਿਸ ਦਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਂ ਕਥਨ ਹੈ।

ਮਾਘੀ ਦਾ ਦਿਹਾੜਾ ਸਿੱਖ ਔਰਤ ਦੀ ਬੀਰਤਾ, ਅਣਖ, ਨਿਡਰਤਾ ਦੇ ਉਪਦੇਸ਼ ਦੀ ਸਿਖਰਤਾ ਦਾ ਇਤਿਹਾਸਿਕ ਦਿਨ ਹੈ। ਸਿੱਖ ਬੀਬੀ ਮਾਈ ਭਾਗੋ ਨੇ ਖ਼ਾਲਸਾ ਫੌਜ ਦੀ ਅਗਵਾਈ ਕਰਦਿਆਂ ਗੁਰੂ ਸਾਹਿਬ ਜੀ ਨੂੰ ਬੇਦਾਵਾ ਦੇ ਆਏ ਸਿੱਖਾਂ ਨੂੰ ਪਛਤਾਵੇ ਲਈ ਮਜਬੂਰ ਕਰਕੇ ਘਰ ਵਾਪਸੀ ਲਈ ਉਤਸ਼ਾਹਿਤ ਕੀਤਾ ਸੀ। ਇਹ ਮਾਈ ਭਾਗੋ ਦਾ 40 ਸਿੰਘਾਂ 'ਤੇ ਕੀਤਾ ਉਪਕਾਰ ਸੀ। ਸਮੇਂ ਸਮੇਂ ਦੇ ਦੌਰ ਚ ਔਰਤਾਂ ਨੂੰ ਬਰਾਬਰੀ ਦੇ ਹੱਕਾਂ ਦੀ ਗੱਲ ਜਰੂਰ ਚੱਲਦੀ ਹੈ, ਪਰ ਦੁਸ਼ਮਣ ਦੇ ਟਿੱਡੀ ਦਲ ਮਰਦਾਂ ਨੂੰ ਜੰਗ-ਏ-ਮੈਦਾਨ ਲਲਕਾਰਨਾ ਅਤੇ ਖਾਲਸਾਈ ਫੌਜਾਂ ਦੀ ਅਗਵਾਈ ਕਰਨੀ ਮਾਈ ਭਾਗੋ ਦੇ ਹੀ ਹਿੱਸੇ ਆਇਆ ਹੈ। ਇਸ ਘਟਨਾ ਨੇ ਔਰਤ ਵਿਚਲੇ ਸਵੈਮਾਣ, ਗੈਰਤ ਅਤੇ ਅਣਖ ਦੇ ਗੁਣਾਂ ਦੇ ਪ੍ਰਤੱਖ ਜਲਵੇ ਨੂੰ ਰੂਪਮਾਨ ਕੀਤਾ ਹੈ। ਇਹ ਤਿਉਹਾਰ ਔਰਤਾਂ ਦੇ ਮਾਣ ਸਨਮਾਨ ਦੇ ਰਖਵਾਲੇ ਵਜੋਂ ਸਦਾ ਯਾਦ ਦਿਵਾਉਂਦਾ ਰਹੇਗਾ।

ਇਸ ਥਾਂ ਤੇ ਸੁੰਦਰ ਅਤੇ ਰਮਣੀਕ ਗੁਰਦੁਆਰਾ ਟੁੱਟੀ-ਗੰਢੀ ਸਾਹਿਬ ਸ਼ੁਸ਼ੋਭਿਤ ਹੈ। ਇੱਥੇ 12 ਮਹੀਨੇ 24 ਘੰਟੇ ਗੁਰਬਾਣੀ ਦਾ ਗੁਣਗਾਨ ਹੁੰਦਾ ਰਹਿੰਦਾ ਹੈ। ਇੱਥੇ ਹਰ ਸਾਲ ਮਾਘੀ ਨੂੰ ਭਾਰੀ ਜੋੜ ਮੇਲਾ ਲਗਦਾ ਹੈ। ਇਸ ਦਿਨ ਕੀਰਤਨ ਦਰਬਾਰ, ਕਥਾ, ਢਾਡੀ ਵਾਰਾਂ ਅਤੇ ਗੁਰਮਤਿ ਵਿਚਾਰਾਂ ਦਾ ਪ੍ਰਵਾਹ ਚਲਦਾ ਹੈ।

ਸਿੱਖ ਸ਼ਰਧਾਲੂ ਇਸ ਦਿਨ ਪਵਿਤਰ ਸਰੋਵਰ ਵਿਚ ਇਸ਼ਨਾਨ ਕਰਦੇ ਹਨ ਅਤੇ ਇਤਿਹਾਸਿਕ ਲੜਾਈ ਨਾਲ ਸੰਬੰਧਤ ਥਾਵਾਂ ਦੇ ਦਰਸ਼ਨ ਕਰਦੇ ਹਨ। ਗੁਰਦੁਆਰਾ ਟੁੱਟੀ ਗੰਢੀ ਸਾਹਿਬ ਤੋਂ ਗੁਰਦੁਆਰਾ ਟਿੱਬੀਸਰ ਤੱਕ ਮਹਾਨ ਕੀਰਤਨ ਕੱਢਿਆ ਜਾਂਦਾ ਹੈ। ਮਾਘੀ ਦਾ ਤਿਉਹਾਰ ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਧਾਰਮਿਕ ਦੀਵਾਨਾਂ ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਮੌਜੂਦਾ ਸਮੇਂ ਚ ਸਾਨੂੰ ਮੁਕਤਸਰ ਸਾਹਿਬ ਦੇ ਸ਼ਹੀਦਾਂ ਦੀ ਸ਼ਹਾਦਤ ਤੋਂ ਵੱਡੀ ਪ੍ਰੇਰਨਾ ਲੈਣ ਦੀ ਲੋੜ ਹੈ।ਮਾਘੀ ਹਿੰਦੂਆਂ ਅਤੇ ਸਿੱਖਾਂ ਦਾ ਸਾਂਝਾ ਤਿਉਹਾਰ ਹੈ।ਮਾਘੀ ਦਾ ਦਿਨ ਪੰਜਾਬ ਤੋਂ ਇਲਾਵਾ ਉੱਤਰਪ੍ਰਦੇਸ਼ ਵਿੱਚ ਰੰਗੋਲੀ, ਤਾਮਿਲਨਾਡੂ ਵਿੱਚ ਪੋਂਗਲ, ਮਹਾਰਾਸ਼ਟਰ ਵਿੱਚ ਮਿਲਣ ਦਿਵਸ ਵਜੋਂ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

# ਕੁਦਰਤ ਦੇ ਮੁੱਢਲੇ ਨਿਯਮ ਪਰਿਵਰਤਿਤ ਹੋਣਾ ਵਿਚ ਦਲਿਤਾਂ ਦੀ ਦਸ਼ਾ ਅਤੇ ਦਿਸ਼ਾ



ਚਰਨਜੀਤ ਸਿੰਘ ਬਿਨਪਾਲਕੇ
91-98722-42944

ਸਮੇਂ-ਸਮੇਂ ਅਨੁਸਾਰ ਮਨੁੱਖ ਦਾ ਪਰਿਵਰਤਿਤ ਹੋਣਾ, ਤਬਦੀਲ ਹੋਣਾ ਜਾਂ ਬਦਲਣਾ ਬਹੁਤ ਜ਼ਰੂਰੀ ਹੈ।ਜੋ ਵਿਅਕਤੀ ਸਮੇਂ ਦੇ ਅਨੁਸਾਰ ਆਪਣੇ ਆਪ ਵਿਚ ਬਦਲਾਅ ਨਹੀਂ ਕਰਦਾ ਉਹ ਕਦੇ ਵੀ ਤਰੱਕੀ ਨਹੀਂ ਕਰ ਸਕਦਾ।ਜੇਕਰ ਅਸੀਂ ਕਿਸੇ ਕਾਮਯਾਬ ਵਿਅਕਤੀ ਦੇ ਕੰਮਾਂ ਦੀ ਸਮੀਖਿਆ ਕਰੀਏ ਤਾਂ ਅਸੀਂ ਨਿਸ਼ਚੇ ਹੀ ਇਸ ਨਤੀਜੇ ਪਹੁੰਚਾਂਗੇ ਕਿ ਉਸ ਵਿਅਕਤੀ ਨੇ ਸਮੇਂ-ਸਮੇਂ ਸਿਰ ਆਪਣੇ ਆਪ ਨੂੰ ਅਤੇ ਆਪਣੇ ਕੰਮ ਕਰਨ ਦੇ ਢੰਗਾਂ ਨੂੰ ਤਬਦੀਲ ਕੀਤਾ ਹੈ, ਤਾਂ ਜਾ ਕੇ ਉਹ ਕੋਈ ਉੱਚਾ ਮੁਕਾਮ ਹਾਸਿਲ ਕਰ ਸਕਿਆ ਹੈ।ਮਨੁੱਖ ਵਿਚ ਬੀਮਾਰੀ ਪੈਦਾ ਕਰਨ ਵਾਲੇ ਕੁੱਝ ਵਾਇਰਸ ਅਜਿਹੇ ਹਨ ਜਿਹੜੇ ਆਪਣੀ ਕਿਸਮ ਨੂੰ ਬਦਲਦੇ ਰਹਿੰਦੇ ਹਨ ਤਾਂ ਕਿ ਉਨ੍ਹਾਂ ਉਤੇ ਐਂਟੀ-ਵਾਇਰਸ ਦਵਾਈ ਆਦਿ ਦਾ ਅਸਰ ਨਾ ਹੋਵੇ।ਇਕ ਆਮ ਕਹਾਵਤ ਹੈ ਕਿ ਲੋੜ ਕਾਢ ਦੀ ਮਾਂ ਹੁੰਦੀ ਹੈ।ਮਨੁੱਖ ਦੀਆਂ ਲੋੜਾਂ ਮਨੁੱਖ ਨੂੰ ਸਮੇਂ-ਸਮੇਂ ਅਨੁਸਾਰ ਪਰਿਵਰਤਿਤ ਹੋਣ ਦਾ ਸੁਨੇਹਾ ਦਿੰਦੀਆਂ ਹਨ।ਭਾਰਤ ਦੇਸ਼ ਲਈ ਮਰ ਮਿਟਣ ਵਾਲਾ, ਮੂਲ ਵਾਸੀ, ਸੂਰਵੀਰ, ਉੱਦਮੀ, ਸਿਰੜੀ, ਅਣਖੀ, ਯੋਧਾ ਦਲਿਤ ਸਮਾਜ ਜਿਸ ਕੋਲ ਸਾਰੇ ਵਸੀਲੇ ਹੁੰਦੇ ਹੋਇਆਂ ਦੇਸ਼ ਭਰ ਵਿਚ ਰਾਜਨੀਤਕ ਮੁਕਾਮ ਹਾਸਲ ਨਾ ਕਰ ਪਾਉਣਾ, ਆਰਥਿਕ ਪੱਧਰ 'ਤੇ ਤਰੱਕੀ ਦੀਆਂ ਮੱਲਾਂ ਨ ਮਾਰਨਾ ਅਤੇ ਐਜੂਕੇਸ਼ਨਲ ਖੇਤਰ, ਇੰਡਸਟਰੀਅਲ, ਮੈਡੀਕਲ, ਇੰਜ਼ੀਨੀਅਰਿੰਗ ਜਾਂ ਅਜਿਹੇ ਹੋਰ ਖੇਤਰ ਆਪਣਾ ਵੱਡਾ ਕਾਰੋਬਾਰ ਸਥਾਪਿਤ ਨਾ ਕਰਨ ਦਾ ਮੁੱਖ ਕਾਰਨ ਹੈ ਕਿ ਦਲਿਤ ਸਮਾਜ ਵਿਚ ਆਪਣੇ ਆਪ ਨੂੰ ਤਬਦੀਲ ਕਰਨ ਦੀ ਪ੍ਰਵਿਰਤੀ ਬੜੀ ਘੱਟ ਹੈ।ਉਹ ਜਿਸ ਦਾਇਰੇ ਵਿਚ ਹੈ ਬੱਝਾ ਹੈ ਜਾਂ ਜਿੱਥੇ ਵੀ ਜੁੜਿਆ ਹੈ ਉਥੇ ਭਾਵੇਂ ਉਸ ਦਾ ਨੁਕਸਾਨ ਹੀ ਕਿਉਂ ਨਾ ਹੋਈ ਜਾਵੇ ਉਹ ਸਹਜੇ ਕਿਤੇ ਉਸ ਨਾਲੋਂ ਟੁੱਟਣਾ ਨਹੀਂ ਚਾਹੁੰਦਾ।ਥੋੜੀ ਜਿਹੀ ਪ੍ਰਾਪਤੀ ਕਰਕੇ ਉਹ ਸੰਤੁਸ਼ਟ ਹੋ ਜਾਂਦਾ ਹੈ।ਇਹੀ ਕਾਰਨ ਹੈ ਕਿ ਦਲਿਤਾਂ ਵਿਚ ਪਰਵਾਸ ਕਰਨ ਦੀ ਪਰਵਿਰਤੀ ਵਿਚ ਸਮੇਂ ਅਨੁਸਾਰ ਬਦਲਾਅ ਨਹੀਂ ਆ ਰਿਹਾ।ਵਿਦੇਸ਼ਾ ਵਿਚ ਦੂਸਰੇ ਵਰਗਾਂ ਦੇ ਮੁਕਾਬਲੇ ਦਲਿਤਾਂ ਦੇ ਪ੍ਰਵਾਸ ਕਰਨ ਦੀ ਗਿਣਤੀ ਘੱਟ ਹੋਣ ਦਾ ਪ੍ਰਮੁੱਖ ਕਾਰਨ ਵੀ ਇਹੀ ਹੈ।

ਜੇਕਰ ਪੰਛੀਆਂ ਦੇ ਪ੍ਰਵਾਸ ਦੀ ਗੱਲ ਕਰੀਏ ਤਾਂ ਇਹ ਮੌਸਮ ਦੇ ਬਦਲਾਅ ਅਨੁਸਾਰ ਦੂਰ-ਦੁਰਾਡੇ ਦੇਸ਼ਾਂ ਵਿਚ ਜਾ ਕੇ ਪ੍ਰਵਾਸ ਕਰਦੇ ਹਨ।ਪੰਜਾਬ ਦੀ ਹਰੀਕੇ ਝੀਲ ਵਿਚ ਲੱਖਾਂ ਪੰਛੀ ਦਸੰਬਰ-ਜਨਵਰੀ ਮਹੀਨੇ ਵਿਚ ਦੂਸਰੇ ਠੰਡੇ ਮੁਲਕਾਂ ਤੋਂ ਹਜ਼ਾਰਾਂ ਮੀਲ ਪੈਂਡਾ ਤਹਿ ਕਰਕੇ ਆਉਂਦੇ ਹਨ ਤੇ ਫਰਵਰੀ-ਮਾਰਚ ਮਹੀਨੇ ਵਿਚ ਵਾਪਸ ਆਪਣੇ ਮੁਲਕ ਨੂੰ ਚਲੇ ਜਾਂਦੇ ਹਨ। ਸਵੇਰੇ ਅਤੇ ਤ੍ਰਿਕਾਲਾਂ ਨੂੰ ਕਈ ਵਾਰ ਅਸੀਂ ਪੰਛੀਆਂ ਦੀਆਂ ਡਾਰਾਂ (ਕਤਾਰਾਂ) ਨੂੰ ਜਾਂਦਿਆਂ-ਆਉਂਦਿਆਂ ਦੇਖਦੇ ਹਾਂ।ਇਹ ਪੰਛੀ ਆਲ੍ਹਣਿਆਂ ਵਿਚ ਆਪਣਿਆਂ ਬੱਚਿਆਂ ਨੂੰ ਇਕੱਲੇ ਛੱਡ ਕੇ ਆਪਣੇ ਚੋਗੇ ਅਰਥਾਤ ਅੰਨ ਦੀ ਭਾਲ ਵਿਚ ਸੈਂਕੜੇ ਮੀਲਾਂ ਦਾ ਪੰਧ ਤਹਿ ਕਰਕੇ ਚੋਗਾ ਚੁੱਗਦੇ ਅਤੇ ਜਾ ਕੇ ਆਪਣਿਆਂ ਬੱਚਿਆਂ ਨੂੰ ਵੀ ਖਿਲਾਉਂਦੇ ਹਨ।ਇਸ ਤਰਾਂ ਪੰਛੀ ਅਤੇ ਹੋਰ ਜੀਵ ਸਮੇਂ ਅਤੇ ਲੋੜ ਅਨੁਸਾਰ ਪ੍ਰਵਾਸ ਕਰਦੇ ਅਤੇ ਕੁਦਰਤ ਦੇ ਨਿਯਮ ਅਨੁਸਾਰ ਆਪਣੇ-ਆਪ ਨੂੰ ਪਰਵਰਤਿਤ ਕਰਦੇ ਰਹਿੰਦੇ ਹਨ।

ਦਲਿਤ ਸਮਾਜ ਵਿਚ ਪਰਵਾਸ ਕਰਨ ਦੀ ਪ੍ਰਵਿਰਤੀ ਬਹੁਤ ਘੱਟ ਹੋਣ ਦਾ ਮੂਲ ਕਾਰਨ ਇਹ ਹੈ ਕਿ ਇਹ ਸਮਾਜ ਭਾਵਨਾਵਾਂ ਨਾਲ ਬਹੁਤ ਜ਼ਿਅਦਾ ਜੁੜਿਆ ਹੋਇਆ ਹੈ। ਬੱਚਿਆਂ ਦਾ ਮੋਹ, ਪਰਿਵਾਰ ਦਾ ਮੋਹ, ਮਿੱਟੀ ਦਾ ਮੋਹ, ਜਨਮ ਭੂਮੀ ਦਾ ਮੋਹ ਅਤੇ ਦੇਸ਼ ਦਾ ਮੋਹ, ਇਸ ਸਮਾਜ ਨੂੰ ਇਕ ਥਾਂ, ਇਕ ਘੇਰੇ ਵਿਚ ਸਮੇਟ ਕੇ ਰੱਖਦਾ ਹੈ।ਇਥੋਂ ਤੱਕ ਕਿ ਇਹ ਆਪਣੇ ਪਿੰਡ, ਮੁਹੱਲੇ ਜਾਂ ਘਰ ਨੂੰ ਛੱਡ ਕੇ ਨਾਲ ਦੇ ਕਸਬੇ ਜਾਂ ਸ਼ਹਿਰ ਵਿਚ ਵਸਣ ਲਈ ਕੰਨੀਂ ਕਤਰਾਉਂਦੇ ਹਨ।ਇਸ ਦਾ ਇਸ ਨੇ ਬਹੁਤ ਵੱਡਾ ਨੁਕਸਾਨ ਉਠਾਇਆ ਹੈ ਤੇ ਆਉਣ ਵਾਲੇ ਸਮੇਂ ਹੋਰ ਨੁਕਸਾਨ ਉਠਾਵੇਗਾ।ਉਦਾਹਰਨ ਦੇ ਤੌਰ 'ਤੇ ਇਹ ਅਕਸਰ ਪਿੰਡ, ਸ਼ਹਿਰ ਦੀਆਂ ਤੰਗ ਗਲੀਆਂ ਵਿਚ ਨਿਵਾਸ ਕਰਦੇ ਹਨ। ਇਥੋਂ ਤੱਕ ਕਿ ਜਿਨ੍ਹਾਂ ਲੋਕਾਂ ਕੋਲ ਗੁੰਜਾਇਸ਼ ਹੁੰਦੀ ਹੈ, ਉਹ ਵੀ ਇਹ ਉਦਮ ਨਹੀਂ ਕਰਦੇ ਕਿ ਇਨ੍ਹਾਂ ਤੰਗ-ਗਲੀਆਂ ਵਾਲੇ ਮਕਾਨ ਵੇਚ ਕੇ ਕਿਤੇ ਬਾਹਰ ਮਾਡਰਨ ਕਾਲੋਨੀਆਂ ਵਿਚ ਜਿੱਥੇ ਚੌੜੀਆਂ ਸੜਕਾਂ, ਪਾਰਕਾਂ, ਸੀਵਰੇਜ, ਖੁੱਲ੍ਹਾ ਤੇ ਸਾਫ-ਸੁਥਰੇ ਮਾਹੌਲ ਵਿਚ ਰਿਹਾਇਸ਼ ਕਰੀਏ। ਬਸ ਉਥੇ ਹੀ ਉਪਰ ਤੋਂ ਉਪਰ ਮਕਾਨ ਬਣਾਈ ਜਾ ਰਹੇ ਹਾਂ।ਕਸਬਿਆਂ ਜਾਂ ਕਲੋਨੀਆਂ ਵਿਚ ਪਲਾਟ ਸਸਤਾ ਹੋਣ ਦੇ ਬਾਵਜੂਦ ਵੀ ਇਹ ਪਿੰਡਾਂ ਜਾਂ ਆਪਣੇ ਘਰਾਂ ਦੇ ਨਜ਼ਦੀਕ ਪਲਾਟ ਲੈਣ ਨੂੰ ਤਰਜੀਹ ਦਿੰਦੇ ਹਨ।ਇਨ੍ਹਾਂ ਦੇ ਨਿਵਾਸ ਦੀਆਂ ਤੰਗ ਗਲੀਆਂ ਵਿਚ ਗੱਡੀਆਂ ਤਾਂ ਕੀ ਮੋਟਰਸਾਇਕਲ ਖੜ੍ਹਾ ਕਰਨਾ ਵੀ ਬਹੁਤ ਔਖਾ ਹੁੰਦਾ ਹੈ। ਬਾਹਰ ਮੋਟਰ-ਸਾਇਕਲ ਲਗਾ ਕੇ ਰਿਸ਼ਤੇਦਾਰ ਅਜੇ ਅੰਦਰ ਜਾ ਕੇ ਬੈਠਦਾ ਹੀ ਹੈ ਕਿ ਬਾਹਰ ਪੀਂ-ਪੀਂ ਦੀ ਆਵਾਜ਼ ਆਉਣ ਲੱਗ ਜਾਂਦੀ ਹੈ ਕਿ ਮੋਟਰ-ਸਾਇਕਲ ਸਾਈਡ 'ਤੇ ਕਰੋ, ਅਸੀਂ ਆਪਣਾ ਵਹੀਕਲ ਲੰਗਾਉਣਾ ਆ। ਅੱਜ ਇਸ ਸਮਾਜ ਦੇ ਬਹੁਤ ਸਾਰੇ ਲੋਕ ਗੱਡੀਆਂ ਲੈਣ ਦੇ ਸਮਰੱਥ ਹਨ ਪਰ ਘਰ ਵਿਚ ਗੱਡੀ ਖੜ੍ਹੀ ਕਰਨ ਲਈ ਥਾਂ ਨਾ ਹੋਣ ਦੀ ਵਜ੍ਹਾ ਕਰਕੇ ਗੱਡੀ ਲੈਣ ਤੋਂ ਸੰਕੋਚ ਕਰਦੇ ਹਨ।

ਅੱਜ ਵੀ ਇਹ ਉਨ੍ਹਾਂ ਪਿੰਡਾਂ ਵਿਚ ਨਿਵਾਸ ਕਰਦੇ ਹਨ ਜਿਹੜੇ ਕਸਬਿਆਂ ਤੋਂ 10-15 ਕਿਲੋਮੀਟਰ ਜਾਂ ਇਸ ਤੋਂ ਹੋਰ ਜ਼ਿਆਦਾ ਦੂਰੀ ਤੇ ਹਨ ਹਨ। ਜਿਥੇ ਦਿਨ ਵਿਚ ਸਿਰਫ 3-4 ਵਾਰ ਬੱਸ ਜਾਂ ਟੈਂਪੂ ਜਾਂਦਾ ਹੈ।ਸ਼ਾਮ 4 ਵਜੇ ਤੋਂ ਬਾਅਦ ਉਨ੍ਹਾਂ ਪਿੰਡਾਂ ਨੂੰ ਜਾਣ ਵਾਸਤੇ ਕੋਈ ਸਾਧਨ ਨਹੀਂ ਹੁੰਦਾ ਨਾਲੇ ਸੁੰਨਮਸਾਨ ਰਸਤਾ। ਜੇਕਰ ਕੋਈ ਮਰੀਜ਼ ਸੀਰੀਅਸ ਹੋ ਜਾਵੇ ਤਾਂ 30-40 ਕਿਲੋਮੀਟਰ ਆਸ-ਪਾਸ ਕੋਈ ਹਸਪਤਾਲ ਨਹੀਂ।ਬੱਚਿਆਂ ਨੂੰ ਸਕੂਲ ਜਾਣ ਲਈ 10-15 ਕਿਲੋਮੀਟਰ ਬੱਸ ਜਾਂ ਸਾਇਕਲ 'ਤੇ ਜਾਣਾ ਪੈਂਦਾ ਹੈ। ਦੱਸੋ ਇਹ ਬੱਚੇ ਪੜ੍ਹਣਗੇ ਕਿਹੜੇ ਵੇਲੇ ਪਹਿਲਾਂ ਤਾਂ ਘਰੋਂ ਚੱਲੋ ਤੇ ਬੱਸ ਦੀ ਉਡੀਕ ਕਰੋ, ਇਕ ਘੰਟਾ ਲਗਾ ਕੇ ਕਸਬੇ ਪਹੁੰਚੋ। ਉਥੋਂ ਬੱਸ ਫੜ ਕੇ ਅੱਧਾ-ਪੌਣਾ ਘੰਟਾ ਲਗਾ ਕੇ ਸ਼ਹਿਰ ਪਹੁੰਚੋ ਫਿਰ ਸ਼ਹਿਰ ਤੋਂ ਬੱਸ, ਆਟੋ ਫੜ ਕੇ ਕਾਲਜ ਪੁਹੰਚੋ ਵਾਪਸੀ 'ਤੇ ਫਿਰ ਇਸੇ ਤਰਾਂ। ਜਰਾ ਸੋਚੋ ਕਿ ਰੋਜ਼ਾਨਾ ਦੀ ਇਸ ਪ੍ਰਕਿਰਿਆ 'ਤੇ ਕਿੰਨਾ ਸਮਾਂ ਤੇ ਪੈਸਾ ਖਰਚ ਆਇਆ ਅਤੇ ਕਿੰਨੀ ਪ੍ਰੇਸ਼ਾਨੀ ਝੱਲਣੀ ਪਈ। ਇਨ੍ਹਾਂ 80ਗ ਪਿੰਡਾਂ ਵਿਚ ਕੋਈ ਟਿਊਸ਼ਨ ਸੈਂਟਰ ਨਹੀ, ਕੋਈ ਖਰੀਦ-ਦਾਰੀ ਕਰਨ ਲਈ ਬਾਜ਼ਾਰ ਨਹੀਂ, ਕੋਈ ਵਧੀਆ ਸਿਹਤ ਸਹੂਲਤਾਂ, ਸਕੂਲ-ਕਾਲਜ ਨਹੀਂ।ਪਿੰਡਾਂ ਵਿਚ ਇਨ੍ਹਾਂ ਦੀ ਆਪਣੀ ਕੋਈ ਦੁਕਾਨਦਾਰੀ, ਖੇਤੀ-ਬਾੜੀ, ਕੰਮ-ਕਾਰ ਜਾਂ ਹੋਰ ਬਿਜਨੈੱਸ ਨਹੀਂ ਪਰ ਫਿਰ ਵੀ ਇਹ ਸਹੂਲਤਾਂ ਤੋਂ ਸੱਖਣੇ ਇਨ੍ਹਾਂ ਪਿੰਡਾਂ ਨੂੰ ਤਿਆਗਣ ਲਈ ਰਾਜ਼ੀ ਨਹੀਂ। ਪੁਰਾਣੇ ਸਮੇਂ ਖੇਤੀ-ਬਾੜੀ ਵਿਚ ਕੰਮ-ਕਾਰ ਮਿਲ ਜਾਂਦਾ ਸੀ। ਪਰ ਹੁਣ ਮਸ਼ੀਨਰੀ ਅਤੇ ਠੇਕੇਦਾਰੀ ਸਿਸਟਮ ਕਾਰਨ ਸਭ ਕੁਝ ਖਤਮ ਹੋ ਗਿਆ ਹੈ। ਜ਼ਿਮੀਂਦਾਰ ਦੇ ਘਰ ਦੇ 2-3 ਮੈਂਬਰ ਹੀ 50-60 ਏਕੜ ਦੀ ਖੇਤੀ ਕਰੀ ਜਾ ਰਹੇ ਹਨ। ਫਿਰ ਸ਼ਹਿਰ ਜਾਂ ਕਸਬੇ ਨੂੰ ਕੰਮ 'ਤੇ ਆਉਣ, ਪੜਨ, ਖਰੀਦਦਾਰੀ ਕਰਨ, 'ਤੇ ਹੋਰ ਸਮਾਜਿਕ ਕਾਰ-ਵਿਹਾਰਾਂ 'ਤੇ ਆਉਣ-ਜਾਣ ਲਈ, 10-15 ਕਿਲੋਮੀਟਰ ਸਾਇਕਲ ਜਾਂ ਮੋਟਰਸਾਇਕਲ 'ਤੇ ਆਉਣਾ ਪੈਂਦਾ ਹੈ।ਇਸ ਦਾ ਕਿੰਨਾ ਖਰਚ, ਸਮਾਂ ਅਤੇ ਬੋਝ ਪੈਂਦਾ ਹੈ ਇਸ ਦਾ ਅਸੀਂ ਕਦੇ ਹਿਸਾਬ ਨਹੀਂ ਲਗਾਉਂਦੇ।ਪੰਜਾਬ ਦੇ ਦਲਿਤ ਸਮਾਜ ਦੇ ਦੂਰ-ਦੁਰਾਡੇ ਪਿੰਡਾਂ ਵਿਚ ਰਹਿਣ ਕਰਕੇ ਹੀ ਪ੍ਰਵਾਸੀਆਂ ਨੇ ਸ਼ਹਿਰਾਂ ਤੇ ਕਸਬਿਆ ਦੇ ਛੋਟੇ-ਮੋਟੇ ਕਾਰੋਬਾਰਾਂ ਨੂੰ ਮੱਲ ਲਿਆ ਹੈ।ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਹੋਰ ਬਿਜਨੈਸ ਦੇ ਮਾਲਕ ਦੂਰੋਂ ਕੰਮ ਤੇ ਆਉਣ ਵਾਲਿਆ ਨਾਲੋਂ ਲੋਕਲ ਨੂੰ ਤਰਜੀਹ ਦਿੰਦੇ ਹਨ। ਪੰਜਾਬ ਦਾ ਪੜ੍ਹਿਆ ਲਿਖਿਆ, ਅਫਸਰ, ਬਿਜਨੈੱਸਮੈਨ, ਰਾਜਨੇਤਾ ਅਤੇ ਅਮੀਰ ਵਰਗ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਿਚ ਆਣ ਵਸਿਆ ਹੈ। ਪਿੰਡਾਂ ਵਿਚ ਤਹਾਨੂੰ ਡਾਕਟਰ, ਅਫਸਰ, ਵਕੀਲ ਬਹੁਤ ਘੱਟ ਮਿਲਣਗੇ।ਫਿਰ ਮੱਧ ਵਰਗੀ ਦਲਿਤ ਸਮਾਜ ਜਿਸ ਕੋਲ ਪਿੰਡ ਵਿਚ ਕੋਈ ਕਾਰੋਬਾਰ ਵੀ ਨਹੀਂ, ਉਪਰੋਂ ਸੁਵਿਧਾਵਾਂ ਦੀ ਘਾਟ ਉਹ ਔਖਾ-ਸੌਖਾ ਇਨ੍ਹਾਂ ਦੂਰ-ਦੁਰਾਡੇ ਪਿੰਡਾਂ ਨੂੰ ਛੱਡਣ ਲਈ ਤਿਆਰ ਕਿਉਂ ਨਹੀਂ ਹੈ? ਜੇਕਰ ਪੈਸੇ ਦੀ ਘਾਟ ਕਰਕੇ ਕਸਬਿਆਂ ਜਾਂ ਸ਼ਹਿਰਾਂ ਚ ਨਹੀ ਤਾਂ ਘੱਟੋ-ਘੱਟ ਇਨ੍ਹਾਂ ਦੇ ਨਾਲ ਲਗਦੇ ਪਿੰਡਾਂ ਵਿਚ ਤਾਂ ਆ ਕੇ ਵਸ ਜਾਵੇ।ਸਮੇਂ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਹੈ। ਫਿਰ ਇਹ ਆਪਣੇ-ਆਪ ਨੂੰ ਪਰਿਵਰਤਿਤ ਕਿਉਂ ਨਹੀ ਕਰ ਰਿਹਾ? ਹੁਣ ਜੇਕਰ ਕਿ ਚਲੋ ਕੋਈ ਗੱਲ ਨਹੀਂ ਕਿ 10-15 ਸਾਲਾਂ ਤੱਕ ਇਨ੍ਹਾਂ ਪਿੰਡਾਂ ਵਿਚ ਵੀ ਅਜਿਹੀਆਂ ਸਹੂਲਤਾਂ ਮਿਲ ਜਾਣਗੀਆਂ। ਪਹਿਲਾਂ ਤਾਂ ਇਹ ਸੰਭਵ ਨਹੀਂ ਪਰ ਜੇਕਰ ਕੁਝ ਸਹੂਲਤਾਂ ਸੰਭਵ ਵੀ ਹੋਣ ਉਦੋਂ ਤੱਕ ਕਸਬਿਆ ਤੇ ਸ਼ਹਿਰਾਂ ਇਨ੍ਹਾਂ ਖੇਤਰਾਂ ਨਾਲੋਂ ਹੋਰ ਅਡਵਾਂਸ ਹੋ ਜਾਣਾ ਹੈ ਫਿਰ ਇਸ ਸਮਾਜ ਨੂੰ ਕੀ ਲੋੜ ਪਈ ਹੈ ਕਿ ਇਸ ਨੇ ਹਮੇਸ਼ਾਂ ਹੀ 20 ਸਾਲ ਪਿੱਛੇ ਰਹਿਣਾ ਹੈ।

**ਸ਼ਹਿਰਾਂ ਜਾਂ ਕਸਬਿਆਂ ਵਿਚ ਵਿਚ ਆਵਾਸ ਕਰਨ ਦੇ ਲਾਭ :-** ਸ਼ਹਿਰੀ ਖੇਤਰ ਵਿਚ ਆਵਾਸ ਕਰਨ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਪਿੰਡਾ ਦੇ ਮੁਕਾਬਲੇ ਇਥੇ ਮੈਡੀਕਲ ਸਹੂਲਤਾਂ ਅਤੇ ਸਿਖਿਆ ਸੰਸਥਾਵਾਂ ਦੀ ਭਰਮਾਰ ਹੁੰਦੀ ਹੈ। ਸੋ ਜੇਕਰ ਤੁਹਾਡੇ ਬੱਚੇ ਨੇ ਡਾਕਟਰ, ਇੰਜ਼ੀਨੀਅਰ ਜਾਂ ਵਕੀਲ ਬਣਨਾ ਹੈ ਤਾਂ ਇਸ ਪੱਧਰ ਦੀਆਂ ਸੰਸਥਾਵਾਂ ਜਾਂ ਸਕੂਲ ਸਹਿਰਾਂ ਵਿਚ ਹੀ ਮਿਲ ਸਕਦੇ ਹਨ। ਅੱਜ ਹਰ ਡਿਗਰੀ/ਕੋਰਸ ਦੇ ਦਾਖਲੇ ਲਈ ਕੰਪੀਟੀਸ਼ਨ ਹੁੰਦਾਂ ਹੈ, ਜਿਸ

**(ਬਾਕੀ ਸਫਾ 21 'ਤੇ)**

# ਸਵਿੱਤ੍ਰੀ ਬਾਈ ਫੂਲੇ ਦੇ ਤਿੰਨ ਖ਼ਤ



*(ਭਾਰਤ ਦੀ ਪਹਿਲੀ ਅਧਿਆਪਕਾ ਸਾਵਿਤ੍ਰੀ ਬਾਈ ਫੂਲੇ ਅਤੇ ਉਨ੍ਹਾਂ ਦੇ ਜੀਵਨ ਸਾਥੀ ਜਯੋਤੀਬਾ ਫੂਲੇ ਦੀ ਸੰਘਰਸ਼ਮਈ ਜ਼ਿੰਦਗੀ ਅਤੇ ਕੰਮਾਂ ਨੇ ਆਧੁਨਿਕ ਸਮਾਜ ਦੀ ਨੀਂਹ ਰੱਖੀ।ਦਲਿਤਾਂ, ਥੁੜ੍ਹਾਂ ਮਾਰਿਆਂ, ਦੱਬਿਆਂ ਜ਼ੁਲਮ ਸਹਿੰਦੇ ਲੋਕਾਂ ਦੇ ਵਿਚਾਰਕ ਅੰਦੋਲਨਾਂ ਨੂੰ ਉਨ੍ਹਾਂ ਨੇ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਅਤੇ ਭਵਿੱਖ ਦੇ ਅੰਦੋਲਨਾਂ ਨੂੰ ਦਿਸ਼ਾ ਵੀ ਦਿੱਤੀ। ਉਨ੍ਹਾਂ ਨੇ ਆਪਣੇ ਅਨੁਭਵਾਂ ਅਤੇ ਵਿਚਾਰਾਂ ਦੇ ਪ੍ਰਗਟਾਅ ਲਈ ਸਾਹਿਤਕ ਰਚਨਾ ਵੀ ਕੀਤੀ ਜਿਸਦਾ ਇਤਿਹਾਸਕ ਮਹੱਤਵ ਹੈ। > ਸਾਵਿਤ੍ਰੀ ਬਾਈ ਫੂਲੇ ਨੇ ਆਪਣੇ ਪਤੀ ਜੋਤੀਬਾ ਫੂਲੇ ਨੂੰ 20 ਸਾਲਾਂ ਦੇ ਦੌਰਾਨ ਤਿੰਨ ਖ਼ਤ ਲਿਖੇ। (ਜੋ ਐਮ. ਜੀ. ਮਾਲੀ ਵਲੋਂ ਸੰਪਾਦਿਤ ਗ੍ਰੰਥ "ਸਾਵਿਤ੍ਰੀ ਬਾਈ ਫੂਲੇ ਦੀ ਸਮੂਚੀ ਰਚਨਾ" ਵਿਚ ਸੰਕਲਿਤ ਹਨ) ਇਹ ਖ਼ਤ ਸਮਾਜ ਦੀ ਇਤਿਹਾਸਕ ਵਿਰਾਸਤ ਹਨ। ਇਹ ਖ਼ਤ ਇਨ੍ਹਾਂ ਦੇ ਸਮਾਜਿਕ ਸਰੋਕਰਾਂ ਉੱਪਰ ਰੌਸ਼ਨੀ ਪਾਉਂਦੇ ਹਨ ਅਸੀ ਇੱਥੇ ਇਨ੍ਹਾਂ ਖ਼ਤਾਂ ਦਾ ਅਨੁਵਾਦ ਦੇ ਰਹੇ ਹਾਂ -ਸੰਪਾਦਕ)*

**ਪਹਿਲਾ ਖ਼ਤ**

**ਅਕਤੂਬਰ, 1856.**

**ਸਤਯਮੂਰਤੀ, ਜੋਤਿਬਾ ਮੇਰੇ ਸਵਾਮੀ,**

ਇੰਨੇ ਉਤਾਰਾਂ ਚੜ੍ਹਾਵਾਂ ਤੋਂ ਬਾਅਦ, ਲੱਗਦਾ ਹੈ ਹੁਣ ਮੇਰੀ ਤਬੀਅਤ ਪੂਰੀ ਤਰ੍ਹਾਂ ਵੱਲ ਹੋ ਗਈ ਹੈ। ਮੇਰੀ ਬਮਾਰੀ ਸਮੇਂ ਮੇਰੇ ਭਰਾ ਨੇ ਮੇਰੀ ਬਹੁਤ ਸੇਵਾ ਕੀਤੀ ਹੈ। ਉਸਦੀ ਸੇਵਾ ਅਤੇ ਭਗਤੀਭਾਵ ਇਹ ਦੱਸਦੇ ਹਨ ਕਿ ਉਹ ਸੱਚਮੁਚ ਹੀ ਬਹੁਤ ਸਨੇਹ ਕਰਨ ਵਾਲ਼ਾ ਭਰਾ ਹੈ। ਮੈਂ ਜਿਵੇਂ ਹੀ ਪੂਰੀ ਤਰ੍ਹਾਂ ਠੀਕ ਹੋ ਜਾਵਾਂਗੀ ਪੂਨੇ ਪਹੁੰਚ ਜਾਵਾਂਗੀ। ਮਿਹਬਾਨੀ ਕਰਕੇ ਮੇਰੀ ਚਿੰਤਾ ਨਾ ਕਰੋ। ਮੇਰੇ ਨਾ ਹੋਣ ਤੇ ਫਾਤਿਮਾ ਨੂੰ ਕਿੰਨੀ ਮੁਸ਼ਕਲ ਹੋਈ ਹੋਵੇਗੀ, ਇਹ ਮੈਂ ਜਾਣਦੀ ਹਾਂ ਪਰ ਮੈਨੂੰ ਯਕੀਨ ਹੈ ਕਿ ਉਹ ਸਭ ਸਮਝ ਜਾਏਗੀ ਅਤੇ ਸ਼ਿਕਾਇਤ ਨਹੀਂ ਕਰੇਗੀ।

ਇਕ ਦਿਨ ਸੁਭਾਵਿਕ ਗੱਲਬਾਤ ਚਲ ਰਹੀ ਸੀ ਕਿ ਮੇਰੇ ਭਰਾ ਨੇ ਕਿਹਾ ਕਿ, "ਤੇਨੂੰ ਤੇ ਤੇਰੇ ਪਤੀ ਨੂੰ ਜਾਤ ਨਿਕਾ਼ਲਾ ਠੀਕ ਹੀ ਦਿੱਤਾ ਗਿਆ ਹੈ ਕਿਉਂਕਿ ਤੁਸੀ ਦੋਨੋਂ ਅਛੂਤਾਂ (ਮਹਾਰ ਤੇ ਮਾਂਗ) ਦੀ ਸੇਵਾ ਕਰਦੇ ਹੋ। ਅਛੂਤ ਪਤਿਤ ਲੋਕ ਹਨ ਅਤੇ ਉਨ੍ਹਾਂ ਦੀ ਮਦਦ ਕਰਕੇ ਤੁਸੀਂ ਆਪਣੇ ਪਰਿਵਾਰ ਦਾ ਨਾਂ ਬਦਨਾਮ ਕਰਦੇ ਹੋ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਆਪਣੀ ਜਾਤੀ ਦੀਆਂ ਪ੍ਰੰਪਰਾਵਾਂ ਦੇ ਅਨੁਸਾਰ ਵਿਹਾਰ ਕਰੋ ਅਤੇ ਬ੍ਰਾਹਮਣਾਂ ਦੇ ਆਦੇਸ਼ਾਂ ਦਾ ਪਾਲਣ ਕਰੋ" ਭਰਾ ਦੀਆਂ ਇਨ੍ਹਾਂ ਕਠੋਰ ਗੱਲਾਂ ਤੋਂ ਮਾਂ ਬਹੁਤ ਦੁਖੀ ਹੋਈ। ਮੇਰਾ ਭਰਾ ਭਲਾ ਆਦਮੀ ਹੈ ਪਰ ਉਸਦੀ ਸੋਚ ਬੜੀ ਸੌੜੀ ਹੈ। ਇਸ ਲਈ ਉਸਨੇ ਸਾਡੀ ਕਠੋਰ ਆਲੋਚਨਾ ਕਰਨ ਅਤੇ ਸਾਨੂੰ ਬੁਰਾ ਭਲਾ ਕਹਿਣ ਵਿਚ ਰਤਾ ਵੀ ਝਿਝਕ ਨਹੀਂ ਦਿਖਾਈ। ਮੇਰੀ ਮਾਂ ਨੇ ਉਸਨੂੰ ਝਿੜਕਿਆ ਨਹੀਂ ਪਰ ਕੋਸ਼ਿਸ਼ ਕੀਤੀ ਕਿ ਉਹ ਹੋਸ਼ ਵਿਚ ਆਏ।"ਭਗਵਾਨ ਨੇ ਤੈਨੂੰ ਇੰਨੀ ਸੁਹਣੀ ਜ਼ੁਬਾਨ ਦਿੱਤੀ ਹੈ। ਇਸ ਦੀ ਦਰਵਰਤੋਂ ਨਹੀਂ ਕਰਨੀ ਚਾਹੀਦੀ।"

ਮੈਂ ਆਪਣੇ ਸਮਾਜਿਕ ਕੰਮਾਂ ਦਾ ਬਚਾਅ ਕਰਨ ਅਤੇ ਭਰਾ ਦੀ ਗ਼ਲਤਫ਼ਹਿਮੀ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਸ ਨੂੰ ਕਿਹਾ, "ਵੀਰ ਤੇਰੀ ਸੋਚ ਸੌੜੀ ਹੈ ਅਤੇ ਬ੍ਰਾਹਮਣਾਂ ਦੀ ਸੋਚ ਨੇ ਇਸ ਨੂੰ ਹੋਰ ਵੀ ਭੈੜੀ ਬਣਾ ਦਿੱਤਾ ਹੈ। ਬੱਕਰੀ ਅਤੇ ਗਾਂ ਵਰਗੇ ਜਾਨਵਰ ਤੇਰੇ ਲਈ ਅਛੂਤ ਨਹੀਂ ਹਨ। ਉਸਨੂੰ ਬੜੇ ਪਿਆਰ ਨਾ਼ਲ ਤੂੰ ਪਲੋਸਦਾ ਹੈਂ। ਨਾਗਪੰਚਮੀ ਵਾ਼ਲੇ ਦਿਨ ਜ਼ਹਿਰੀਲੇ ਸੱਪਾਂ ਨੂੰ ਫੜ ਫੜ ਕੇ ਦੁੱਧ ਪਿ਼ਲਾਉਂਦਾ ਹੈਂ। ਪਰ ਮਹਾਰ ਅਤੇ ਮਾਂਗ ਨੂੰ ਜੋ ਤੇਰੇ ਵਰਗੇ ਹੀ ਇਨਸਾਨ ਹਨ ਉਨ੍ਹਾਂ ਨੂੰ ਅਛੂਤ ਸਮਝਦਾ ਹੈਂ? ਜਦੋਂ ਬ੍ਰਾਹਮਣ ਪਵਿੱਤਰ ਕਪੜੇ ਪਾ ਕੇ ਪੂਜਾ ਪਾਠ ਕਰਦੇ ਹਨ ਤਾਂ ਉਹ ਤੁਹਾਨੂੰ ਵੀ ਅਸ਼ੁੱਧ ਅਤੇ ਅਛੂਤ ਮੰਨਦੇ ਹਨ। ਉਹ ਮੰਨਦੇ ਹਨ ਕਿ ਤੁਹਾਡਾ ਛੂਹਣਾ ਉਨ੍ਹਾਂ ਨੂੰ ਦੂਸ਼ਿਤ ਕਰ ਦੇਵੇਗਾ। ਉਹ ਤੁਹਾਡੇ ਨਾ਼ਲ ਮਹਾਰਾਂ ਤੋਂ ਵੱਖਰਾ ਵਿਹਾਰ ਨਹੀਂ ਕਰਦੇ।"

ਇਹ ਗੱਲ ਸੁਣ ਕੇ ਭਰਾ ਦਾ ਚਿਹਰਾ ਲਾਲ ਹੋ ਗਿਆ। ਉਸਨੇ ਮੈਨੂੰ ਪੁੱਛਿਆ, "ਤੰ ਉਨ੍ਹਾਂ ਮਹਾਰਾਂ ਅਤੇ ਮਾਗਾਂ ਨੂੰ ਕਿਉਂ ਪੜ੍ਹਾਉਂਦੀ ਹੈਂ? ਲੋਕ ਤੇਨੂੰ ਗਾ਼ਲੀਆਂ ਦਿੰਦੇ ਹਨ ਕਿ ਤੂੰ ਅਛੂਤਾਂ ਨੂੰ ਪੜ੍ਹਾਉਂਦੀ ਹੈਂ। ਜਦ ਲੋਕ ਭੈੜੀਆਂ ਗੱਲਾਂ ਕਰਦੇ ਹਨ ਅਤੇ ਤੇਰੇ ਕੰਮ ਵਿਚ ਟੰਗ ਅੜਾਉਂਦੇ ਹਨ ਤਾਂ ਮੇਰੇ ਤੋਂ ਇਹ ਕੁਝ ਬਰਦਾਸ਼ਤ ਨਹੀਂ ਹੁੰਦਾ। ਮੈਂ ਅਜਿਹਾ ਅਪਮਾਨ ਸਹਿਣ ਨਹੀਂ ਕਰ ਸਕਦਾ।" ਮੈਂ ਉਸਨੂੰ ਦੱਸਿਆ ਕਿ ਅੰਗਰੇਜ਼ ਲੋਕਾਂ ਲਈ ਕੀ ਕਰ ਰਹੇ ਹਨ।।ਮੈਂ ਕਿਹਾ, "ਪੜ੍ਹਾਈ ਲਿਖਾਈ ਦੇ ਬਗ਼ੈਰ ਨਿਰਾ ਡੰਗਰਪੁਣਾ ਹੈ। ਗਿਆਨ ਹਾਸਿਲ ਕਰਨ ਨਾ਼ਲ ਹੀ ਬ੍ਰਾਹਮਣ ਦੀ ਏਨੀ ਮਾਣ ਮਰਿਆਦਾ ਹੈ। ਸਿਖਿਆ ਤੇ ਗਿਆਨ ਉੱਚਕੋਟੀ ਦੀਆਂ ਚੀਜ਼ਾਂ ਹਨ।।ਜੋ ਗਿਆਨ ਹਾਸਿਲ ਕਰ ਲੈਂਦਾ ਹੈ ਉਹ ਆਪਣਾ ਹੇਠਲਾ ਦਰਜਾ ਤਿਆਗ ਕੇ ਉਚਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਮੇਰੇ ਪਤੀ ਦੇਵਤਾ ਹਨ, ਦੁਨੀਆਂ ਵਿਚ ਉਨ੍ਹਾਂ ਦੇ ਬਰਾਬਰ ਕੋਈ ਨਹੀਂ। ਉਨ੍ਹਾਂ ਦੀ ਕਿਸੇ ਨਾ਼ਲ ਤੁਲਨਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੂੰ ਲੱਗਦਾ ਹੈ ਕਿ ਅਛੂਤਾਂ ਨੂੰ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਆਜ਼ਾਦੀ ਪ੍ਰਾਪਤ ਕਰਨੀ ਚਾਹੀਦੀ ਹੈ। ਉਹ ਬ੍ਰਾਹਮਣਾਂ ਨਾ਼ਲ ਟੱਕਰ ਲੈਂਦੇ ਹਨ ਅਤੇ ਅਛੂਤਾਂ ਨੂੰ ਪੜ੍ਹਾਉਣ ਲਈ ਸੰਘਰਸ਼ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਅਛੂਤ ਵੀ ਹੋਰ ਲੋਕਾਂ ਵਾਂਗ ਹੀ ਮਨੁੱਖ ਹੀ ਹਨ ਅਤੇ ਉਨ੍ਹਾਂ ਨੂੰ ਵੀ ਇੱਜ਼ਤਦਾਰ ਲੋਕਾਂ ਵਾਂਗ ਜੀਉਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੂੰ ਸਿਖਿਅਤ ਹੋਣਾ ਹੀ ਹੋਵੇਗਾ। ਮੈਂ ਵੀ ਅਛੂਤਾਂ ਨੂੰ ਇਸੇ ਲਈ ਪੜ੍ਹਉਂਦੀ ਹਾਂ। ਇਸ ਵਿਚ ਗ਼ਲਤ ਕੀ ਹੈ? ਹਾਂ ਅਸੀਂ ਦੋਨੋਂ ਕੁੜੀਆਂ ਨੂੰ ਤੇ ਔਰਤਾਂ ਨੂੰ, ਮਾਂਗਾਂ ਅਤੇ ਮਹਾਰਾਂ ਨੂੰ ਸਿਖਿਆ ਦਿੰਦੇ ਹਾਂ। ਬ੍ਰਾਹਮਣ ਨਾਰਾਜ਼ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾ਼ਲ ਉਨ੍ਹਾਂ ਦੀ ਪਰੇਸ਼ਾਨੀ ਵਧੇਗੀ। ਇਸ ਲਈ ਉਹ ਸਾਡਾ ਵਿਰੋਧ ਕਰਦੇ ਹਨ ਅਤੇ ਇਹ ਮੰਤਰ ਜਪਦੇ ਰਹਿੰਦੇ ਹਨ ਕਿ ਅਜਿਹਾ ਕਰਨਾ ਸਾਡੇ ਧਰਮ ਦੇ ਖ਼ਿਲਾਫ਼ ਹੈ। ਉਹ ਸਾਡੀ ਨਿੰਦਾ ਕਰਦੇ ਹਨ ਅਤੇ ਸਾਨੂੰ ਜਾਤ ਬਰਾਦਰੀ ਵਿਚੋਂ ਛੇਕਦੇ ਹਨ ਅਤੇ ਤੁਹਾਡੇ ਵਰਗੇ ਚੰਗੇ ਲੋਕਾਂ ਦੇ ਮਨਾਂ ਵਿਚ ਵੀ ਜ਼ਹਿਰ ਘੋ਼ਲਦੇ ਹਨ।

"ਤੁਹਾਨੂੰ ਜ਼ਰੂਰ ਯਾਦ ਹੋਵੇਗਾ ਕਿ ਅੰਗਰੇਜ਼ ਸਰਕਾਰ ਨੇ ਮੇਰੇ ਪਤੀ ਨੂੰ ਉਨ੍ਹਾਂ ਦੇ ਮਹਾਨ ਕੰਮਾਂ ਕਰਕੇ ਸਨ-ਮਾਨਿਤ ਕਰਨ ਲਈ ਇਕ ਸਮਾਗਮ ਦਾ ਆਯੋਜਨ ਕੀਤਾ ਸੀ। ਉਨ੍ਹਾਂ ਦੇ ਸਨਮਾਨ ਨੇ ਦੁਸ਼ਟ ਲੋਕਾਂ ਦੇ ਮਨਾਂ ਵਿਚ ਈਰਖਾ ਪੈਦਾ ਕਰ ਦਿੱਤੀ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਪਤੀ ਤਰੇ ਵਾਂਗੂ ਭਗਵਾਨ ਦਾ ਨਾਂ ਲੈਣ ਵਾ਼ਲੇ ਜਾਂ ਤੀਰਥਾਂ ਤੇ ਜਾਣ ਵਾ਼ਲੇ ਹੀ ਨਹੀਂ ਹਨ। ਉਹ ਤਾਂ ਈਸ਼ਵਰ ਦਾ ਹੀ ਕੰਮ ਕਰ ਰਹੇ ਹਨ। ਮੈਂ ਇਸ ਕਮੰ ਵਿਚ ਉਨ੍ਹਾਂ ਦੀ ਮਦਦ ਕਰ ਰਹੀ ਹਾਂ। ਮੈਨੂੰ ਇਹ ਕੰਮ ਕਰਨਾ ਚੰਗਾ ਲੱਗਦਾ ਹੈ। ਅਜਿਹੀ ਸੇਵਾ ਕਰਨ ਨਾ਼ਲ ਮੈਨੂੰ ਅਪਾਰ ਖ਼ੁਸ਼ੀ ਮਿ਼ਲਦੀ ਹੈ। ਇਸ ਤੋਂ ਦਿਹ ਵੀ ਪਤਾ ਲੱਗਦਾ ਹੈ ਕਿ ਕਿ ਕੋਈ ਇਨਸਾਨ ਕਿਸ ਉਚਾਈ ਤਕ ਪਹੁੰਚ ਸਕਦਾ ਹੈ।"

ਮਾਂ ਤੇ ਭਰਾ ਮੇਰੀਆਂ ਗੱਲਾਂ ਬੜੇ ਧਿਆਨ ਨਾ਼ਲ ਸੁਣ ਰਹੇ ਸਨ। ਭਰਾ ਆਖ਼ਿਰ ਮੇਰੇ ਨਾ਼ਲ ਸਹਿਮਤ ਹੋ ਗਿਆ। ਜੋ ਕੁਝ ਉਸਨੇ ਕਿਹਾ ਸੀ ਉਸ ਲਈ ਉਸਨੇ ਪਸ਼ਚਾਤਾਪ ਵੀ ਕੀਤਾ ਅਤੇ ਮੇਰੇ ਤੋਂ ਮੁਆਫ਼ੀ ਵੀ ਮੰਗੀ। ਮਾਂ ਨੇ ਕਿਹਾ, "ਸਾਵਿਤ੍ਰੀ ਤੇਰੇ ਮੂੰਹੋਂ ਤਾਂ ਭਗਵਾਨ ਦੇ ਸ਼ਬਦ ਸੁਣਾਈ ਦੇ ਰਹੇ ਹਨ। ਤੇਰੀਆਂ ਸਿਆਣੀਆਂ ਗੱਲਾਂ ਸੁਣ ਕੇ ਅਸੀਂ ਤਾਂ ਧੰਨ ਹੋ ਗਏ।" ਮਾਂ ਤੇ ਭਰਾ ਤੋਂ ਅਜਿਹੀ ਵਡਿਆਈ ਸੁਣ ਕੇ ਮੈਨੂੰ ਦਿਲੋਂ ਖ਼ੁਸ਼ੀ ਮਿ਼ਲੀ। ਇਸਤੋਂ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਪੂਨੇ ਦੀ ਤਰ੍ਹਾਂ ਇੱਥੇ ਵੀ ਕਈ ਕਮਅਕਲ ਲੋਕ ਦੂਸਰਿਆਂ ਦੇ ਮਨਾਂ ਵਿਚ ਜ਼ਹਿਰ ਭਰ ਰਹੇ ਹਨ ਅਤੇ ਸਾਡੇ ਖ਼ਿ਼ਲਾਫ਼ ਝੂਠੀਆਂ ਗੱਲਾਂ ਫੈਲਾਅ ਰਹੇ ਹਨ। ਪਰ ਅਸੀਂ ਉਨ੍ਹਾਂ ਤੋਂ ਡਰ ਕੇ ਸ਼ੁਰੂ ਕੀਤੇ ਭਲੇ ਕੰਮ ਨੂੰ ਕਿਉਂ ਛੱਡ ਦਈਏ? ਚੰਗਾ ਇਹ ਹੀ ਹੋਵੇਗਾ ਕਿ ਅਸੀਂ ਇਸ ਕੰਮ ਵਿਚ ਲੱਗੇ ਰਹੀਏ। ਅਸੀਂ ਇਨ੍ਹਾਂ ਸਾਰਿਆਂ ਉੱਪਰ ਜਿੱਤ ਪ੍ਰਾਪਤ ਕਰਾਂਗੇ ਅਤੇ ਭਵਿੱਖ ਵਿਚ ਜਿੱਤ ਸਾਡੀ ਹੋਵੇਗੀ। ਭਵਿੱਖ ਸਾਡਾ ਹੈ।

*ਮੈਂ ਹੋਰ ਕੀ ਲਿਖਾਂ? ਸਵਿਨਯ ਪ੍ਰਣਾਮ,*

*ਆਪਦੀ ਸਾਵਿਤ੍ਰੀ।*

**ਦੂਸਰਾ ਖ਼ਤ**

**29 ਅਗਸਤ 1868**

**ਨਈ ਗਾਂਵ, ਪੇਟਾ ਖੰਡਾਲਾ**

**ਸਤਾਰਾ**

**ਸਤਯਮੂਰਤੀ, ਜੋਤਿਬਾ ਮੇਰੇ ਸਵਾਮੀ,**

**ਸਾਵਿਤ੍ਰੀ ਦਾ ਸਲਾਮ।**

ਮੈਨੂੰ ਤੁਹਾਡਾ ਪੱਤਰ ਮਿ-ਲਿਆ਼। ਅਸੀਂ ਇੱਥੇ ਠੀਕ ਠਾਕ ਹਾਂ। ਮੈਂ ਅਗਲੇ ਮਹੀਨੇ ਦੀ ਪੰਜ ਤਾਰੀਖ਼ ਨੂੰ ਆ ਰਹੀ ਹਾਂ। ਇਸ ਬਾਰੇ ਤੁਸੀਂ ਕੋਈ ਚਿੰਤਾ ਨਾ ਕਰਨਾ। ਇੱਥੇ ਇਕ ਅਜੀਬ ਘਟਨਾ ਘਟੀ ਹੈ। ਕਿੱਸਾ ਇਸ ਤਰ੍ਹਾਂ ਹੈ ਕਿ ਗਣੇਸ਼ ਨਾਂ ਦਾ ਇਕ ਬ੍ਰਾਹਮਣ ਪਿੰਡ ਪਿੰਡ ਜਾ ਕੇ ਕਰਮਕਾਂਡ ਕਰਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਦਾ ਭਵਿੱਖ ਦੱਸਦਾ ਹੈ। ਇਸੇ ਨਾ਼ਲ ਉਸਦੀ ਰੋਟੀ-ਰੋਜ਼ੀ ਚਲਦੀ ਸੀ। ਇਕ ਨੌਜਵਾਨ ਮਹਾਰ ਕੁੜੀ ਸ਼ਰਜਾ ਅਤੇ ਗਣੇਸ਼ ਨੂੰ ਇਕ ਦੂਜੇ ਨਾ਼ਲ ਪ੍ਰੇਮ ਹੋ ਗਿਆ ਜਦੋਂ ਲੋਕਾਂ ਨੂੰ ਉਨ੍ਹਾਂ ਦੇ ਪ੍ਰੇਮ ਸੰਬੰਧਾਂ ਦਾ ਪਤਾ ਲੱਗਾ ਤਾਂ ਕੁੜੀ ਨੂੰ ਅੱਠਵਾਂ ਮਹੀਨਾ ਚਲ ਰਿਹਾ ਸੀ। ਪਿੰਡ ਵਾਲਿ਼ਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਪੂਰੇ ਪਿੰਡ ਵਿਚ ਘੁਮਾਇਆ ਅਤੇ ਮਾਰਨ ਦੀ ਧਮਕੀ ਵੀ ਦਿੱਤੀ। ਮੈਨੂੰ ਇਸ ਘਾਤਕ ਯੋਜਨਾ ਦਾ ਪਤਾ ਲੱਗਾ ਤਾਂ ਮੈਂ ਤੁਰੰਤ ਉਸ ਥਾਂ ਪਹੁੰਚੀ। ਅਤੇ ਲੋਕਾਂ ਨੂੰ ਡਰਾ ਧਮਕਾ ਕੇ ਉੱਥੋਂ ਦੌੜਾ ਦਿੱਤਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਜੇ ਉਹ ਇਹ ਹੱਤਿਆਵਾਂ ਕਰਨਗੇ ਤਾਂ ਬਰਤਾਨੀਆਂ ਦੇ ਕਾਨੂੰਨ ਤਹਿਤ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮੇਰੀ ਧਮਕੀ ਸੁਣ ਕੇ ਉਨ੍ਹਾਂ ਨੇ ਪ੍ਰੇਮੀਆਂ ਨੂੰ ਮਾਰਨ ਦਾ ਇਰਾਦਾ ਤਿਆਗ ਦਿੱਤਾ। ਗੁੱਸੇ ਵਿਚ ਲਾਲ-ਪੀਲ਼ੇ ਹੋਏ ਸਾਧੂਭਾਊ ਨੇ ਕਿਹਾ ਕਿ ਇਸ ਕਪਟੀ ਬ੍ਰਾਹਮਣ ਮੁੰਡੇ ਅਤੇ ਅਛੂਤ ਕੁੜੀ ਨੂੰ ਪਿੰਡ ਛੱਡ ਕੇ ਜਾਣਾ ਪਵੇਗਾ। ਦੋਨੋਂ ਪ੍ਰੇਮੀ ਅਜਿਹਾ ਕਰਨ ਲਈ ਤਿਆਰ ਹੋ ਗਏ। ਮੇਰੇ ਦਖ਼ਲ ਨੇ ਦੋਨਾਂ ਦੀ ਜਾਨ ਬਚਾ ਲਈ। ਦੋਨੋਂ ਮੇਰੇ ਪੈਰੀਂ ਪੈ ਕੇ ਰੋਣ ਲੱਗੇ। ਮੈਂ ਜਿਵੇਂ ਕਿਵੇਂ ਉਨ੍ਹਾਂ ਨੂੰ ਧੀਰਜ ਦਿੱਤਾ ਅਤੇ ਸ਼ਾਂਤ ਕੀਤਾ। ਹੁਣ ਮੈਂ ਉਨ੍ਹਾਂ ਦੋਨਾਂ ਨੂੰ ਤੁਹਾਡੇ ਕੋ਼ਲ ਭੇਜ ਰਹੀ ਹਾਂ।

*ਮੈਂ ਹੋਰ ਕੀ ਲਿਖਾਂ?*

*ਆਪਦੀ, ਸਾਵਿਤ੍ਰੀ।*

**ਤੀਸਰਾ ਖ਼ਤ**

**29 ਅਗਸਤ 1877**

**ਓਟਰ, ਜੁੱਨਰ।**

**ਸਤਯਮੂਰਤੀ, ਜੋਤਿਬਾ ਮੇਰੇ ਸਵਾਮੀ,**

**ਸਾਵਿਤ੍ਰੀ ਦਾ ਸਲਾਮ।**

1876 ਬੀਤ ਗਿਆ ਪਰ ਅਕਾ਼ਲ ਖ਼ਤਮ ਨਹੀਂ ਹੋਇਆ, ਵਿਕਰਾਲ ਰੂਪ ਵਿਚ ਅਜੇ ਵੀ ਇਹ ਮੌਜੂਦ ਹੈ। ਲੋਕ ਮਰ ਰਹੇ ਹਨ। ਜਾਨਵਰ ਮਰ ਰਹੇ ਹਨ, ਧਰਤੀ ਤੇ ਡਿੱਗੇ ਪਏ ਹਨ। ਭੋਜਨ ਦੀ ਬੇਹੱਦ ਘਾਟ ਹੈ। ਜਾਨਵਰਾਂ ਲਈ ਚਾਰਾ ਨਹੀਂ ਹੈ। ਲੋਕ ਆਪਣੇ ਪਿੰਡ ਛੱਡਣ ਲਈ ਮਜਬੂਰ ਹੋ ਰਹੇ ਹਨ। ਕੁਝ ਲੋਕ ਆਪਣੇ ਬੱਚਿਆਂ, ਛੋਟੀਆਂ ਬੱਚੀਆਂ ਨੂੰ ਬੇਚ ਰਹੇ ਹਨ ਅਤੇ ਪਿੰਡ ਛੱਡ ਰਹੇ ਹਨ। ਨਦੀਆਂ, ਨਾ਼ਲੇ ਤਲਾਅ ਸਾਰੇ ਪੂਰੀ ਤਰ੍ਹਾਂ ਸੁੱਕ ਗਏ ਹਨ।

ਪੀਣ ਨੂੰ ਪਾਣੀ ਤਕ ਨਹੀਂ ਹੈ। ਦਰਖ਼ਤ ਤਬਾਹ ਹੋ ਰਹੇ ਹਨ, ਇਨ੍ਹਾਂ ਤੇ ਪੱਤੇ ਵੀ ਨਹੀਂ ਰਹੇ। ਜ਼ਮੀਨ ਵਿਚ ਤਰੇੜਾਂ ਪਈਆਂ ਹੋਈਆਂ ਹਨ। ਸੂਰਜ ਤਪ ਰਿਹਾ ਹੈ, ਲੋਕ ਭੋਜਨ ਤੇ ਪਾਣੀ ਲਈ ਕਰਾਹ ਰਹੇ ਹਨ। ਮਰਨ ਲਈ ਜ਼ਮੀਨ ਤੇ ਡਿੱਗ ਰਹੇ ਹਨ। ਕੁਝ ਲੋਕ ਜ਼ਹਿਰੀਲੇ ਫ਼ਲ ਖਾ ਰਹੇ ਹਨ ਅਤੇ ਤੇਹ ਮਿਟਾਉਣ ਲਈ ਆਪਣਾ ਪਿਸ਼ਾਬ ਪੀ ਰਹੇ ਹਨ। ਸਾਡੇ ਸਤਯ ਸ਼ੋਧਕ ਕਾਰਕੁੰਨਾਂ ਨੇ ਜ਼ਰੁਰਤਮੰਦ ਲੋਕਾਂ ਨੂੰ ਖਾਣਾ ਅਤੇ ਜੀਵਨ ਰੱਖਿਅਕ ਚੀਜ਼ਾਂ ਮੁਹੱਈਆ ਕਰਵਾਉਣ ਲਈ ਕਮੇਟੀਆਂ ਬਣਾਈਆਂ ਹਨ। ਇਨ੍ਹਾਂ ਕਮੇਟੀਆਂ ਨੇ ਬਚਾਅ ਦਲਾਂ ਦਾ ਗਠਨ ਵੀ ਕੀਤਾ ਹੈ।

ਭਾਈ ਕੋਂਡਾਜ਼ ਅਤੇ ਉਨ੍ਹਾਂ ਦੀ ਪਤਨੀ ਉਮਾ ਬਾਈ ਮੇਰਾ ਚੰਗੀ ਤਰ੍ਹਾਂ ਖ਼ਿਆਲ ਰੱਖ ਰਹੇ ਹਨ। ਓਟਰ ਦੇ ਸ਼ਾਸਤਰੀ, ਗਣਪਤਿ ਸਖਾਰਨ, ਡੁੰਬਰੇ ਪਾਟਿਲ, ਅਤੇ ਦੂਸਰੇ ਲੋਕ ਤੁਹਾਡੇ ਕੋ਼ਲ ਆਉਣ ਦੀ ਯੋਜਨਾ ਬਣਾ ਰਹੇ ਹਨ। ਚੰਗਾ ਹੋਵੇ ਜੇ ਤੁਸੀਂ ਸਿਤਾਰਾ ਤੋਂ ਓਟਰ ਆ ਜਾਵੋ ਅਤੇ ਉੱਥੋਂ ਅਹਿਮਦਨਗਰ ਜਾਈਏ।

ਤੁਹਾਨੂੰ ਆਰ. ਬੀ. ਕ੍ਰਿਸ਼ਨ ਜੀ ਪੰਤ ਅਤੇ ਲਕਸ਼ਮਣ ਸ਼ਾਸਤਰੀ ਯਾਦ ਹੋਣਗੇ। ਉਹ ਮੇਰੇ ਨਾ਼ਲ ਅਕਾਲ ਪ੍ਰਭਾਵਿਤ ਖੇਤਰਾਂ ਵਿਚ ਗਏ ਸਨ, ਉਨ੍ਹਾਂ ਨੇ ਦੁਖੀਆਂ ਦੀ ਰੁਪਏ-ਪੈਸੇ ਨਾ਼ਲ ਮਦਦ ਕੀਤੀ ਹੈ। ਸਾਹੂਕਾਰ ਬੜੀ ਧ੍ਰਿਸ਼ਟਤਾ ਨਾ਼ਲ ਇਨ੍ਹਾਂ ਹਾਲਾਤ ਦਾ ਫ਼ਾਇਦਾ ਉਠਾ ਰਹੇ ਹਨ। ਅਕਾਲ ਦੇ ਕਾਰਣ ਬਹੁਤ ਬੁਰੀਆਂ ਬੁਰੀਆਂ ਗੱਲਾਂ ਹੋ ਰਹੀਆਂ ਹਨ। ਦੰਗੇ ਫ਼ਸਾਦ ਹੋ ਰਹੇ ਹਨ। ਕਲੈਕਟਰ ਨੇ ਇਸ ਬਾਰੇ ਸੁਣਿਆਂ ਤਾਂ ਉਹ ਹਾਲਾਤ ਨੂੰ ਆਮ ਬਣਾਉਣ ਲਈ ਪਹੁੰਚੇ। ਉਨ੍ਹਾਂ ਨੇ ਗੋਰੇ ਸਿਪਾਹੀਆਂ ਨੂੰ ਤੈਨਾਤ ਕੀਤਾ ਅਤੇ ਹਾਲਾਤ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ।

ਪੰਜਾਹ ਸਤਯ ਸ਼ੋਧਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਕਲੈਕਟਰ ਨੇ ਮੈਨੂੰ ਗੱਲਬਾਤ ਕਰਨ ਲਈ ਬੁਲਾਇਆ। ਮੈਂ ਕਲੈਕਟਰ ਨੂੰ ਪੁੱਛਿਆ ਕਿ ਇਨ੍ਹਾਂ ਭਲੇ ਸਵਯੰ ਸੇਵਕਾਂ ਨੂੰ ਬੇਵਜਹਾ ਝੂਠੇ ਦੋਸ਼ਾਂ ਵਿਚ ਫਸਾ ਕੇ ਕਿਉਂ ਫੜਿਆ ਗਿਆ ਹੈ? ਮੈਂ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਤੁਰੰਤ ਰਿਹਾ ਕਰਨਾ ਚਾਹੀਦਾ ਹੈ।

ਕਲੈਕਟਰ ਨਿਹਾਇਤ ਹੀ ਸ਼ਰੀਫ਼ ਤੇ ਨਿਰਪੱਖ ਸੀ। ਉਹ ਗੋਰੇ ਸਿਪਾਹੀਆਂ ਉਪਰ ਚਿਲੱਾਏ, "ਕੀ ਪਾਟਿਲ ਕਿਸਾਨ ਡਾਕੇ ਮਾਰਦੇ ਹਨ? ਇਨ੍ਹਾਂ ਨੂੰ ਆਜ਼ਾਦ ਕਰੋ।" ਕਲੈਕਟਰ ਲੋਕਾਂ ਦੀ ਹਾਲਤ ਦੇਖ ਕੇ ਪਸੀਜ ਗਏ, ਉਨ੍ਹਾਂ ਨੇ ਤੁਰੰਤ ਹੀ ਜਵਾਰ ਦੀਆਂ ਚਾਰ ਬੈਲ ਗੱਡੀਆਂ ਰਵਾਨਾ ਕੀਤੀਆਂ।

ਤੁਸੀਂ ਗਰੀਬਾਂ ਅਤੇ ਜ਼ਰੂਰਤਮੰਦਾਂ ਲਈ ਉਦਾਰ ਅਤੇ ਕਲਿਆਣਕਾਰੀ ਕੰਮਾਂ ਦੀ ਸ਼ੁਰੂਆਤ ਕੀਤੀ ਹੈ। ਇਸ ਜ਼ੁਮੇਵਾਰੀ ਵਿਚ ਮੈਂ ਵੀ ਤੁਹਾਡਾ ਹੱਥ ਵਟਾਉਣਾ ਚਾਹੁੰਦੀ ਹਾਂ। ਮੈਂ ਤੁਹਾਨੂੰ ਭਰੋਸਾ ਦੁਆਉਂਦੀ ਹਾਂ ਕਿ ਮੈਂ ਹਮੇਸ਼ਾ ਤੁਹਾਡੀ ਸਹਾਇਆ ਕਰਾਂਗੀ। ਮੈਂ ਕਾਮਨਾ ਕਰਦੀ ਹਾਂ ਕਿ ਇਸ ਪਵਿਤ੍ਰ ਕੰਮ ਰਾਹੀਂ ਵੱਧ ਤੋਂ ਵੱਧ ਲੋਕਾਂ ਦੀ ਸਹਾਇਆ ਕੀਤੀ ਜਾਵੇ। ਮੈਂ ਹੋਰ ਕੁਝ ਨਹੀਂ ਲਿਖਣਾ ਚਾਹੁੰਦੀ।

*ਆਪਦੀ, ਸਾਵਿਤ੍ਰੀ।*

*(ਦੇਸ ਹਰਿਆਣਾ ਮੈਗਜ਼ੀਨ ਤੋਂ ਧੰਨਵਾਦ ਸਹਿਤ, ਹਿੰਦੀ ਤੋਂ ਪੰਜਾਬੀ ਅਨੁਵਾਦ: ਕਜਸ)*

# ਸਮਾਜ ਦੀਆਂ ਲੋੜਾਂ

**(ਸਫਾ 6 ਦੀ ਬਾਕੀ)**

ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਉਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ।

ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ।

ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਬਾਬੂ ਮੰਗੂ ਰਾਮ ਮੁੱਗੋਵਾਲੀਆ,**

**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

**ਧੰਨਵਾਦ ਸਹਿਤ- "ਕੌਮੀ ਉਡਾਰੀਆਂ"**

# ਸਾਵਧਾਨ ਅੱਗੇ ਟੈਕਸ ਸੀਜ਼ਨ ਹੈ? ਭਾਗ-2



**ਗੁਰਦੀਪ ਕੌਰ**
**916-695-0035**

ਆਮਦਨ ਦੇ ਸਾਰੇ ਸਰੋਤਾਂ ਵਿਚ ਸਾਡੀਆਂ ਕਿਰਾਏ ਤੇ ਦਿੱਤੇ ਗਏ ਮਕਾਨ ਜਾਂ ਜ਼ਮੀਨ ਤੋਂ ਹੋ ਰਹੀ ਆਮਦਨ, ਟਿਪ ਆਮਦਨ, ਇਨਾਮੀ ਰਾਸ਼ੀਆਂ ਤੇ ਐਵਾਰਡ, ਜੂਏ ਵਿਚ ਜਿੱਤੀ ਤੇ ਹਾਰੀ ਆਮਦਨ, ਜਿਊਰੀ ਡਿਊਟੀ ਦੀ ਤਨਖਾਹ, ਜਿੱਤੀਆਂ ਲਾਟਰੀਆਂ, ਲੱਕੀ ਪ੍ਰਾਈਜ਼, ਬੈਂਕਾਂ ਦੇ ਬਣਾਏ ਡੈਬਿਟ- ਕ੍ਰੈਡਿਟ ਕਾਰਡਾਂ ਤੋਂ ਆਮਦਨ ਆਦਿਕ ਸਾਰੀਆਂ ਆਮਦਨਾਂ ਕਰ ਅਧਿਕਾਰ ਖੇਤਰ ਵਿਚ ਆਉਂਦੀਆਂ ਹਨ। (ਪਰ ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ) ਨਾ ਚੁਕਾਏ ਗਏ ਡਾਕਟਰੀ ਬਿਲ ਵੀ ਸਾਡੀ ਆਮਦਨ ਵਿਚ ਆਉਂਦੇ ਹਨ।

1040 ਫਾਰਮ ਤੇ ਅਸੀਂ ਆਪਣੀ ਜਾਣ-ਪਹਿਚਾਣ ਦਿੰਦੇ ਹੋਏ ਆਪਣਾ ਸਟੇਟਸ ਲਿਖਦੇ ਹਾਂ। ਜਿਵੇਂ ਇਕੱਲਾ, ਵਿਆਹਿਆ ਤੇ ਇਕੱਠਾ, ਵਿਆਹਿਆ ਪਰ ਜੁਦਾ, ਘਰ ਦਾ ਮੁਖੀਆ ਜਾਂ ਜਾਇਜ਼ ਵਿਧਵਾ ਜਾਂ ਵਿਧੁਰ, ਇਹ ਸ਼ਬਦ ਸਾਡੀ ਟੈਕਸ ਭਰਨ ਵਾਲੇ ਫਾਰਮ ਦੀ ਪਹਿਲੀ ਪ੍ਰਾਥਮਿਕਤਾ ਹੈ ਤੇ ਸਾਡੇ ਟੈਕਸ ਭਰਨ ਵਾਲੇ ਫਾਰਮ ਦੀ ਪੌੜੀ ਦੀ ਪਹਿਲੀ ਡੰਡੀ ਹੈ, ਜਿਸ ਤੋਂ ਸਾਡੇ ਟੈਕਸ ਫਾਰਮ ਦੀ ਰੂਪ-ਰੇਖਾ ਤਿਆਰ ਕੀਤੀ ਜਾਂਦੀ ਹੈ। ਇੱਥੇ ਹੀ ਅਸੀਂ ਆਪਣੇ ਵਾਰਸ ਜਾਂ ਜਿਹਨਾਂ ਦੀ ਜ਼ਿੰਮੇਵਾਰੀ ਸਾਨੂੰ ਚੁੱਕਣੀ ਹੁੰਦੀ ਹੈ, ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹਾਂ। ਉਹਨਾਂ ਦੇ ਨਾਂ, ਉਮਰ ਤਾਰੀਖਾਂ, ਸੋਸ਼ਲ ਸਕਿਊਰਟੀ ਨੰਬਰ, ਤੁਹਾਡੇ ਨਾਲ ਰਿਸ਼ਤਾ ਆਦਿ-ਆਦਿ। ਇਸ ਫਾਰਮ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਕਿਹਨਾਂ ਕੜੀਆਂ ਤੇ ਲੜੀਆਂ ਤਹਿਤ ਵੱਧ ਮੁਨਾਫਾ ਲੈ ਸਕਦੇ ਹਾਂ। ਆਪਣੀਆਂ ਜ਼ਿੰਮੇਵਾਰੀਆਂ ਦੀ ਪੇਸ਼ਗੀ ਇੱਥੇ ਹੀ ਬਿਆਨ ਕਰਕੇ ਸਾਨੂੰ ਟੈਕਸ ਭਰਨ ਦਾ ਸਹੀ ਦਿਸ਼ਾ ਨਿਰਦੇਸ਼ ਮਿਲਦਾ ਹੈ।

ਟੈਕਸ ਤਿਆਰ ਕਰਨ ਵਾਲਾ ਆਪਣੇ ਗਾਹਕ ਦੀ ਮੁਢਲੀ ਜਾਣਕਾਰੀ ਫਾਰਮ ਵਿਚ ਤਰਤੀਬਵਾਰ ਭਰ ਕੇ, ਉਸ ਲਈ ਉਸਦੇ ਭਵਿੱਖ ਦਾ ਟੈਕਸ ਕਰ ਨਿ-ਰਧਾਰਿਤ ਕਰਨ ਵਾਲਾ ਖਾਕਾ ਤਿਆਰ ਕਰ ਦਿੰਦਾ ਹੈ। ਗਲਤੀ ਦੀ ਕਿਤੇ ਸ਼ੱਕ ਜਾਂ ਗੁੰਜਾਇਸ਼ ਦੀ ਮਾਤਰਾ ਸਿਰਫ ਜ਼ੀਰੋ ਮਾਤਰ ਹੀ ਹੁੰਦੀ ਹੈ। ਦੂਜੇ ਪੜਾਅ ਅਧੀਨ ਟੈਕਸ ਤਿਆਰ ਕਰਤਾ, ਆਪਣੇ ਗਾਹਕ ਨੂੰ ਸਾਫ ਸ਼ਬਦਾਂ ਵਿਚ ਦੱਸ ਦਿੰਦਾ ਹੈ ਕਿ ਕਿਹਨਾਂ ਸ਼੍ਰੇਣੀਆਂ ਵਿਚ ਉਸਨੂੰ ਟੈਕਸ ਦੇ ਕੁਝ ਪੈਸੇ ਵਾਪਸ ਹੋਣਗੇ ਜਾਂ ਹੋ ਸਕਦੇ ਹਨ ਜਾਂ ਦੇਣੇ ਪੈਣਗੇ, ਨਿਸਚਿਤ ਕਰਦਾ ਹੈ। ਕਰਤਾਦਾ ਤੇ ਨਿਰਭਰ ਲੋਕਾਂ ਦੀ ਗਿਣਤੀ, ਉਸਨੂੰ ਕਰ ਵਾਪਸ ਲੈਦ ਵਿਚ ਮਦਦ ਕਰਦੀ ਹੈ।

ਇਸੇ ਲੜੀ ਤਹਿਤ ਉਸਨੂੰ ਵਿਦਿਅਕ ਲਾਭ ਤੇ ਕਮਾਈ ਹੋਈ ਕਮਾਈ ਦਾ ਲਾਭ ਮਿਲਣਾ ਵੀ ਨਿਸਚਿਤ ਹੁੰਦਾ ਹੈ। ਬੁਢਾਪਾ ਪੈਨਸ਼ਨ ਤੇ ਬੁਢਾਪਾ ਪੈਨਸ਼ਨ ਸਕੀਮਾਂ, ਅਪੰਗਹੀਣਤਾ, ਸਮੇਂ ਤੋਂ ਪਹਿਲਾਂ ਪੈਨਸ਼ਨ ਲੈਣਾ, ਟੈਕਸ ਪੈਨਲਟੀ ਤੋਂ ਪਹਿਲਾਂ ਟੈਕਸ ਦਾ ਵਿਤਰਣ (ਰੋਲਓਵਰ) ਰਿਟਾਇਰਮੈਂਟ ਸਕੀਮਾਂ, ਪੈਨਸ਼ਨਾਂ ਤੇ ਸਲਾਨਾ ਪੈਸਾ ਵੰਡ ਸਕੀਮਾਂ, ਸਮੇਂ ਤੋਂ ਪਹਿਲਾਂ ਪੈਸੇ ਦੀ ਨਿਕਾਸੀ ਤੇ ਉਸਦੀ ਪੈਨਲਟੀ ਆਦਿਕ ਸਾਰੇ ਵਿਸਥ-ਾਰਿਤ ਖਾਕੇ ਟੈਕਸ ਦੀ ਨੀਤੀ ਨੂੰ ਨੀਅਤ ਕਰਦੇ ਹਨ।

**(ਚਲਦਾ)**

# ਕੀ ਜੁਡੀਸ਼ਰੀ ਸੰਵਿਧਾਨ ਤੋਂ ਉਤੇ ਹੈ?



ਕੇ. ਸੀ. ਸੁਲੇਖ
0172-4623503

ਭਾਰਤ ਹਿੰਦੂ ਰਾਸ਼ਟਰ ਹੈ- ਇੱਥੇ ਸ਼ੁੱਧ ਹਿੰਦੂ ਰਾਜ ਹੀ ਹੋਣਾ ਚਾਹੀਦਾ ਹੈ। ਇਸ ਨਾਅਰੇ ਦੀ ਬਦੌਲਤ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਮੋਦੀ ਰਾਜ ਬਣਿਆ ਅਤੇ ਮੋਦੀ ਰਾਜ ਦੀ ਬਦੌਲਤ ਇਹ ਸੁਪਨਾ ਅਤੇ ਹਵਾਈ ਨਾਅਰੇ ਹੁਣ ਹਕੀਕਤ ਬਣਦੇ ਨਜ਼ਰ ਆ ਰਹੇ ਹਨ। ਇਸ ਨਾਅਰੇ ਨੂੰ ਸਾਕਾਰ ਕਰਨ ਲਈ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਅਤੇ ਉਸ ਦੀਆਂ ਸਹਿਯੋਗੀ ਸੰਸਥਾਵਾਂ ਵਿਸ਼ਵ ਹਿੰਦੂ ਪ੍ਰੀਸ਼ਿਦ, ਬਜਰੰਗ ਦਲ, ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਦਾ ਆਪਣੇ ਅਥਾਹ ਸਾਧਨਾਂ ਦ ਜ਼ੋਰ ਤੇ ਹਕੂਮਤ ਅਤੇ ਸਮਾਜ ਤੇ ਦਬਾਅ ਬਣਾਉਣਾ ਤਾਂ ਹੋਰ ਗੱਲ ਹੈ ਪਰ ਦੇਸ਼ ਦੇ ਸਿਆਸੀ ਝਮੇਲਿਆਂ ਤੋਂ ਨਿਰਲੇਪ ਸਮਝੀ ਜਾਣ ਵਾਲੀ ਜੁਡੀਸ਼ਰੀ (ਨਿਆਂਪਾਲਿਕਾ) ਦਾ ਆਰ ਐਸ ਐਸ ਦੀ ਸੰਪ੍ਰਦਾਇਕ ਵਿਚਾਰਧਾਰਾ ਦੀ ਪਿੱਠ ਠੋਕਣਾ ਨਾ ਕੇਵਲ ਟਾਇਮਸ ਆਫ ਇੰਡੀਆ (14 ਦਸੰਬਰ) ਦੇ ਅਨੁਸਾਰ ਚੌਂਕਾਅ ਦੇਣ ਵਾਲੀ ਹੱਦੋਂ ਬਾਹਰ ਟੱਪਣ ਦੀ ਗੱਲ ਹੈ ਬਲਕਿ ਸੱਚ ਪੁੱਛੋ ਤਾਂ ਸੰਪਰਦਾਇਕ ਮਾਨਸਿਕਤਾ ਹੀ ਦੇਸ਼ ਅਤੇ ਸਮਾਜ ਲਈ ਅਤਿਅੰਤ ਖਤਰਨਾਕ ਹੈ। ਇਸੇ ਅਖ਼ਬਾਰ ਦੇ ਸੰਪਾਦਕੀ ਅਨੁਸਾਰ ਮੇਘਾਲਿਆ ਹਾਈਕੋਰਟ ਦੇ ਜੱਜ ਸੁਦੀਪ ਰੰਜਨ ਸੇਨ ਦੇ ਅਜਿਹੇ ਫੈਸਲੇ ਤੇ ਸੁਪਰੀਮ ਕੋਰਟ ਨੇ ਰੋਕ ਲਗਾ ਕੇ ਨਾ ਕੇਵਲ ਸਹੀ ਕੀਤਾ ਸਗੋਂ ਉਸ ਦੀ ਰਾਏ ਅਨੁਸਾਰ ਇਸ ਆਰਡਰ ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਹੈ।

ਮੇਘਾਲਿਆ ਹਾਈਕੋਰਟ ਦੇ ਜੱਜ ਸ਼੍ਰੀ ਐਸ ਆਰ ਸੇਨ ਨੇ ਆਪਣੇ ਵਿਚਾਰ ਅਧੀਨ ਕਿਸੇ ਫੌਜੀ ਰੰਗਰੂਟ ਦੇ ਨਿਵਾਸ ਸਥਾਨ ਸਬੰਧੀ ਮਾਮਲੇ ਵਿੱਚ ਫੈਸਲਾ ਦੇਣ ਦੇ ਨਾਲ-ਨਾਲ ਰਾਜਨੀਤੀ ਨਾਲ ਸਬੰਧਤ ਵਿਚਾਰ ਨੂੰ ਸ਼ਾਮਿਲ ਕਰ ਦਿੱਤਾ, ਉਸ ਨੇ ਬਿਨਾਂ ਜ਼ਰੂਰਤ ਇਕ ਨਵੇਂ ਵਿਵਾਦ ਨੂੰ ਖੜ੍ਹਾ ਕਰ ਦਿੱਤਾ ਹੈ ਕਿ ਕੀ ਨਿਆਂਪਾਲਿਕਾ ਨੂੰ ਰਾਜਨੀਤਿਕ ਮਾਮਲਿਆਂ ਖਾਸ ਕਰ ਹਿੰਦੂ ਮੁਸਲਿਮ ਝਗੜੇ ਜਿਹੇ ਅਤਿ ਸੰਵੇਦਨਸ਼ੀਲ ਮਾਮਲੇ ਵਿੱਚ ਕਿਸੇ ਇਕ ਪਾਰਟੀ ਦਾ ਪੱਖ ਲੈਣਾ ਉਚਿੱਤ ਹੈ। ਕੁਝ ਰਾਜਨੀਤਿਕ ਪਾਰਟੀਆਂ ਨੇ ਜੱਜ ਸਾਹਿਬ ਦੇ ਇਸ ਗ਼ੈਰ ਸੰਵਿਧਾਨਿਕ ਪ੍ਰਗਟਾਵੇ ਦਾ ਗੰਭੀਰ ਨੋਟਿਸ ਲੈਂਦਿਆਂ ਉਹਨਾਂ ਦੇ ਖ਼ਿਲਾਫ ਮਹਾ ਅਭਿਯੋਗ ਕਾਰਵਾਈ ਕਰਨ ਦਾ ਫੈਸਲਾ ਵੀ ਕਰ ਲਿਆ ਹੈ।

ਜੱਜ ਸਾਹਿਬ ਨੇ ਟ੍ਰਿਬਿਊਨ (14 ਦਸੰਬਰ) ਦੇ ਸ਼ਬਦਾਂ ਵਿੱਚ ਆਪਣੇ ਮਨ ਦੇ ਸਨਕੀ ਵਿਚਾਰਾਂ ਦੇ ਬੋਝ ਨੂੰ ਹਲਕਾ ਕਰਦਿਆਂ ਕਹਿ ਹੀ ਦਿੱਤਾ ਹੈ (ਜਿਸ ਦਾ ਕਾਨੂੰਨ ਦੀ ਵਿਆਖਿਆ ਨਾਲ ਦੂਰ ਦਾ ਵੀ ਸਬੰਧ ਨਹੀ ਹੈ) ਕਿ ਭਾਰਤ ਨੂੰ 1947 ਵਿੱਚ ਆਜ਼ਾਦੀ ਮਿਲਣ ਤੋਂ ਬਾਅਦ ਜਿਸ ਤਰ੍ਹਾਂ ਪਾਕਿਸਤਾਨ ਨੇ ਆਪਣੇ ਆਪ ਨੂੰ ਇਸਲਾਮੀ ਦੇਸ਼ ਐਲਾਨ ਦਿੱਤਾ ਸੀ ਉਸੇ ਤਰ੍ਹਾਂ ਭਾਰਤ ਨੂੰ ਵੀ ਹਿੰਦੂ ਦੇਸ਼ ਬਣ ਜਾਣਾ ਚਾਹੀਦਾ ਸੀ। ਟ੍ਰਿਬਿਊਨ ਲਿਖਦਾ ਹੈ ਕਿ ਵਿਚਾਰ ਅਧੀਨ ਮਾਮਲਾ ਤਾਂ ਫੌਜੀ ਜਵਾਨ ਨੂੰ ਨਿਵਾਸ ਸਥਾਨ ਬਾਰੇ ਸਰਟੀਫਿਕੇਟ ਦਾ ਸੀ ਉਸ ਵਿਚ ਪਾਕਿਸਤਾਨ ਦੇ ਇਸਲਾਮੀ ਦੇਸ਼ ਅਤੇ ਭਾਰਤ ਦੇ ਹਿੰਦੂ ਦੇਸ਼ ਬਣਨ ਦਾ ਸਵਾਲ ਕਿਵੇਂ ਪੈਦਾ ਹੋ ਗਿਆ ਹੈ। ਮੁੱਖ ਸਵਾਲ ਨੂੰ ਲਾਂਭੇ ਕਰ ਕੇ ਦੂਜੇ ਮੁੱਦੇ ਤੇ ਹੀ ਵਿਆਖਿਆਨ ਦੇ ਦਿੱਤਾ ਕਿ ਆਜ਼ਾਦੀ ਤੋਂ ਬਾਅਦ ਭਾਰਤ ਹਿੰਦੂ ਦੇਸ਼ ਕਿਉਂ ਨਹੀਂ ਬਣਿਆ। ਉਹਨਾਂ ਦੇ ਵਿਵੇਕ ਅਨੁਸਾਰ ਮੁਗਲਾਂ ਦੇ ਰਾਜ ਤੋਂ ਪਹਿਲਾਂ ਭਾਰਤ ਇਕ ਸੰਯੁਕਤ ਹਿੰਦੂ ਸਾਮਰਾਜ ਸੀ ਜਿਸ ਵਿਚ ਅੱਜ ਦੇ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਸ਼ਾਮਿਲ ਸਨ ਅਤੇ ਜਦ ਹੁਣ ਦੇਸ਼ ਦਾ ਬਟਵਾਰਾ ਮਜ਼ਬ (ਧਰਮ) ਦੇ ਆਧਾਰ ਤੇ ਹੋਇਆ ਤਾਂ ਪਾਕਿਸਤਾਨ ਵਾਂਗ ਭਾਰਤ ਵੀ ਹਿੰਦੂ ਦੇਸ਼ ਕਿਉਂ ਨਹੀਂ ਬਣਨਾ ਚਾਹੀਦਾ ਸੀ। ਗੱਲ ਫੈਸਲੇ ਵਿੱਚ ਦਿੱਤੇ ਵਿਆਖਿਆਨ ਨਾਲ ਖਤਮ ਨਹੀਂ ਹੋ ਗਈ। ਜੱਜ ਸਾਹਿਬ ਨੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਅਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਵੀ ਉਪਦੇਸ਼ ਵਜੋਂ ਸੂਚਿਤ ਕਰ ਦਿੱਤਾ।

ਸਟੇਟ (ਪ੍ਰਦੇਸ਼) ਦੀ ਸਰਬ ਉੱਚ ਅਦਾਲਤ ਦੇ ਜੱਜ ਦੀ ਕਲਮ ਤੋਂ ਨਿਕਲੇ ਫੈਸਲੇ/ਵਿਆਖਿਆਨ ਨੇ ਕਈ ਹੋਰ ਗੰਭੀਰ ਪ੍ਰਕਾਰ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕੀ ਨਿਆਂ ਪਾਲਿਕਾ ਦਾ ਦੇਸ਼ ਦੇ ਰਾਜਨੀਤਿਕ ਮਾਮਲਿਆਂ ਵਿੱਚ ਦਖ਼ਲ ਦੇਣਾ ਸੰਵਿਧਾਨ ਦੇ ਸਿਧਾਂਤਾ ਦੀ ਰੌਸ਼ਨੀ ਵਿੱਚ ਸਹੀ ਹੈ ਹੈ? ਜਿਸ ਦੀ ਨਿਸ਼ਟਾ ਪੂਰਵਕ ਪਾਲਣਾ ਕਰਨ ਦੀ ਸੌਂਹ ਚੁੱਕ ਕੇ ਜੱਜ ਸਾਹਿਬਾਨ ਪਦ ਗ੍ਰਹਿਣ ਕਰਦੇ ਹਨ। ਭਾਰਤ ਇਕ ਸੈਕੂਲਰ (ਧਰਮ ਨਿਰਪੱਖ) ਦੇਸ਼ ਹੈ ਕਿਸੇ ਇਕ ਕੌਮ, ਪਾਰਟੀ ਜਾਂ ਸੰਸਥਾ ਦਾ ਨਹੀਂ। ਦੇਸ਼ ਵਿਚ ਪ੍ਰਚਲਿਤ ਧਰਮ ਹਿੰਦੂ, ਮੁਸਲਮਾਨ, ਸਿੱਖ, ਈਸ-ਾਈ, ਬੌਧ ਪਾਰਸੀ ਰਾਜ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ ਕਿਉਂਕਿ ਰਾਜ (ਸਟੇਟ) ਦਾ ਕੋਈ ਧਰਮ ਨਹੀਂ। ਰਾਜ ਸੈਕੂਲਰ ਹੋਵੇ ਜਾਂ ਇਕ ਧਰਮੀ (ਥਿਓਕ੍ਰੈ-ਟਿਕ) ਇਸ ਸਵਾਲ ਦਾ ਫੈਸਲਾ ਪਾਰਲੀਮੈਂਟ ਦੁਆਰਾ ਪਾਸ ਕੀਤੇ ਸੰਵਿਧਾਨ ਦੀ ਉਦੇਸ਼ਿਕਾ ਵਿਚ ਪਹਿਲਾਂ ਹੀ ਦਰਜ ਹੈ ਜਿਸ ਦੇ ਮੁਤਾਬਿਕ ਦੇਸ਼ ਸ਼ਾਸਨ ਪ੍ਰਣਾਲੀ ਦੇ ਲਿਹਾਜ਼ ਨਾਲ ਧਰਮ ਨਿਰਪੱਖ ਹੀ ਨਹੀਂ ਸਗੋਂ ਇਕ ਸਮਾਜਵਾਦੀ ਅਤੇ ਲੋਕਤੰਤਰੀ ਗਣਰਾਜ ਵੀ ਹੈ। ਇਹ ਵੀ ਯਾਦ ਰਹੇ ਕਿ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਪਹਿਲਾਂ ਹੀ ਆਪਣੇ ਇਤਿਹਾਸਿਕ ਫੈਸਲੇ ਕੇਸ਼ਵਾ ਨੰਦ ਭਾਰਤੀ 1973 ਵਿਚ ਸੰਵਿਧਾਨ ਦੀ ਉਦੇਸ਼ਿਕ ਅਤੇ ਉਸ ਦੇ ਬੁਨਿਆਦੀ ਅਧਿਕਾਰਾਂ ਨੂੰ ਸੰਵਿਧਾਨ ਦਾ ਬੁਨਿਆਦੀ ਢਾਂਚਾ ਕਰਾਰ ਦੇ ਚੁੱਕੀ ਹੈ ਜਿਸ ਵਿਚ ਦਖਲ ਦੇਣ ਜਾਂ ਛੇੜ ਛਾੜ ਕਰਨ ਦਾ ਕਿਸੇ ਨੂੰ ਵੀ ਅਖ਼ਤਿਆਰ ਜਾਂ ਅਧਿਕਾਰ ਨਹੀਂ ਰਹਿਣ ਦਿੱਤਾ ਗਿਆ। ਫਿਰ ਕੀ ਜੱਜ ਸਾਹਿਬ ਦਾ ਇਸ ਬਹੁਤ ਹੀ ਮਹੱਤਵਪੂਰਨ ਫੈਸਲੇ ਵੱਲ ਧਿਆਨ ਨਹੀਂ ਗਿਆ ਹੈ?



ਇਹ ਗੱਲ ਕਦਾਚਿਤ ਮੰਨਣ ਯੋਗ ਨਹੀਂ ਕਿ ਜੱਜ ਸਾਹਿਬ ਨੂੰ ਸੰਵਿਧਾਨ ਦੇ ਸਿਧਾਂਤਾਂ, ਉਹਨਾਂ ਦੀ ਅਹਿਮੀਅਤ ਅਤੇ ਸੰਵਿਧਾਨਿਕ ਮਰਿਆਦਾਵਾਂ ਦਾ ਪਤਾ ਨਾ ਹੋਵੇ ਇਸ ਦੇ ਬਾਵਜੂਦ ਉਹਨਾਂ ਦਾ ਇਹ ਵਿਚਾਰ ਕਿ ਭਾਰਤ ਨੂੰ ਹਿੰਦੂ ਦੇਸ਼ ਹੋਣਾ ਚਾਹੀਦਾ ਸੀ। ਬਹੁਤ ਸੋਚਿਆ ਸਮਝਿਆ ਅਤੇ ਵਿਸ਼ਵਾਸਪੂਰਨ ਭਾਵ ਨਾਲ ਕਿਹਾ ਗਿਆ ਮੱਤ ਹੈ ਜਿਸ ਦਾ ਕਾਰਨ ਉਹਨਾਂ ਦੇ ਮਨ ਤੇ ਜਮ੍ਹਾਂ ਹੋ ਚੁੱਕੇ ਕਈ ਪ੍ਰਕਾਰ ਦੇ ਸਨ ਕੀ ਮਨਮੌਜੀ ਵਿਚਾਰ ਹੋ ਸਕਦੇ ਹਨ। ਇਸ ਸ਼੍ਰੇਣੀ ਵਿੱਚ ਇਸ ਪ੍ਰਕਾਰ ਦੇ ਗੈਰ ਸੰਵਿਧਾਨਿਕ, ਗੈਰ ਪ੍ਰਾਕ੍ਰਿਤਿਕ ਅਤੇ ਗੈਰ ਵਿਗਿਆਨਕ ਵਿਚਾਰ ਪ੍ਰਗਟ ਕਰਨ ਵਾਲੇ ਇਹ ਪਹਿਲੇ ਜੱਜ ਨਹੀਂ ਹਨ ਸੰਵਿਧਾਨ ਦੇ 26 ਜਨਵਰੀ 1950 ਨੂੰ ਲਾਗੂ ਹੋਣ ਦੇ ਅਗਲੇ ਦਿਨ ਹੀ ਹਾਈਕੋਰਟ ਦੇ ਇਕ ਸੇਵਾ ਮੁਕਤ ਜੱਜ ਮੁਖਰਜੀ ਨੇ ਇਹ ਕਹਿਣ ਵਿੱਚ ਕੋਈ ਹਿਚਕਚਾਹਟ ਨਹੀਂ ਕੀਤੀ ਕਿ ਡਾਕਟਰ ਨੇ ਭਾਵੇਂ ਦੇਸ਼ ਲਈ ਸਮਤਾ ਮੂਲ ਕੇ ਸੰਵਿਧਾਨ ਬਣਾ ਦਿੱਤਾ ਪਰ ਸਾਡੇ ਦਿਲਾਂ ਤੇ ਤਾਂ ਮਨੂੰ 'ਮਹਾਰਾਜ' ਉਵੇਂ ਜਿਵੇਂ ਰਾਜ ਕਰਦਾ ਰਹੇਗਾ (ਟਾਇਮਜ਼ ਆਫ਼ ਇੰਡੀਆ ਵਿੱਚ ਪਵਨ ਕੇ 'ਆਰਗੇਨਾਈਜ਼ਰ' ਹਵਾਲੇ ਨਾਲ) ਰਾਜਸਥਾਨ ਹਾਈਕੋਰਟ ਦੇ ਰਿਟਾਇਰ ਹੋਣ ਵਾਲੇ ਜੱਜ ਮਹੇਸ਼ ਚੰਦਰ ਸ਼ਰਮਾਂ ਨੇ ਆਪਣੇ ਇਕ ਫੈਸਲੇ ਵਿਚ ਇਹ ਲਿਖ ਕੇ ਆਪਣੇ ਆਪ ਨੂੰ ਠੱਠੇ ਮਜ਼ਾਕ ਦਾ ਪਾਤਰ ਬਣਾ ਲਿਆ ਕਿ ਮੋਰਨੀ ਬਿਨਾਂ ਸੰਭੋਗ ਨੱਚਦੇ ਮੋਰ ਦੇ ਡਿਗਦੇ ਹੰਝੂ ਪੀ ਕੇ ਬੱਚੇ ਪੈਦਾ ਕਰ ਸਕਦੀ ਹੈ। ਇਨਸਾਨੀ ਸੁਧਾਰ ਅਤੇ ਵਿਕਾਸ ਲਈ ਵਿਗਿਆਨਕ ਸੋਚ ਅਤੇ ਮਿਜ਼ਾਜ ਪੈਦਾ ਕਰਨਾ ਸੰਵਿਧਾਨ ਦੇ ਮੁੱਖ ਸਿਧਾਂਤਾਂ ਵਿਚੋਂ ਇਕ ਬਹੁਤ ਮਹੱਤਵਪੂਰਨ ਸਿਧਾਂਤ ਹੈ ਜਿਸ ਦੀ ਮਿੱਟੀ ਪਲੀਦ ਕਰਨ ਵਿਚ ਇਕੱਲੇ ਕੁਝ ਜੱਜ ਹੀ ਨਹੀਂ ਇਸ ਦਾ ਕ੍ਰੈਡਿਟ (ਯਸ਼) ਖੁਦ ਪ੍ਰਧਾਨ ਮੰਤਰੀ ਤੋਂ ਲੈ ਕੇ ਮੰਤਰੀ/ਨੇਤਾ ਲੋਕ ਵੀ ਲੈ ਚੁੱਕੇ ਹਨ। ਕਿਉਂਕਿ ਇਹ ਉਹਨਾਂ ਦੇ ਏਜੰਡੇ ਲਈ 'ਫਿੱਟ' ਬੈਠਦਾ ਹੈ।

ਚਰਚਾ ਅਧੀਨ ਜੱਜ ਸਾਹਿਬ ਦੇ ਕਾਰ ਵਿਹਾਰ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਦੇਸ਼ ਦੇ ਸੰਵਿਧਾਨ ਤੋਂ ਉਪਰ ਸਮਝਦੇ ਹਨ ਜਿਸ ਦਾ ਕਾਰਨ ਖਾਨਦਾਨੀ ਸੰਸਕਾਰਾਂ ਦਾ ਬੰਧਨ, ਵਿਚਾਰਾਂ ਦੀ ਹਠਧਰਮੀ ਜਾਂ ਅਸਾਧਾਰਣ ਵਿਸ਼ਵ ਗਿਆਨ ਦਾ ਭਰਮ ਹੋ ਸਕਦਾ ਹੈ। ਅਜਿਹੀ ਸ਼੍ਰੇਣੀ ਦੇ ਇਹ ਇਕੱਲੇ ਵਿਚਾਰਵਾਨ ਨਹੀਂ ਹਨ। ਇਹ ਕਮਾਲ ਕਲਿਆਣ ਸਿੰਘ ਜੀ (ਹੁਣ ਗਵਰਨਰ ਰਾਜਸਥਾਨ) ਵੀ 1992 ਵਿੱਚ ਦਿਖਾ ਚੁੱਕੇ ਹਨ ਜਦ ਉਹਨਾਂ ਦੇ ਯੂ ਦੇ ਮੁੱਖ ਮੰਤਰੀ ਰਹਿੰਦੇ ਹਿੰਦੂ ਹੁੱਲੜਬਾਜਾਂ ਨੇ ਅਯੁੱਧਿਆ ਦੀ ਪੰਜ ਸੌ ਸਾਲ ਪੁਰਾਣੀ ਬਾਬਰੀ ਮਸਜ਼ਿਦ ਢਾਹ ਢੇਰੀ ਕਰ ਦਿੱਤੀ ਸੀ। ਜਦ ਉਹਨਾਂ ਤੋ ਪੁੱਛਿਆ ਗਿਆ ਕਿ ਤੁਸੀ ਤਾਂ ਸੁਪਰੀਮ ਕੋਰਟ ਵਿਚ ਹਲਫ਼ੀਆ ਬਿਆਨ ਦੇ ਕੇ ਉਸ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਮਸਜਿਦ ਨੂੰ ਕੁਝ ਨਹੀਂ ਹੋਣ ਦਿੱਤਾ ਜਾਵੇਗਾ ਤਾਂ ਫਿਰ ਉਸ ਨੂੰ ਢਾਹਣ ਕਿਉਂ ਦਿੱਤਾ ਗਿਆ ਹੈ।

ਉਹਨਾਂ ਦਾ ਜਵਾਬ ਸੀ ਮੈਨੂੰ ਸੁਪਰੀਮ ਕੋਰਟ ਤੋਂ ਵੀ ਉੱਤਲੀ ਅਦਾਲਤ (ਰਾਮ) ਦਾ ਹੁਕਮ ਆ ਗਿਆ ਸੀ ਕੀ ਜੱਜ ਸੇਨ ਸਾਹਿਬ ਨੂੰ ਵੀ ਉਤਲੀ ਅਦਾਲਤ ਦਾ ਹੁਕਮ ਤਾਂ ਨਹੀਂ ਆ ਗਿਆ ਹੈ?

ਦੇਸ਼ ਦੇ ਮੌਜੂਦਾ ਲੋਕਤੰਤਰੀ ਢਾਂਚੇ ਨੂੰ ਜਿਸ ਨੂੰ ਦੇਸ਼ਵਾਸੀਆਂ ਨੇ ਮੁਗ਼ਲਾਂ ਦੇ ਰਾਜਤੰਤਰ (ਬਾਦਸ਼ਾਹਤ) ਆਰ ਐਸ ਐਸ ਦੇ ਹਿੰਦੂਰਾਜ ਅਤੇ ਮਸੋਲੀਨੀ ਹਿਟਲਰ ਦੇ ਫਾਰਸੀਵਾਦ ਅਤੇ ਨਾਜ਼ੀਵਾਦ ਦੇ ਮੁਕਾਬਲੇ ਵਿਚ ਆਪਣੀ ਰਾਜ ਸ਼ਾਸਨ ਪ੍ਰਣਾਲੀ ਵਜੋਂ ਚੁਣਿਆ ਅਤੇ ਸੰਵਿਧਾਨ ਸਭਾ ਨੇ ਤਿੰਨ ਸਾਲ ਦੀ ਸਖ਼ਤ ਮਿਹਨਤ ਉਪਰੰਤ ਉਸ ਉਤੇ 26 ਨਵੰਬਰ 1949 ਨੂੰ ਆਪਣੀ ਸਵੀਕਾਰਤਾ ਦੀ ਮੁਹਰ ਲਗਾ ਦਿੱਤੀ ਉਸ ਦੀ ਆਦਰ ਸਹਿਤ ਅੱਖਰ ਅੱਖਰ ਪਾਲਣਾ ਕਰਨਾ ਹਰ ਨਾਗਰਿਕ ਦਾ ਸਰਬ ਉਤਮ ਫ਼ਰਜ਼ ਹੈ। ਲੋਕ ਤੰਤਰੀ ਰਾਜ ਵਿਵਸਥਾਂ ਵਿਚ ਰਾਜ ਨੂੰ ਤਿੰਨ ਅਲੱਗ ਅਲੱਗ ਭਾਗਾਂ ਵਿੱਚ ਵੰਡ ਕੇ ਹਰ ਭਾਗ ਦਾ ਕਾਰਜ ਖੇਤਰ ਵੀ ਨਿਸ਼ਚਿਤ ਕਰ ਦਿੱਤਾ ਗਿਆ। ਕਾਨੂੰਨ ਬਣਾਉਣ ਲਈ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ, ਕਾਨੂੰਨ ਨੂੰ ਦੇਸ਼ ਵਿਚ ਸੁਚੱਜਤਾ ਨਾਲ ਲਾਗੂ ਕਰਵਾਉਣ ਲਈ ਕਾਰਜ ਪਾਲਕਾਂ ਅਤੇ ਵਿਧਾਨ ਸਭਾਵਾਂ ਅਤੇ ਕਾਰਜ ਪਾਲਕਾਂ ਦੇ ਕੰਮ ਕਾਜ ਨੂੰ ਸੰਵਿਧਾਨਿਕ ਪੈਮਾਨਿਆਂ ਤੇ ਜਾਚਣ ਪਰਖਣ ਲਈ ਨਿਆਂਪਾਲਿਕਾ ਸਥਾਪਤ ਹਨ। ਹਰ ਭਾਗ ਦਾ ਆਪਣੇ ਨਿਸ਼ਚਿਤ ਖੇਤਰ/ਦਾਇਰੇ ਵਿਚ ਰਹਿ ਕੇ ਆਪਣੀਆਂ ਸੰਵਿਧਾਨਿਕ ਜ਼ੁੰਮੇਵਾਰੀਆਂ ਨੂੰ ਨਿਭਾਉਣਾ ਹੀ ਲੋਕਤੰਤਰ ਦੀ ਤਾਕਤ ਹੈ ਜਿਸ ਦਾ ਪ੍ਰਤੱਖ ਸਬੂਤ ਭਾਰਤ ਵਿਚ ਪ੍ਰਚਲਿਤ ਲੋਕਤੰਤਰੀ ਸ਼ਾਸਨ ਪ੍ਰਣਾਲੀ ਤੋਂ ਦੇਖਿਆ ਜਾ ਸਕਦਾ ਹੈ।

ਇਸ ਅਣਸੁਖਾਵੇਂ ਤੱਥ ਤੋਂ ਵੀ ਉਕੱਾ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੁਡੀਸ਼ਰੀ ਕੁਝ ਹੋਰ ਸੰਸਥਾਵਾਂ ਸੀਬੀਆਈ, ਸੀਆਈ ਸੀ, ਕੈਗ, ਈ ਡੀ ਬਾਹਰਲੇ ਦਬਾਅ ਤੋਂ ਪ੍ਰਭਾਵਿਤ ਨਾ ਹੋਈ ਹੋਵੇ ਜਿਸ ਕਿ ਕੁਝ ਮਹੀਨੇ ਪਹਿਲਾਂ ਸੁਪਰੀਮ ਕੋਰਟ ਦੇ ਚਾਰ ਸੇਵਾ ਮੁਕਤ ਉਚੱਤਮ ਜੱਜਾਂ ਨੇ ਖੁਲ੍ਹੀ ਪ੍ਰੈਸ ਕਾਨਫਰੰਸ ਵਿਚ ਵੀ ਮੰਨਿਆ ਸੀ ਲੇਕਿਨ ਇਸ ਸਭ ਦੇ ਬਾਵਜੂਦ ਇਹ ਕਹਿਣਾ ਪਵੇਗਾ ਕਿ ਦੇਸ਼ ਵਿਚ ਜੇ ਕੋਈ ਅਜਿਹੀ ਸੰਸਥਾ ਹੈ ਜਿਸ ਤੇ ਦੇਸ਼ ਵਾਸੀਆਂ ਦਾ ਇਨਸਾਫ਼ ਅਤੇ ਨਿਆਂ ਲਈ ਮੁਕੰਮਲ ਭਰੋਸਾ ਅਤੇ ਵਿਸ਼ਵਾਸ ਹੈ ਬਲਕਿ ਜਿਸ ਨੂੰ ਇਨਸਾਫ ਦਾ ਮੰਦਰ ਵੀ ਕਹਿ ਦਿੱਤਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ, ਉਹ ਕੇਵਲ ਅਤੇ ਕੇਵਲ ਦੇਸ਼ ਦੀ ਸਰਬ ਉਚੱ ਅਦਾਲਤ ਸੁਪਰੀਮ ਕੋਰਟ ਹੀ ਹੈ। ਕੁਰਸੀਆਂ ਤੇ ਬੈਠਣ ਵਾਲੇ ਜੱਜ ਆਖ਼ਰ ਬੰਦੇ ਹੀ ਹਨ ਜੋ ਭਾਵੁਕਤਾ ਵੱਸ ਜਾਂ ਆਪਣੇ ਜਮਾਂਦਰੂ ਸੰਸਕਾਰਾਂ ਦੇ ਅਸਰ ਹੇਠ ਕੁਝ ਰਾਹ ਤੋਂ ਭਟਕ ਵੀ ਸਕਦੇ ਹਨ। ਰਾਜਨੀਤਿਕ ਪਾਰਟੀਆਂ ਪ੍ਰਸ਼ਾਸਨਿਕ ਤੰਤਰ ਕਦੇ ਕਦੇ ਆਪਣੇ ਮਿੱਥੇ ਹਿੱਤਾਂ ਦੀ ਖਾਤਿਰ ਸੰਵਿਧਾਨਿਕ ਨੈਤਿਕਤਾ ਨੂੰ ਠਿੱਠ ਕਰ ਸਕਦੇ ਹਨ। ਇਹਨਾਂ ਨੂੰ ਕਾਨੂੰਨ ਦੇ ਰਾਜ ਹੇਠ ਲਿਆਉਣ ਲਈ ਤੀਜੀ ਸ਼ਕਤੀ ਦੀ ਲੋੜ ਹੈ ਅਤੇ ਉਹ ਤੀਜੀ ਸ਼ਕਤੀ ਸੁਪਰੀਮ ਕੋਰਟ ਹੀ ਹੈ। ਸੰਖੇਪ ਵਿਚ ਸੁਪਰੀਮ ਕੋਰਟ ਹੀ ਲੋਕਤੰਤਰ ਦਾ ਅਖ਼ੀਰੀ ਮਜ਼ਬੂਤ ਥੰਮ ਹੈ। ਕੀ ਸਾਡੇ ਜੱਜ ਸਾਹਿਬਾਨ ਆਪਣੀ ਖਾਧੀ ਹੋਈ ਸੌਂਹ ਮੁਤਾਬਿਕ ਆਪਣੇ ਪ੍ਰਤਿਸ਼ਟਿਤ ਅਹੁਦੇ ਦੀ ਲਾਜ ਰੱਖਦੇ ਰਹਿਣਗੇ।

ਨੋਟ: ਲੇਖਕ ਕਈ ਸਾਲ (1948-52) ਬਾਬਾ ਸਾਹਿਬ ਡਾ: ਅੰਬੇਡਕਰ ਦੀ ਸਿੱਧੀ ਰਹਿਨੁਮਾਈ ਹੇਠ ਬਤੌਰ ਐਡੀਟਰ ਉਰਦੂ ਵੀਕਲੀ ਅਤੇ ਪਾਰਟੀ ਜਨਰਲ ਸਕੱਤਰ ਕੰਮ ਕਰ ਚੁੱਕਿਆ ਹੈ।

# ਨਸੀਰੂਦੀਨ ਸ਼ਾਹ ਨੂੰ ਗੁੱਸਾ ਕਿਉਂ ਆਉਂਦਾ ਹੈ

ਰਾਮ ਪੁਨਿਆਨੀ

ਕਿਸੇ ਵੀ ਲੋਕਤੰਤਰੀ ਸਮਾਜ ਦੇ ਸਿਹਤਮੰਦ ਹੋਣ ਦਾ ਇਕ ਮਹੱਤਵਪੂਰਨ ਪੈਮਾਨਾ ਇਹ ਹੈ ਕਿ ਉਸ ਵਿਚ ਘੱਟ ਗਿਣਤੀਆਂ ਖੁਦ ਨੂੰ ਕਿੰਨਾ ਸੁਰੱਖਿਅਤ ਮਹਿਸੂਸ ਕਰਦੀਆਂ ਹਨ। ਉਨਾ ਹੀ ਮਹੱਤਵਪੂਰਨ ਪੈਮਾਨਾ ਇਹ ਹੈ ਕਿ ਸਮਾਜ ਵਿਚ ਵਿਚਾਰਾਂ ਦੀ ਆਜ਼ਾਦੀ ਕਿਸ ਹੱਦ ਤੱਕ ਹੈ। ਇਹਨਾਂ ਦੋਹਾਂ ਪੈਮਾਨਿਆਂ 'ਤੇ ਲੋਕਤੰਤਰ ਪਿਛਲੇ ਕੁਝ ਸਾਲਾਂ ਤੋਂ ਖਰਾ ਨਹੀਂ ਉਤਰ ਰਿਹਾ ਹੈ। ਅਜਿਹਾ ਲੱਗਦਾ ਹੈ ਕਿ ਧਾਰਮਿਕ ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਮੁਸਲਮਾਨ ਅਤੇ ਇਸਾਈ ਖੁਦ ਨੂੰ ਇਸ ਮੁਲਕ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ। ਇਸਦਾ ਭਾਵ ਇਹ ਬਿਲਕੁਲ ਨਹੀਂ ਕਿ ਇਸ ਤੋਂ ਪਹਿਲਾਂ ਇਹਨਾਂ ਦੋਵੇਂ ਘੱਟ ਗਿਣਤੀ ਫਿਰਕਿਆਂ ਦੇ ਲਈ ਸਥਿਤੀਆਂ ਬਹੁਤ ਅਨੁਕੂਲ ਸਨ। ਤੱਥ ਇਹ ਹੈ ਕਿ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਦੋਵੇਂ ਪੈਮਾਨਿਆਂ 'ਤੇ ਪਿਛਲੇ ਕੁਝ ਦਹਾਕਿਆਂ ਤੋਂ ਭਾਰਤ ਦੀ ਸਥਿਤੀ ਕਮਜ਼ੋਰ ਹੁੰਦੀ ਜਾ ਰਹੀ ਹੈ। ਪਰ ਇਹਨਾਂ ਦੋਵੇਂ ਪੈਮਾਨਿਆਂ 'ਤੇ ਸਭ ਤੋਂ ਵੱਡੀ ਗਿਰਾਵਟ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਆਉਣ ਤੋਂ ਬਾਅਦ ਦਰਜ ਕੀਤੀ ਜਾ ਰਹੀ ਹੈ। ਵਿਚਾਰਾਂ ਦੀ ਆਜ਼ਾਦੀ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਕਾਫੀ ਹੱਦ ਤੱਕ ਇਕ-ਦੂਜੇ ਨਾਲ ਜੁੜੇ ਹੋਏ ਮੁੱਦੇ ਹਨ।

ਹਾਲ ਹੀ ਵਿਚ ਭਾਰਤੀ ਫਿਲਮ ਉਦਯੋਗ ਦੇ ਇਕ ਅਭਿਨੇਤਾ ਨਸੀਰੂਦੀਨ ਸ਼ਾਹ ਨੇ ਉਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਵਿਚ ਗਊ ਹੱਤਿਆ ਦੇ ਨਾਂ ਤੇ ਭੜਕਾਈ ਗਈ ਹਿੰਸਾ ਵਿਚ ਇਕ ਪੁਲਿਸ ਅਧਿਕਾਰੀ ਸੁਬੋਧ ਸਿੰਘ ਦੀ ਮੌਤ ਦੀ ਪਿੱਠਭੂਮੀ ਵਿਚ ਆਪਣ ਮਨ ਦੀ ਗੱਲ ਦੇਸ਼ ਦੇ ਸਾਹਮਣੇ ਰੱਖੀ। ਸ਼ਾਹ ਨੇ ਕਾਰਵਾਂ-ਏ-ਮੁਹੱਬਤ ਦੇ ਨਾਲ ਇਕ ਇੰਟਰਵਿਊ ਵਿਚ ਆਪਣੇ ਦਿਲ ਦੀ ਪੀੜ ਨੂੰ ਪ੍ਰਗਟ ਕੀਤਾ। ਨਫਰਤ ਤੋਂ ਉਪਜੇ ਅਪਰਾਧਾਂ ਦੇ ਵਿਰੁੱਧ ਸਾਬਕਾ ਆਈ. ਏ. ਐਸ. ਅਧਿਕਾਰੀ ਹਰਸ਼ਮੰਦਰ ਦੀ ਅਗਵਾਈ ਵਾਲਾ ਇਹ ਗਰੁੱਪ ਕਾਬਿਲੇ ਤਾਰੀਫ ਕੰਮ ਕਰ ਰਿਹਾ ਹੈ। ਇਸਦੇ ਮੈਂਬਰ ਨਫਰਤ ਦ ਕਾਰਨ ਹੋਏ ਅਪਰਾਧਾਂ ਦੇ ਪੀੜਤ ਪਰਿਵਰਾਂ ਨੂੰ ਮਿਲ ਕੇ ਉਹਨਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਦਾ ਕੰਮ ਕਰ ਰਹੇ ਹਨ। ਕਾਰਵਾਂ-ਹੇ-ਮੁਹੱਬਤ ਸਾਡੇ ਸਮਾਜ ਵਿਚ ਵੱਖ-ਵੱਖ ਫਿਰਕਿਆਂ ਵਿਚਕਾਰ ਪਿਆਰ ਨੂੰ ਹੱਲਾਸ਼ੇਰੀ ਦੇਣ ਦਾ ਕੰਮ ਕਰ ਰਿਹਾ ਹੈ।



ਸ਼ਾਹ ਨੇ ਕਾਰਵਾਂ ਏ ਮੁਹੱਬਤ ਨੂੰ ਕਿਹਾ, ਅਸੀਂ ਦੇਖ ਰਹੇ ਹਾਂ ਕਿ ਕਈ ਖੇਤਰਾਂ ਵਿਚ ਇਕ ਪੁਲਿਸ ਅਧਿਕਾਰੀ ਦੇ ਜੀਵਨ ਤੋਂ ਜ਼ਿਆਦਾ ਮਹੱਤਵ ਇਕ ਗਾਂ ਦੇ ਜੀਵਨ ਨੂੰ ਦਿੱਤਾ ਜਾ ਰਿਹਾ ਹੈ। ਮੈਂ ਆਪਣੇ ਬੱਚਿਆਂ ਬਾਰੇ ਚਿੰਤਤ ਹਾਂ ਕਿਉਂਕਿ ਉਹਨਾਂ ਦਾ ਕੋਈ ਧਰਮ ਨਹੀਂ ਹੈ। ਕੱਲ੍ਹ ਨੂੰ ਜੇਕਰ ਇਕ ਭੀੜ ਉਹਨਾਂ ਨੂੰ ਘੇਰ ਲਵੇ ਅਤੇ ਉਹਨਾਂ ਨੂੰ ਪੁੱਛੇ ਕਿ ਉਹ ਹਿੰਦੂ ਹਨ ਜਾਂ ਮੁਸਲਮਾਨ, ਤਾਂ ਉਹਨਾਂ ਦੇ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੋਵ-ੇਗਾ। ਮੈਂ ਇਸ ਕਰਕੇ ਹੋਰ ਚਿੰਤਤ ਹਾਂ ਕਿਉਂਕਿ ਮੈਨੂੰ ਅਜਿਹਾ ਨਹੀਂ ਲੱਗਦਾ ਕਿ ਹਾਲਾਤ ਵਿਚ ਜਲਦੀ ਹੀ ਕੋਈ ਸੁਧਾਰ ਹੋਣ ਵਾਲਾ ਹੈ। ਇਸ ਕਿਸਮ ਦੀਆਂ ਚੀਜ਼ਾਂ ਮੈਨੂੰ ਡਰਾਉਂਦੀਆਂ ਨਹੀਂ ਹਨ। ਉਹ ਮੈਨੂੰ ਗੁੱਸੇ ਨਾਲ ਭਰ ਦਿੰਦੀਆਂ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਸਮਾਜ ਵਿਚ ਫੈਲ ਰਹੀ ਨਫਰਤ ਇਕ ਅਜਿਹੇ ਜਿੰਨ ਵਾਂਗ ਹੈ, ਜਿਸਨੂੰ ਬੋਤਲ ਤੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉਸਨੂੰ ਹੁਣ ਫਿਰ ਤੋਂ ਬੋਦਲ ਵਿਚ ਬੰਦ ਕਰਨਾ ਬਹੁਤ ਮੁਸ਼ਕਿਲ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਕੁਝ ਲੋਕਾਂ ਦੀ ਹਿੰਮਤ ਇੰਨੀ ਵੱਧ ਗਈ ਹੈ ਕਿ ਉਹ ਖੁੱਲ੍ਹੇਆਮ ਹਥਿਆਰ ਚੁੱਕ ਕੇ ਹਿੰਸਾ ਕਰ ਰਹੇ ਹਨ ਅਤੇ ਅਜਿਹਾ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਉਹਨਾਂ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ।

ਕੋਈ ਵੀ ਅਜਿਹਾ ਸਮਾਜ, ਜੋ ਪ੍ਰੇਮ ਅਤੇ ਸਦਭਾਵਨਾ ਨੂੰ ਮਹੱਤਵ ਦਿੰਦਾ ਹੋਵੇ, ਕਿਸੇ ਨਾਗਰਿਕ ਦੀ ਇਸ ਹਾਲਤ ਤੇ ਆਤਮ ਚਿੰਤਨ ਕਰੇਗਾ। ਦੇਸ਼ ਦੇ ਕਈ ਪ੍ਰਗਤੀਸ਼ੀਲ ਸੰਗਠਨਾਂ, ਜਿਹਨਾਂ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਸ਼ਾਮਲ ਹੈ, ਨੇ ਬਿਆਨ ਜਾਰੀ ਕਰਕੇ ਨਸੀਰ ਦੇ ਨਾਲ ਇੱਕਜੁਟਤਾ ਪ੍ਰਗਟ ਕੀਤੀ। ਕੁਝ ਵਿਅਕਤੀਆਂ ਜਿਵੇਂ ਆਸ਼ੂਤੋਸ਼ ਰਾਣਾ ਨੇ ਕਿਹਾ ਕਿ ਉਹ ਉਹਨਾਂ ਦੀ ਇਸ ਚਿੰਤਾ ਵਿਚ ਸ਼ਾਮਲ ਹਨ ਪਰ ਸਮਾਜ ਦਾ ਇਕ ਵੱਡਾ ਹਿੱਸਾ ਉਹਨਾਂ ਤੇ ਟੁੱਟ ਪਿਆ। ਉਹਨਾਂ ਦੇ ਨਾਲ ਕਈ ਫਿਲਮਾਂ ਵਿਚ ਸਹਿ-ਅਭਿਨੇਤਾ ਅਨੁਪਮ ਖੇਰ ਨੇ ਉਹਨਾਂ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਦੇਸ਼ ਵਿਚ ਫੌਜ ਤੇ ਪੱਥਰ ਮਾਰਨ ਅਤੇ ਉਚ ਅਧਿਕਾਰੀਆਂ ਬਾਰੇ ਕੁਝ ਵੀ ਕਹਿਣ ਦੀ ਆਜ਼ਾਦੀ ਹੈ। ਉਹਨਾਂ ਨੇ ਇਹ ਜਾਨਣਾ ਚਾਹਿਆ ਕਿ ਨਸੀਰ ਹੋਰ ਕਿੰਨੀ ਆਜ਼ਾਦੀ ਚਾਹੁੰਦੇ ਹਨ।

ਮੋਦੀ ਸਰਕਾਰ ਵਿਚ ਕੇਂਦਰੀ ਮੰਤਰੀ ਉਮਾ ਭਾਰਤੀ ਨੇ ਫੁਰਮਾਇਆ ਕਿ ਸ਼ਾਹ, ਫੁੱਟਪਾਊ ਰਾਜਨੀਤੀ ਕਰਨ ਵਾਲਿਆਂ ਦੇ ਮੋਹਰੇ ਹਨ। ਬਾਬਾ ਰਾਮਦੇਵ, ਜੋ ਯੋਗ ਸਿੱਖਿਆ ਦਿੰਦੇ ਹਨ, ਨੇ ਉਹਨਾਂ ਨੂੰ ਰਾਸ਼ਟਰ ਵਿਰੋਧੀ ਦੱਸਿਆ। ਕੁਝ ਹੋਰਾਂ ਨੇ ਕਿਹਾ ਕਿ ਉਹ ਅਜਿਹੇ ਕਿਸੇ ਵੀ ਦੇਸ਼ ਵਿਚ ਜਾਣ ਲਈ ਆਜ਼ਾਦ ਹਨ, ਜਿੱਥੇ ਉਹ ਸੁਰੱਖਿਅਤ ਮਹਿਸੂਸ ਕਰਦੇ ਹੋਣ। ਭਾਜਪਾ ਦੀ ਉਤਰ ਪ੍ਰਦੇਸ਼ ਇਕਾਈ ਦੇ ਮੁਖੀ ਨੇ ਉਹਨਾਂ ਨੂੰ ਪਾਕਿਸਤਾਨ ਦਾ ਏਜੰਟ ਕਿਹਾ। ਇਸੇ ਵਿਰੋਧ ਦੇ ਕਾਰਨ ਅਜਮੇਰ ਸਾਹਿਤ ਉਤਸਵ ਵਿਚ ਭਾਗ ਨਹੀਂ ਲੈ ਸਕੇ ਅਤੇ ਉਹਨਾਂ ਨੂੰ ਬੇਰੰਗ ਵਾਪਸ ਮੁੜਨਾ ਪਿਆ।

ਇਹ ਸੱਚ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਗੁਜਰਾਤ (2002), ਕੰਧਮਾਲ (2008) ਜਾਂ ਮੁਜੱਫਰਨਗਰ (2013) ਵਰਗੇ ਸੰਪਰਦਾਇਕ ਦੰਗੇ ਨਹੀਂ ਹੋਏ ਪਰ ਇਹਨਾਂ ਦੀ ਥਾਂ ਨਿਰੰਤਰ ਚੱਲਣ ਵਾਲੀ ਹਿੰਸਾ ਨੇ ਲੈ ਲਿਆ ਹੈ। ਕੁਝ ਵਿਅਕਤੀਆਂ ਨਾਲ ਭਿਆਨਕ ਅਤੇ ਗੈਰ-ਮਨੁੱਖੀ ਹਿੰਸਾ ਹੋਈ ਹੈ। ਇਸ ਕਾਰਨ ਮੁਸਲਿਮ ਭਾਈਚਾਰੇ ਦਾ ਭੈਅਗ੍ਰਸਤ ਹੋਣਾ ਸੁਭਾਵਿਕ ਹੈ। ਇਸਾਈਆਂ ਦੀਆਂ ਪ੍ਰਾਰਥਨਾ ਸਭਾਵਾਂ ਤੇ ਹਮਲੇ ਕਾਰਨ ਉਹਨਾਂ ਵਿਚ ਅਸੁਰੱਖਿਆ ਵੱਧ ਰਹੀ ਹੈ। ਮੁਹੰਮਦ ਅਖਲਾਕ ਤੋਂ ਲੈ ਕੇ ਜੁਨੈਦ ਅਤੇ ਉਹਨਾਂ ਤੋਂ ਲੈ ਕੇ ਰਕਬਰ ਖਾਨ ਦ ਨਾਲ ਜੋ ਹੋਇਆ, ਉਹ ਸਪਸ਼ਟ ਹੈ ਕਿ ਸੰਪਰਦਾਇਕ ਰਾਜਨੀਤੀ ਦੇ ਤਾਲਿਬਾਨੀ ਯੋਧੇ ਇਹ ਤਹਿ ਕਰਨਗੇ ਕਿ ਅਸੀਂ ਕੀ ਖਾਈਏ ਅਤੇ ਕੀ ਨਹੀਂ। ਸ਼ਾਹ ਨੇ ਜੋ ਕੁਝ ਕਿਹਾ ਹੈ, ਉਹ ਸਾਡੇ ਸਮਾਜ ਦੇ ਲਈ ਇਕ ਚਿਤਾਵਨੀ ਹੈ। ਸਾਨੂੰ ਜਲਦੀ ਤੋਂ ਜਲਦੀ ਨਫਰਤ ਦੇ ਜਿੰਨ ਨੂੰ ਫਿਰ ਤੋਂ ਬੋਤਲ ਵਿਚ ਪਾਉਣਾ ਹੋਵੇਗਾ ਅਤੇ ਉਸ ਬੋਤਲ ਨੂੰ ਸਮੁੰਦਰ ਵਿਚ ਸੁੱਟਣਾ ਹੋਵੇਗਾ ਤਾਂ ਜੋ ਉਹ ਜਿੰਨ ਕਦੀ ਵਾਪਸ ਨਾ ਆ ਸਕੇ।

# ਧੀਆਂ ਦੇ ਦੁੱਖ ਬੁਰੇ

**ਪਰਵਾਸ ਕਰਨ ਦੀ ਇੱਛਾ ਕਾਰਨ ਪੰਜਾਬ ਦੀਆਂ ਹਜ਼ਾਰਾਂ ਇਸਤਰੀਆਂ ਇੱਕ ਨਾ ਦੂਜੇ ਕਾਰਨ ਪਰਵਾਸੀਆਂ ਦੇ ਸ਼ਿਕੰਜੇ ਵਿੱਚ ਅਜਿਹੀਆਂ ਫਸੀਆਂ ਕਿ ਵਕਤ ਦੇ ਹੈਂਗਰਾ 'ਤੇ ਬੜੀ ਬੁਰੀ ਤਰ੍ਹਾਂ ਹੀ ਟੰਗੀਆਂ ਰਹਿ ਗਈਆਂ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਕੋਲ ਆਵਾਜ਼ ਉਠਾਉਣ ਅਤੇ ਵਿਦੇਸ਼ਾਂ ਵਿੱਚ ਸਥਿਤ ਭਾਰਤੀ ਦੂਤਘਰਾਂ ਕੋਲ ਸ਼ਿਕਾਇਤਾਂ ਕਰ ਕੇ ਕਾਨੂੰਨੀ ਕਾਰਵਾਈ ਦੀ ਚਾਰਾਜੋਈ ਕਰਨ ਤਾਂ ਕਿ ਉਨ੍ਹਾਂ ਦੇ ਮਸਲਿਆਂ ਨੂੰ ਸੁਣਿਆ ਜਾ ਸਕੇ।**

## ਅੰਗ-ਸੰਗ



ਸ਼ਾਮ ਸਿੰਘ
98141-13338

ਧੀਆਂ ਦਾ ਵਾਸ ਪਰਵਾਸ ਹੀ ਹੁੰਦਾ ਹੈ, ਭਾਵੇਂ ਨਾਲ ਦੇ ਪਿੰਡ ਹੋਵੇ ਜਾਂ ਕਸਬੇ, ਨਾਲ ਦੇ ਜ਼ਿਲ੍ਹੇ ਹੋਵੇ ਜਾਂ ਫੇਰ ਸੂਬੇ। ਜਦੋਂ ਤੋਂ ਦੁਨੀਆ ਮੁੱਠੀ 'ਚ ਆਣ ਲੱਗ ਪਈ, ਆਵਾਜਾਈ ਦੂਰ-ਦੂਰ ਤੱਕ ਹੋਣ ਲੱਗੀ ਤਾਂ ਪਰਵਾਸ ਦੂਜੇ ਦੇਸ਼ਾਂ ਵਿੱਚ ਹੋਣ ਲੱਗ ਪਿਆ। ਇਹ ਖੁਸ਼ਨੁਮਾ ਤਬਦੀਲੀ ਸੀ, ਜਿਸ ਨਾਲ ਇਸਤਰੀਆਂ ਲਈ ਸੁਪਨੀਲੀਆਂ ਧਰਤੀਆਂ ਉੱਤੇ ਖੁਸ਼ਹਾਲੀ ਦੇ ਦਰ ਖੁੱਲ੍ਹੇ। ਜਿੰਨਾ ਚਿਰ ਸੱਚੇ-ਸੁੱਚੇ ਰਿਸ਼ਤਿਆਂ ਦੀ ਪਾਲਣਾ ਹੁੰਦੀ ਰਹੀ ਅਤੇ ਨਿਯਮਾਂ ਨੂੰ ਸਹੀ ਤਰ੍ਹਾਂ ਮੰਨਿਆ ਜਾਂਦਾ ਰਿਹਾ, ਓਨਾ ਚਿਰ ਸੰਬੰਧ ਠੀਕ ਤਰ੍ਹਾਂ ਜੁੜਦੇ ਰਹੇ। ਅਜਿਹਾ ਹੁੰਦਿਆਂ ਖੁਸ਼ੀਆਂ ਵੀ ਵਧੀਆਂ, ਖੁਸ਼ਹਾਲੀਆਂ ਵੀ।

ਬਜ਼ੁਰਗਾਂ ਦੀ ਚਲਾਈ ਰੀਤ ਕਿ ਧੀਆਂ ਦਾ ਪਰਵਾਸ ਸਹੁਰੇ ਘਰ ਹੀ ਠੀਕ ਰਹੇਗਾ, ਅੱਜ ਤੱਕ ਠੀਕ ਨਿਭ ਰਹੀ ਹੈ, ਜਿਸ ਦਾ ਬਦਲ ਕਿਸੇ ਤਰ੍ਹਾਂ ਵੀ ਧੀ ਦੇ ਘਰ ਨੂੰ ਨਹੀਂ ਮੰਨਿਆ ਜਾ ਸਕਦਾ। ਸਹੁਰੇ ਘਰ ਧੀਆਂ ਨੂੰ ਜਿੱਥੇ ਖੁਸ਼ੀਆਂ ਭਰੀ ਜ਼ਿੰਦਗੀ ਨਸੀਬ ਹੁੰਦੀ ਹੈ, ਉੱਥੇ ਦੁਸ਼ਵਾਰੀਆਂ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਘਰ-ਘਰ ਦੀ ਕਹਾਣੀ ਹੈ, ਜਿਹੜੀ ਧੀਆਂ ਨੂੰ ਵੀ ਨਿਭਾਉਣੀ ਪੈਂਦੀ ਹੈ ਭੈਣਾਂ ਨੂੰ ਵੀ, ਭਰਜਾਈਆਂ ਨੂੰ ਵੀ ਹੰਢਾਉਣੀ ਪੈਂਦੀ ਹੈ ਅਤੇ ਮਾਵਾਂ ਨੂੰ ਵੀ। ਇਹ ਉਮਰਾਂ ਦੇ ਰਿਸ਼ਤੇ ਹੁੰਦੇ ਹਨ, ਜਿਹੜੇ ਛੇਤੀ ਤੋੜੇ ਨਹੀਂ ਜਾ ਸਕਦੇ। ਸੰਬੰਧਾਂ ਵਿੱਚ ਹੁਲਮਾ ਵੀ ਆਉਂਦੇ ਰਹਿੰਦੇ ਹਨ ਅਤੇ ਉਹ ਤਲਖੀਆਂ ਵੀ, ਜਿਨ੍ਹਾਂ ਕਾਰਨ ਕੁੜੱਤਣਾਂ ਪੈਰ ਜਮਾਉਣ ਤੋਂ ਗੁਰੇਜ਼ ਨਹੀਂ ਕਰਦੀਆਂ। ਇਹ ਸਭ ਵਕਤ-ਵਕਤ ਦੇ ਤਕਾਜ਼ੇ ਹੁੰਦੇ ਹਨ ਅਤੇ ਸੰਬੰਧਾਂ 'ਚ ਆਏ ਬਦਲਾਅ।

ਲੰਮੀ ਗੱਲ ਹੈ ਦੂਰ ਦੇਸ਼ਾਂ ਦੇ ਪਰਵਾਸ ਦੀ, ਜੋ ਪਹਿਲੇ ਸਮਿਆਂ ਵਿੱਚ ਤਾਂ ਠੀਕ ਹੁੰਦੇ ਰਹੇ। ਨਿਰਖ-ਪਰਖ ਕੇ ਸਾਕ ਤੈਅ ਕੀਤੇ ਜਾਂਦੇ, ਜਿਸ ਨਾਲ ਨਵਾਂ ਵਿਆਂਦੜ ਮੁੰਡਾ-ਕੁੜੀ ਦੂਜੇ ਮੁਲਕ ਜਾ ਕੇ ਵੀ ਟਿਕਦੇ ਰਹੇ। ਦੋਹਾਂ ਪਾਸੇ ਦੇ ਮਾਪਿਆਂ ਨੂੰ ਸ਼ਿਕਾਇਤਾਂ ਨਹੀਂ, ਸਗੋਂ ਖੁਸ਼ੀ ਦੀਆਂ ਖ਼ਬਰਾਂ ਮਿਲਦੀਆਂ ਰਹੀਆਂ। ਹੌਲੀ-ਹੌਲੀ ਬਾਹਰਲੇ ਮੁਲਕਾਂ ਵਿੱਚ ਜਾਣ ਦੀ ਹੋੜ ਜਿਹੀ ਲੱਗ ਗਈ, ਜਿਸ ਕਾਰਨ ਨਾਜਾਇਜ਼ ਰਿਸ਼ਤੇਦਾਰੀਆਂ ਗੰਢ ਕੇ ਚੋਰ-ਮੋਰੀਆਂ ਦੇ ਰਾਹ ਲੱਭੇ ਗਏ। ਅਜਿਹਾ ਹੋਣ ਨਾਲ ਬੇਨਿਯਮੀਆਂ ਕਾਰਨ ਅਤੇ ਰਿਸ਼ਤਿਆਂ ਦੇ ਹੋਏ ਘਾਣ ਕਾਰਨ ਦੂਜੇ ਸੱਭਿਅਕ ਮੁਲਕਾਂ ਵਿੱਚ ਅੰਤਾਂ ਦੀ ਬਦਨਾਮੀ ਹੋਈ, ਜੋ ਅੱਜ ਤੱਕ ਵੀ ਬੰਦ ਨਹੀਂ ਹੋ ਸਕੀ।

ਹੁਣ ਤਾਂ ਖ਼ਬਰਾਂ ਇੱਥੋਂ ਤੱਕ ਛਪ ਗਈਆਂ ਕਿ ਦੇਸ਼ ਭਰ ਵਿੱਚ ਹਜ਼ਾਰਾਂ ਲੜਕੀਆਂ ਵਿਦੇਸ਼ੀ ਲਾੜਿਆਂ ਨਾਲ ਵਿਆਹ ਕਰਵਾ ਕੇ ਏਧਰ ਹੀ ਰੁਲਣ ਜੋਗੀਆਂ ਰਹਿ ਗਈਆਂ, ਕਿਉਂਕਿ ਲਾੜੇ ਉਨ੍ਹਾਂ ਨੂੰ ਬਾਹਰ ਨਹੀਂ ਲਿਜਾ ਸਕੇ। ਇਕੱਲੇ ਪੰਜਾਬ ਵਿੱਚ ਅਜਿਹੀਆਂ ਲਾੜੀਆਂ ਦੀ ਗਿਣਤੀ ਤੀਹ ਹਜ਼ਾਰ ਤੋਂ ਵੱਧ ਦੱਸੀ ਜਾ ਰਹੀ ਹੈ, ਜਿਨ੍ਹਾਂ ਦੀ ਜ਼ਿੰਦਗੀ ਦਾ ਬੋਝ ਮਾਪਿਆਂ ਨੂੰ ਹੀ ਝੱਲਣਾ ਪੈ ਰਿਹਾ ਹੈ। ਸਰਕਾਰ ਜਾਂ ਕੋਈ ਸੰਸਥਾ ਉਨ੍ਹਾਂ ਦੀ ਮਦਦ 'ਤੇ ਨਹੀਂ ਆ ਰਹੀ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਵਾਸਤੇ ਕੋਈ ਸਮਾਜਕ ਸੰਘਰਸ਼ ਨਹੀਂ ਚਲਾਇਆ ਜਾ ਸਕਦਾ। ਭਾਈਚਾਰਕ ਸੰਬੰਧ ਵੀ ਹੁਣ ਪਹਿਲਾਂ ਵਾਲੇ ਨਹੀਂ ਰਹੇ ਜਿਸ ਕਾਰਨ ਇਨ੍ਹਾਂ ਮਸਲਿਆਂ ਨੂੰ ਨਿੱਜਤਾ ਦੇ ਘੇਰੇ ਤੱਕ ਹੀ ਸੀਮਤ ਕਰਕੇ ਦੇਖਿਆ ਜਾ ਰਿਹਾ।

ਪਰਵਾਸੀਆਂ ਵੱਲੋਂ ਛੱਡੀਆਂ ਇਨ੍ਹਾਂ ਪਤਨੀਆਂ ਨੇ ਮਿਲ ਕੇ ਹੁਣ ਆਪਣੀ ਅੰਤਰ-ਰਾਸ਼ਟਰੀ ਸੰਸਥਾ ਬਣਾਈ ਹੈ, ਜਿਹੜੀਆਂ ਆਪਣੇ ਮਸਲਿਆਂ ਅਤੇ ਤੰਗੀਆਂ-ਤੁਰਸ਼ੀਆਂ ਦੀ ਆਵਾਜ਼ ਖ਼ੁਦ ਬੁਲੰਦ ਕਰਨਗੀਆਂ ਅਤੇ ਹੱਲ ਲੱਭਣ ਲਈ ਸਮਾਜਕ ਲੜਾਈ ਵੀ ਲੜਨਗੀਆਂ ਅਤੇ ਕਾਨੂੰਨੀ ਰਾਹ ਅਪਣਾ ਕੇ ਅਦਾਲਤਾਂ ਦੇ ਦਰ ਵੀ ਖੜਕਾਉਣਗੀਆਂ।

ਪਰਵਾਸ ਕਰਨ ਦੀ ਇੱਛਾ ਕਾਰਨ ਪੰਜਾਬ ਦੀਆਂ ਹਜ਼ਾਰਾਂ ਇਸਤਰੀਆਂ ਇੱਕ ਨਾ ਦੂਜੇ ਕਾਰਨ ਪਰਵਾਸੀਆਂ ਦੇ ਸ਼ਿਕੰਜੇ ਵਿੱਚ ਅਜਿਹੀਆਂ ਫਸੀਆਂ ਕਿ ਵਕਤ ਦੇ ਹੈਂਗਰਾ 'ਤੇ ਬੜੀ ਬੁਰੀ ਤਰ੍ਹਾਂ ਹੀ ਟੰਗੀਆਂ ਰਹਿ ਗਈਆਂ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਕੋਲ ਆਵਾਜ਼ ਉਠਾਉਣ ਅਤੇ ਵਿਦੇਸ਼ਾਂ ਵਿੱਚ ਸਥਿਤ ਭਾਰਤੀ ਦੂਤਘਰਾਂ ਕੋਲ ਸ਼ਿਕਾਇਤਾਂ ਕਰ ਕੇ ਕਾਨੂੰਨੀ ਕਾਰਵਾਈ ਦੀ ਚਾਰਾਜੋਈ ਕਰਨ ਤਾਂ ਕਿ ਉਨ੍ਹਾਂ ਦੇ ਮਸਲਿਆਂ ਨੂੰ ਸੁਣਿਆ ਜਾ ਸਕੇ।

ਇਹ ਵੀ ਬੜੀ ਤੁਅੱਜਬ ਦੀ ਗੱਲ ਹੈ ਕਿ ਦੇਸ਼ ਦੀਆਂ ਇਨ੍ਹਾਂ ਧੀਆਂ ਦੇ ਦੁਖੜੇ ਕਿਉਂ ਨਹੀਂ ਸੁਣੇ ਜਾਂਦੇ। ਕੀ ਦੇਸ਼ ਦੇ ਹਾਕਮ ਏਨੇ ਹੀ ਅਸੰਵੇਦਨਸ਼ੀਲ ਹੋ ਗਏ ਹਨ ਕਿ ਉਹ ਆਪਣੇ ਹੀ ਦੇਸ਼ ਦੀਆਂ ਧੀਆਂ ਦੇ ਗੰਭੀਰ ਅਤੇ ਦੁਖਾਂਤਕ ਮਸਲਿਆਂ ਨੂੰ ਨਿਪਟਾਉਣ ਵਾਸਤੇ ਤਿਆਰ ਨਹੀਂ ਹੁੰਦੇ। ਹਰ ਘਰ ਵਿੱਚ ਧੀਆਂ-ਭੈਣਾਂ ਹਨ, ਜਿਨ੍ਹਾਂ ਤੋਂ ਹਰ ਇੱਕ ਹੀ ਜਾਣੂ ਹੁੰਦਾ ਹੈ ਕਿ ਧੀਆਂ ਦੇ ਦੁੱਖ ਬੁਰੇ। ਜੇਕਰ ਫੇਰ ਵੀ ਇਨ੍ਹਾਂ ਦਰਦਾਂ ਮਾਰੀਆਂ ਦੀ ਕੋਈ ਮਦਦ ਨਹੀਂ ਕਰਦਾ, ਫੇਰ ਉਹ ਕਿੱਥੇ ਫਰਿਆਦ ਕਰਨ ਕਿ ਉਨ੍ਹਾਂ ਦੀ ਸੁਣੀ ਜਾਵੇ।

ਪੰਜਾਬ ਦੀਆਂ ਪ੍ਰਵਾਸੀ ਪਤੀਆਂ ਤੋਂ ਸਤਾਈਆਂ ਪਤਨੀਆਂ ਦੀ ਪੀੜਾ ਨੂੰ ਪੰਜਾਬ ਦੇ ਹਾਕਮ ਗੰਭੀਰਤਾ ਨਾਲ ਸੁਣਨ ਤਾਂ ਇਹ ਅਜਿਹਾ ਮਸਲਾ ਨਹੀਂ, ਜੋ ਹੱਲ ਨਾ ਕੀਤਾ ਜਾ ਸਕੇ। ਕਸੂਰਵਾਰ ਕੁੜੀਆਂ ਹੋਣ ਜਾਂ ਮੁੰਡੇ, ਦੋਹਾਂ ਦੇ ਮਾਪੇ ਹੋਣ ਜਾਂ ਵਿੱਚ ਵਾਲੇ ਵਿਚੋਲੇ ਪਰ ਪੀੜਤਾਂ ਦੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਹੱਲ ਬਾਰੇ ਤਾਂ ਸੋਚਣਾ ਹੀ ਪਵੇਗਾ। ਸਰਕਾਰ ਸੋਚੇ, ਕੁੜੀਆਂ ਮੁੰਡਿਆਂ ਦੇ ਮਾਪੇ ਪੈਰ ਚੁੱਕਣ ਜਾਂ ਫੇਰ ਧੀਆਂ ਵੱਲੋਂ ਬਣਾਈ ਕੌਮਾਂਤਰੀ ਜਥੇਬੰਦੀ ਦੇਸ਼ ਦੀਆਂ ਅਦਾਲਤਾਂ ਅਤੇ ਵਿਦੇਸ਼ਾਂ ਵਿਚਲੇ ਭਾਰਤੀ ਦੂਤ-ਘਰਾਂ ਵਿੱਚ ਹਲਚਲ ਮਚਾਉਣ।

ਧੀਆਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਦੁਰੇਡੇ ਵਸੇ ਮੁੰਡਿਆਂ ਬਾਰੇ ਬਾਰੀਕੀ ਨਾਲ ਜਾਣਕਾਰੀ ਹਾਸਲ ਕਰਨ ਤਾਂ ਕਿ ਮੁੜ ਪਛਤਾਉਣਾ ਨਾ ਪਵੇ। ਵਿਦੇਸ਼ਾਂ ਵਿੱਚ ਬਣੀਆਂ ਸੰਸਥਾਵਾਂ ਦਾ ਵੀ ਸਹਾਰਾ ਲੈ ਲੈਣ ਤਾਂ ਕਿ ਢੁਕਵੇਂ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਧੀਆਂ ਨੇ ਕਿਹੜੇ ਥਾਂ ਪਰਵਾਸ ਕਰਨਾ ਹੈ, ਇਹ ਵੀ ਕਈ ਵਾਰ ਪਹਿਲਾਂ ਤੋਂ ਤੈਅ ਨਹੀਂ ਹੁੰਦਾ, ਕਿਉਂਕਿ ਅੱਜ ਵੀ ਧੀਆਂ ਬਾਰੇ ਇਹੋ ਕੁਝ ਕਿਹਾ ਜਾ ਸਕਦੈ –

ਸਾਡੀਆਂ ਧੀਆਂ ਸਾਡੀਆਂ ਮਾਵਾਂ
ਉੱਡਦੇ ਪੰਛੀ ਦਾ ਪਰਛਾਵਾਂ
ਸਾਰੀ ਉਮਰਾ ਚੁੱਕੀ ਫਿਰਦੀਆਂ
ਮਨ 'ਚ ਸਾਂਭੀ ਚਾਰ ਕੁ ਲਾਵਾਂ।

ਪੰਜਾਬੀਓ ਅਤੇ ਦੇਸ਼ ਵਾਸੀਓ ਸੰਭਲੋ ਸੋਚ-ਸਮਝ ਕੇ ਹੀ ਧੀਆਂ ਨੂੰ ਬਾਹਰ ਭੇਜੋ, ਕਿਉਂਕਿ ਧੀਆਂ ਦੇ ਘਰ ਨਾ ਵਸਣ ਤਾਂ ਧੀਆਂ ਦੇ ਦੁੱਖ ਬੁਰੇ।

### ਖੁਸ਼ਕ ਪਹਾੜਾਂ ਦੀ ਸੈਰ

ਐਤਵਾਰ ਦੇ ਦਿਨ ਪਿੰਜੌਰ ਦੇ ਉੱਪਰਲੇ ਹਿੱਸੇ ਵੱਲ ਮੂੰਹ ਕੀਤਾ ਤਾਂ ਅਜਨਬੀ ਰਾਹਾਂ 'ਤੇ ਕਾਰ ਚੱਲਦੀ-ਚੱਲਦੀ ਖੁਸ਼ਕ ਪਹਾੜਾਂ ਵਿਚਲੀ ਵਾਦੀ ਤੱਕ ਲੈ ਗਈ। ਉੱਚੇ ਪਹਾੜਾਂ ਨਾਲ ਘਿਰੀ ਵਾਦੀ ਵਿੱਚ ਸੱਤਰ ਕੁ ਗਜ਼ ਲੰਮੇ ਅਤੇ 40 ਕੁ ਗਜ਼ ਚੌੜੇ ਮੈਦਾਨ ਵਿੱਚ ਡਾ. ਜੋਗਿੰਦਰ ਦਿਆਲ ਦੀ ਅਗਵਾਈ 'ਚ ਸਭ ਮਿੱਤਰ ਚੌਕੜੀਆਂ ਮਾਰ ਕੇ ਬੈਠ ਗਏ। ਡਾ. ਜੋਗਿੰਦਰ ਦਿਆਲ ਨੇ ਆਪਣੇ ਰੂਸ ਵਿਚਲੀਆਂ ਕਹਾਣੀਆਂ ਵੀ ਛੇੜੀਆਂ ਅਤੇ ਕਮਿਊਨਿਸਟ ਸੰਘਰਸ਼ਾਂ ਦੇ ਕਿੱਸੇ ਵੀ ਸੁਣਾਏ। ਮੈਂ, ਗਾਇਕ ਆਰ ਡੀ ਕੈਲੇ, ਬਲਵਿੰਦਰ ਸਿੰਘ ਉੱਤਮ ਅਤੇ ਹਰਪ੍ਰੀਤ ਸਿੰਘ ਔਲਖ ਉਨ੍ਹਾਂ ਨੂੰ ਪੂਰੇ ਧਿਆਨ ਨਾਲ ਸੁਣਦੇ ਰਹੇ ਅਤੇ ਆਪੋ-ਆਪਣੀਆਂ ਵੀ ਸੁਣਾਉਣ ਲੱਗ ਪਏ।

ਮੌਸਮ ਠੰਢਾ ਤਾਂ ਸੀ, ਪਰ ਸੂਰਜ ਦੀ ਧੁੱਪ ਕਦੇ-ਕਦੇ ਗਰਮ ਕਰਦੀ ਰਹੀ। ਸਰਦ ਹਵਾਵਾਂ ਵਿੱਚ ਵੀ ਮੌਸਮ ਨਿੱਘਾ ਰਿਹਾ ਅਤੇ ਮਾਹੌਲ ਸਰੂਰੀ। ਇੱਕ ਤਰ੍ਹਾਂ ਵਿਚਾਰਾਂ ਦੀ ਬੈਠਕ। ਇੱਕ ਤਰ੍ਹਾਂ ਦਾ ਨਿੱਘੀ ਮਿੱਤਰ ਮੰਡਲੀ ਅਤੇ ਭਾਈਚਾਰਾ। ਕੋਈ ਮੂਲੀਆਂ, ਕੋਈ ਗਾਜਰਾਂ ਕੱਟ ਰਿਹਾ, ਕੋਈ ਸੇਬ, ਅਨਾਰ ਅਤੇ ਅਮਰੂਦ। ਨੇੜਲੇ ਪਿੰਡ ਦਾ ਮੁੰਡਾ ਆਇਆ ਤਾਂ ਉਸ ਸ਼ਿਵ ਮੰਦਰ ਜਾਣ ਦੀ ਸਲਾਹ ਦਿੱਤੀ।

ਆਰ ਡੀ ਕੈਲੇ 'ਚੋਂ ਆਪ ਮੁਹਾਰੇ ਗਾਇਕੀ ਦਾ ਅਲਾਪ ਹੋਣਾ ਸ਼ੁਰੂ ਹੋ ਗਿਆ। ਉਸ ਨੇ ਮੇਰੀ ਉਸ ਗ਼ਜ਼ਲ ਨਾਲ ਗਾਇਕੀ ਦਾ ਆਗਾਜ਼ ਕੀਤਾ, ਜਿਹੜੀ 1971 'ਚ 'ਨਵਾਂ ਜ਼ਮਾਨਾ' ਦੇ ਕਿਸੇ ਅੰਕ ਵਿੱਚ ਛਪੀ ਸੀ :

ਝੁੱਗੀਆਂ ਦੇ ਬੋਲ ਕਰਾਰੇ ਹੋਏ ਨੇ।
ਰਾਹਾਂ 'ਚ ਤਾਹੀਉਂ ਅੰਗਾਰੇ ਹੋਏ ਨੇ।
ਸਾਰਾ ਹੀ ਦਿਨ ਜੋ ਵਹਾਂਦੇ ਪਸੀਨਾ
ਰੋਟੀ ਤੋਂ ਵੀ ਉਹ ਵਿਸਾਰੇ ਹੋਏ ਨੇ।
ਮਹਿਲਾਂ ਦਾ ਮਾਣ ਕਾਹਦਾ ਹੈ ਯਾਰੋ
ਝੁੱਗੀਆਂ ਨੇ ਹੀ ਜੋ ਉਸਾਰੇ ਹੋਏ ਨੇ।

ਇੱਕ ਦੋ ਹੋਰ ਰਚਨਾਵਾਂ ਤੋਂ ਬਾਅਦ ਉਸ ਨੇ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਛੋਹ ਲਏ :-

ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਪੀੜਾਂ ਦਾ ਪਰਾਗਾ ਭੁੰਨ ਦੇ

ਜਿੱਥੇ ਇਤਰਾਂ ਦੀ ਵਗਦਾ ਈ ਚੋਅ
ਉਥੇ ਮੇਰਾ ਯਾਰ ਵਸਦਾ।

ਚੂਰੀ ਕੁੱਟਾਂ ਤਾਂ ਉਹ ਖਾਂਦਾ ਨਾਹੀਂ।
ਮੈਂ ਓਹਨੂੰ ਦਿਲ ਦਾ ਮਾਸ ਖੁਆਇਆ।

ਸੂਰਜ ਛੁੱਟੀ ਕਰਨ ਲੱਗ ਪਿਆ। ਸਾਡਾ ਰੰਗੀਲੇ ਮਾਹੌਲ 'ਚੋਂ ਨਿਕਲਣ ਨੂੰ ਤਾਂ ਜੀਅ ਨਹੀਂ ਸੀ ਕਰਦਾ ਪਰ ਸਮੇਂ ਅਨੁਸਾਰ ਚੰਡੀਗੜ੍ਹ ਵੱਲ ਨੂੰ ਵਹੀਰਾਂ ਘੱਤ ਲਈਆਂ। ਨੇੜੇ ਦਾ ਪਰ ਇੱਕ ਯਾਦਗਾਰੀ ਸਫ਼ਰ ਬਣ ਗਿਆ।

****

### ਲਤੀਫ਼ੇ ਦਾ ਚਿਹਰਾ ਮੋਹਰਾ

ਗਾਹਕ : ਥਾਰੀ ਭੈਂਸ ਕੀ ਇੱਕ ਆਂਖ ਤੋ ਖ਼ਰਾਬ ਸੈ, ਫੇਰ ਵੀ ਤੂੰ ਇਸ ਕੇ 25 ਹਜ਼ਾਰ ਮਾਂਗਨ ਲਾਗਿਆ ਸੈ?

ਮੱਝ ਵਾਲਾ : ਤਨੈ ਭੈਂਸ ਦੂਧ ਖਾਤਰ ਚਾਹੀਏ ਜਾਂ ਨੈਨ ਮਟੱਕਾ ਕਰਨ ਖਾਤਰ...??

*****

ਤਾਊ : ਮਾਸਟਰ ਮੇਰਾ ਛੋਰਾ ਪੜ੍ਹਾਈ ਮੇਂ ਕੈਸਾ ਸੈ?

ਮਾਸਟਰ : ਆਰੀਆ ਭੱਟ ਨੇ ਸਿਫ਼ਰ ਦੀ ਖੋਜ ਇਸ ਕੀ ਖਾਤਰ ਹੀ ਕਰੀ ਥੀ।

# ਜੇ ਘਰ ਵਿਚ ਕਿਤਾਬਾਂ ਹੋਣ ਤਾਂ. .



ਕੇਹਰ ਸ਼ਰੀਫ
+49 173 3546050

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਉਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ। ਨਵੇਂ ਰਾਹ ਭਾਲਦਾ ਅਤੇ ਉਨ੍ਹਾਂ 'ਤੇ ਤੁਰਨ ਦਾ ਜਤਨ ਕਰਦਾ ਹੈ, ਆਪਣੀ ਮਿੱਥੀ ਮੰਜ਼ਿਲ ਵਲ ਵਧਦਾ ਹੈ, ਗਿਆਨ ਬੰਦੇ ਨੂੰ ਇਸੇ ਰਾਹੇ ਤੋਰਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਮੈਕਸਿਮ ਗੋਰਕੀ ਦੇ ਕਹਿਣ ਅਨੁਸਾਰ "ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਜਾਂਦਾ ਹੈ।"

ਹਰ ਮਨੁੱਖ ਹੀ ਆਪਣੇ ਘਰ ਦੀ ਖੂਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਗਿਆਨ ਦਾ ਭਰਪੂਰ ਖਜ਼ਾਨਾ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ। ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ ਤਾਂ ਐਵੇਂ ਹੀ ਬਿਨਾ ਕਿਤਾਬ ਪੜ੍ਹਿਆਂ ਕਮਲ਼ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ।



ਫਲਸਫਿਆਂ ਨੂੰ ਜਨਮ ਦੇਣ ਵਾਲੇ, ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ। ਉਦੋਂ ਪੱਤਿਆਂ ਆਦਿ 'ਤੇ ਲਿਖਣ ਦੇ ਯੁੱਗ ਵਿਚ ਵੀ ਗ੍ਰੰਥ ਲਿਖੇ ਗਏ। ਲਗਨ ਮਨੁੱਖ ਨੂੰ ਅਣਦਿਸਦੇ ਰਾਹਾਂ ਉੱਤੇ ਤਰਨ ਵਾਲੀ ਸੋਝੀ ਬਖਸ਼ ਦਿੰਦੀ ਹੈ। ਜਦੋਂ ਲਗਨ ਜਨੂਨ ਬਣ ਜਾਵੇ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ। ਸੂਝਵਾਨਾਂ ਵਲੋਂ ਸੰਸਾਰ ਨੂੰ ਪਿਆਰ ਕਰਨ ਵਾਲੇ ਹਾਂ ਪੱਖੀ ਲਗਨ/ਜਨੂਨ ਨੇ ਦੁਨੀਆਂ ਨੂੰ ਬਹੁਤ ਬਦਲਿਆ ਹੈ

ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਭਾਰਤੀ ਨਸਲਵਾਦ ਕਰਕੇ ਹੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਸੁਚੱਜਾ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਝੂਠੀਆ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਸਦੀਆਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਮੇਂ ਅਤੇ ਗੁਰੂ ਕਾਲ ਵੇਲੇ ਇਸੇ ਤਰ੍ਹਾਂ ਸੰਵਾਦ ਛੇੜਿਆ ਗਿਆ। ਬਾਬਾ ਨਾਨਕ ਵਲੋਂ ਗੋਸ਼ਟਿ ਦਾ ਸਿਧਾਂਤ ਸਾਡੇ ਸਭ ਦੇ ਸਾਹਮਣੇ ਹੈ। ਅੱਜ ਵੀ ਮਸਲੇ ਸੁਲਝਾਣ ਵੇਲੇ ਇਹ ਹੀ ਸਿਧਾਂਤ ਕੰਮ ਆਉਂਦਾ ਹੈ।

ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਮੱਥੇ ਰਗੜਨ ਵਾਲੇ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ। ਸੰਸਾਰ ਵਿਚ ਹਰ ਧਾਰਮਕ ਜਾਂ ਗੈਰ-ਧਾਰਮਿਕ ਮਨੁੱਖ ਦਾ ਗੁਰੂ – ਸ਼ਬਦ / ਗਿਆਨ ਹੀ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਉ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ। ਸਾਡਾ ਸਮਾਜ ਅਜੇ ਵੀ ਝੱਗਿਆਂ / ਫਰਾਕਾਂ, ਲਹਿੰਗਿਆਂ ਆਦਿ ਵਿਚ ਹੀ ਕਿਉਂ ਫਸਿਆਂ ਬੈਠਾ ਹੈ। ਅਸੀਂ ਵੀ ਜੇ ਸੰਸਾਰ ਦੇ ਹਾਣ ਦਾ ਹੋਣਾ ਹੈ ਤਾਂ ਸਾਨੂੰ ਆਪਣੀ ਸੌੜੀ ਸੋਚ ਵਿਚੋਂ ਨਿਕਲ ਕੇ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ। ਲੋੜ ਹੈ ਅਗਿਆਨ ਦੀਆਂ ਆਪਣੀਆਂ ਹਨੇਰੀਆਂ ਖੁੱਡਾਂ ਵਿਚੋਂ ਨਿਕਲ ਕੇ ਦਿਨ ਦੇ ਚਾਨਣ ਨੂੰ ਫੜਨ ਦੀ। ਇਸ ਚਾਨਣ ਦੇ ਆਸਰੇ ਸੰਸਾਰ ਬਹੁਤ ਹੀ ਖੂਬਸੂਰਤ ਨਜ਼ਰ ਆਵੇਗਾ– ਸਾਨੂੰ ਨਵੇਂ ਨਜ਼ਰੀਏ / ਦ੍ਰਿਸ਼ਟੀਕੋਣ ਦੇ ਲੜ ਲੱਗ ਕੇ ਨਵੀਂ ਧਰਤ ਨੂੰ ਸਿਰਜਣ ਦੀ ਲੋੜ ਹੈ। ਕਿਤਾਬਾਂ

(ਬਾਕੀ ਅਗਲੇ ਸਫੇ 'ਤੇ)

# ਵਿਕਾਸ ਲਈ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣਾ ਜ਼ਰੂਰੀ

**ਪੰਜਾਬ 'ਚ 13000 ਤੋਂ ਵੱਧ ਪੰਚਾਇਤਾਂ ਹਨ। ਇਹਨਾਂ ਪੰਚਾਇਤਾਂ ਵਿਚੋਂ 80 ਪ੍ਰਤੀਸ਼ਤ ਦੇ ਕੋਲ ਆਪਣੀ ਆਮਦਨ ਦਾ ਕੋਈ ਵੱਡਾ ਸਾਧਨ ਨਹੀਂ। ਕੁਝ ਪੰਚਾਇਤਾਂ ਹੀ ਹਨ, ਜਿਹਨਾ ਕੋਲ ਪੰਚਾਇਤੀ ਜ਼ਮੀਨ ਹੈ, ਜਿਸਦਾ ਪ੍ਰਤੀ ਸਾਲ ਠੇਕਾ ਉਹਨਾ ਦੇ ਖਾਤੇ ਪੈਂਦਾ ਹੈ, ਜਿਸ ਵਿੱਚੋਂ ਵੀ ਕੁਲ ਆਮਦਨ ਦਾ 20 ਤੋਂ 25 ਪ੍ਰਤੀਸ਼ਤ ਹਿੱਸਾ ਪੰਚਾਇਤ ਵਿਭਾਗ ਲੈ ਜਾਂਦਾ ਹੈ, ਜੋ ਪੰਚਾਇਤਾਂ ਨੂੰ ਪੰਚਾਇਤ ਸਕੱਤਰ, ਗ੍ਰਾਮ ਸੇਵਕਾਂ ਦੀਆਂ ਸੇਵਾਵਾਂ ਮੁਹੱਈਆ ਕਰਦਾ ਹੈ। ਸੂਬੇ ਦੀਆਂ ਪੰਚਾਇਤਾਂ ਦੀ ਜ਼ਮੀਨ ਵਿਚੋਂ ਇੱਕ ਤਿਹਾਈ ਜ਼ਮੀਨ ਉਤੇ ਗੈਰ ਕਾਨੂੰਨੀ ਤੌਰ ਤੇ ਪਿੰਡਾਂ ਦੇ ਤਾਕਤਵਰ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਪਿੰਡਾਂ ਦੀਆਂ ਪੰਚਾਇਤਾਂ ਦੀਆਂ ਚੋਣਾਂ ਮੁਕੰਮਲ ਹੋ ਗਈਆਂ ਹਨ। ਨਵੇਂ ਨੁਮਾਇੰਦੇ ਚੁਣੇ ਗਏ ਹਨ। ਨਵੇਂ ਚੁਣੇ ਪੰਚਾਂ, ਸਰਪੰਚਾਂ 'ਚ ਆਪੋ-ਆਪਣੇ ਪਿੰਡਾਂ 'ਚ ਕੁਝ ਕਰਨ ਦਾ ਉਤਸ਼ਾਹ ਹੈ। ਪਿੰਡ ਪੰਚਾਇਤਾਂ ਆਪਣੀ ਸਮਝ-ਬੂਝ ਨਾਲ ਪੰਚਾਇਤ ਸਹਾਇਕਾਂ, ਸਿਆਸੀ ਲੋਕਾਂ ਦੀ ਸਹਾਇਤਾ ਨਾਲ ਨਵੇਂ ਕੰਮ ਕਰਨ ਲਈ, ਟੀਚੇ ਮਿਥਣਗੀਆਂ। ਪਿੰਡਾਂ ਦੇ ਵਿਕਾਸ ਦੇ ਅਧੂਰੇ ਕੰਮ ਪੂਰੇ ਕਰਨ ਅਤੇ ਨਵੇਂ ਵਿਕਾਸ ਦੇ ਕੰਮ ਛੇੜਣ ਲਈ ਸਰਕਾਰੀ ਗ੍ਰਾਂਟਾਂ ਪ੍ਰਾਪਤ ਕਰਨ ਅਤੇ ਲੋਕਾਂ ਤੋਂ ਪੈਸਾ ਇੱਕਠਾ ਕਰਨ ਦਾ ਟੀਚਾ ਮਿੱਥਣਗੀਆਂ।

ਪੰਜਾਬ 'ਚ 13000 ਤੋਂ ਵੱਧ ਪੰਚਾਇਤਾਂ ਹਨ। ਇਹਨਾਂ ਪੰਚਾਇਤਾਂ ਵਿਚੋਂ 80 ਪ੍ਰਤੀਸ਼ਤ ਦੇ ਕੋਲ ਆਪਣੀ ਆਮਦਨ ਦਾ ਕੋਈ ਵੱਡਾ ਸਾਧਨ ਨਹੀਂ। ਕੁਝ ਪੰਚਾਇਤਾਂ ਹੀ ਹਨ, ਜਿਹਨਾ ਕੋਲ ਪੰਚਾਇਤੀ ਜ਼ਮੀਨ ਹੈ, ਜਿਸਦਾ ਪ੍ਰਤੀ ਸਾਲ ਠੇਕਾ ਉਹਨਾ ਦੇ ਖਾਤੇ ਪੈਂਦਾ ਹੈ, ਜਿਸ ਵਿੱਚੋਂ ਵੀ ਕੁਲ ਆਮਦਨ ਦਾ 20 ਤੋਂ 25 ਪ੍ਰਤੀਸ਼ਤ ਹਿੱਸਾ ਪੰਚਾਇਤ ਵਿਭਾਗ ਲੈ ਜਾਂਦਾ ਹੈ, ਜੋ ਪੰਚਾਇਤਾਂ ਨੂੰ ਪੰਚਾਇਤ ਸਕੱਤਰ, ਗ੍ਰਾਮ ਸੇਵਕਾਂ ਦੀਆਂ ਸੇਵਾਵਾਂ ਮੁਹੱਈਆ ਕਰਦਾ ਹੈ। ਸੂਬੇ ਦੀਆਂ ਪੰਚਾਇਤਾਂ ਦੀ ਜ਼ਮੀਨ ਵਿਚੋਂ ਇੱਕ ਤਿਹਾਈ ਜ਼ਮੀਨ ਉਤੇ ਗੈਰ ਕਾਨੂੰਨੀ ਤੌਰ ਤੇ ਪਿੰਡਾਂ ਦੇ ਤਾਕਤਵਰ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ। ਪੰਚਾਇਤਾਂ ਆਮ ਤੌਰ ਤੇ ਪਿੰਡ ਵਾਸੀਆਂ ਉਤੇ ਕੋਈ ਟੈਕਸ ਨਹੀਂ ਲਗਾਉਂਦੀਆਂ। ਸਿੱਟੇ ਵਜੋਂ ਪੰਚਾਇਤਾਂ ਕੋਲ ਆਮਦਨ ਦੇ ਸਰੋਤ ਸੀਮਤ ਹਨ। ਜਿਸ ਕਾਰਨ ਵਿਕਾਸ ਦੇ ਵੱਡੇ ਕੰਮ ਪੰਚਾਇਤਾਂ ਆਪਣੇ ਤੌਰ ਤੇ ਨਹੀਂ ਉਲੀਕ ਸਕਦੀਆਂ। ਹਾਂ, ਕਿਧਰੇ ਪ੍ਰਵਾਸੀ ਪੰਜਾਬੀਆਂ ਦੀ ਸਹਾਇਤਾ ਨਾਲ ਵਿਕਾਸ ਦੇ ਕੁਝ ਪ੍ਰਾਜੈਕਟ, ਆਰੰਭੇ ਅਤੇ ਪੂਰੇ ਕੀਤੇ ਗਏ ਹਨ, ਜਿਸ ਨਾਲ ਕੁਝ ਪਿੰਡਾਂ ਦੀ ਪ੍ਰਵਾਸੀਆਂ ਦੀ ਮਦਦ ਨਾਲ ਦਿੱਖ ਚੰਗੀ ਹੋਈ ਹੈ, ਕੁਝ ਸਹੂਲਤਾਂ ਮਿਲੀਆਂ ਹਨ ਅਤੇ ਪਿੰਡ ਸੁੰਦਰ ਦਿੱਖਣ ਲੱਗੇ ਹਨ।

ਆਮ ਤੌਰ ਤੇ ਪਿੰਡਾਂ ਦੇ ਵਿਕਾਸ ਨੂੰ ਗਲੀਆਂ, ਨਾਲੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਨਾਲ ਜੋੜਕੇ ਹੀ ਵੇਖਿਆ ਜਾ ਰਿਹਾ ਹੈ। ਪਿਛਲੇ ਸਤ ਦਹਾਕਿਆਂ ਵਿੱਚ ਪਿੰਡਾਂ ਦੇ ਵਿਕਾਸ ਦੀਆਂ ਵੱਡੀਆਂ ਯੋਜਨਾਵਾਂ ਵੀ ਕੇਂਦਰੀ ਸੂਬਾ ਸਰਕਾਰਾਂ ਵੱਲੋਂ ਬਣਾਈਆਂ ਗਈਆਂ ਜਾਂ ਲਾਗੂ ਕੀਤੀਆਂ ਗਈਆਂ ਹਨ। ਮਾਡਲ ਗ੍ਰਾਮ, ਆਦਰਸ਼ ਗ੍ਰਾਮ, ਸਾਂਸਦ ਵਿਕਾਸ ਨਿਧੀ ਜਿਹੀਆਂ ਯੋਜਨਾਵਾਂ ਪਿੰਡਾਂ ਦੇ ਵਿਕਾਸ ਲਈ ਵੱਡੀ ਪੱਧਰ ਤੇ ਪ੍ਰਚਾਰੀਆਂ ਗਈਆਂ ਜਾਂ ਇਸ ਅਧੀਨ ਕੰਮ ਕਰਨ ਦੇ ਯਤਨ ਹੋਏ। ਪਰ ਕਿਉਂਕਿ ਇਹਨਾ ਸਕੀਮਾਂ 'ਚ ਲੋਕਾਂ ਦੀ ਸ਼ਮੂਲੀਅਤ ਸਹੀ ਢੰਗ ਨਾਲ ਨਾ ਹੋਣ ਕਾਰਨ ਇਹ ਸਕੀਮਾਂ ਸਾਰਥਕ ਸਿੱਟੇ ਨਹੀਂ ਦੇ ਸਕੀਆਂ।

ਪਿੰਡ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦੇਕੇ 73ਵੀ ਸੰਵਧਾਨਿਕ ਸੋਧ ਅਧੀਨ ਕੇਂਦਰ ਦੀ ਸਰਕਾਰ ਨੇ 29 ਸਰਕਾਰੀ ਮਹਿਕਮਿਆਂ ਦੇ ਕੰਮਕਾਰਾਂ ਦੀ ਦੇਖਭਾਲ ਦਾ ਜ਼ਿੰਮਾ ਦਿੱਤਾ। ਪਰ ਜ਼ਮੀਨੀ ਪੱਧਰ ਉਤੇ ਇਹ ਅਧਿਕਾਰ ਪਿੰਡ ਪੰਚਾਇਤਾਂ ਨੂੰ ਅਫਸਰਸ਼ਾਹੀ ਵਲੋਂ ਦਿੱਤੇ ਹੀ ਨਹੀਂ ਗਏ। ਉਲਟਾ ਪੰਜਾਬ ਦੇ ਪੰਚਾਇਤੀ ਐਕਟ ਅਧੀਨ ਜਿਹੜੇ ਅਧਿਕਾਰ ਪੰਚਾਇਤਾਂ ਕੋਲ ਹੈ ਵੀ ਹਨ, ਉਹ ਵੀ ਬਾਬੂਸ਼ਾਹੀ ਦੀ ਭੇਟ ਚੜ੍ਹੇ ਹੋਏ ਹਨ, ਅਤੇ ਅਸਲੀਅਤ ਇਹ ਹੈ ਕਿ ਬਹੁ-ਗਿਣਤੀ ਪਿੰਡ ਪੰਚਾਇਤਾਂ ਅਸਲ ਵਿੱਚ ਪੰਚਾਇਤਾਂ ਜਾਂ ਪੰਚਾਇਤਾਂ ਦੇ ਸਰਪੰਚ ਨਹੀਂ, ਪੰਚਾਇਤ ਸਕੱਤਰ ਜਾਂ ਗ੍ਰਾਮ ਸੇਵਕ ਚਲਾਉਂਦੇ ਹਨ ਅਤੇ ਉਹ ਵੀ ਆਮ ਤੌਰ ਤੇ ਹਾਕਮ ਸਿਆਸੀ ਲੋਕਾਂ ਦੇ ਦਬ-ਦਬਾਅ ਹੇਠ, ਜਿਹੜੇ ਪੰਚਾਇਤਾਂ ਨੂੰ ਆਪਣੀ 'ਮਲਕੀਅਤ' ਬਣਾਕੇ ਚਲਾਉਣਾ ਚਾਹੁੰਦੇ ਹਨ ਤਾਂ ਕਿ ਅਸੰਬਲੀ, ਜਾਂ ਲੋਕ ਸਭਾ ਚੋਣਾਂ ਵੇਲੇ ਉਹਨਾ ਰਾਹੀਂ ਵੋਟਾਂ ਵਟੋਰੀਆਂ ਜਾ ਸਕਣ।

ਪੰਚਾਇਤਾਂ ਨੂੰ ਗ੍ਰਾਂਟਾਂ ਦੇਣ ਦੇ ਮਾਮਲੇ 'ਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਜਿਸ ਕਿਸਮ ਦੀ ਗ੍ਰਾਂਟਾਂ ਦੀ ਵੰਡ ਕੀਤੀ ਗਈ, ਉਸ ਨਾਲ ਸਿਆਸੀ ਲੋਕਾਂ ਵਲੋਂ ਪੇਂਡੂ ਲੋਕਾਂ ਦੀਆਂ ਵੋਟਾਂ ਹਥਿਆਉਣ ਲਈ ਵਰਤੇ ਹੱਥਕੰਡੇ ਬਹੁਤ ਹੀ ਸਪਸ਼ਟ ਦਿਖੇ। ਪੰਜਾਬ ਦੇ ਮਾਲਵਾ ਖਿੱਤੇ 'ਚ ਕੁਝ ਪਿੰਡਾਂ ਨੂੰ ਦੋ ਕਰੋੜ ਤੋਂ ਪੰਜ ਕਰੋੜ ਤੱਕ ਦੀ ਗ੍ਰਾਂਟ ਦਿੱਤੀ ਗਈ, ਜਿਸਦੀ ਦੁਰਵਰਤੋਂ ਦੀਆਂ ਖ਼ਬਰਾਂ ਵੀ ਛਪੀਆਂ, ਪਰ ਕੁਝ ਪਿੰਡਾਂ ਨੂੰ ਗ੍ਰਾਂਟ ਦਾ ਇੱਕ ਪੈਸਾ ਵੀ ਨਹੀਂ ਦਿੱਤਾ ਗਿਆ। ਸੂਬਾ ਸਰਕਾਰ ਵਲੋਂ ਦਿੱਤੀਆਂ ਗਈਆਂ ਇਹ ਗ੍ਰਾਂਟਾਂ ਗੰਦੇ ਪਾਣੀ ਦੇ ਨਿਕਾਸ, ਕੰਕਰੀਟ ਬਲੌਕ ਰਸਤਿਆਂ 'ਚ ਲਗਾਉਣ, ਪਿੰਡਾਂ 'ਚ ਸ਼ਮਸ਼ਾਨ ਘਾਟ ਦੀ ਉਸਾਰੀ, ਅੰਡਰਗਰਾਊਂਡ ਸੀਵਰੇਜ ਪਾਉਣ, ਸਕੂਲਾਂ 'ਚ ਕਮਰਿਆਂ ਦੀ ਉਸਾਰੀ, ਸਟੇਡੀਅਮ ਦੀ ਉਸਾਰੀ, ਪੰਚਾਇਤ ਘਰਾਂ ਦੀ ਉਸਾਰੀ ਆਦਿ ਲਈ ਦਿੱਤੀਆਂ ਗਈਆਂ। ਉਂਜ ਲਗਭਗ ਛੋਟੀਆਂ ਵੱਡੀਆਂ ਸਾਰੀਆਂ ਪੰਚਾਇਤਾਂ ਨੂੰ ਵਿੱਤ ਕਮਿਸ਼ਨ ਭਾਰਤ ਸਰਕਾਰ ਵਲੋਂ ਕੁਝ ਗ੍ਰਾਂਟਾਂ ਪਿੰਡਾਂ ਦੇ ਵਿਕਾਸ ਲਈ ਵੀ ਦਿੱਤੀਆਂ ਜਾਂਦੀਆਂ ਹਨ ਅਤੇ ਮਗਨਰੇਗਾ ਸਕੀਮ ਅਧੀਨ ਵੀ ਕੁਝ ਫੰਡ ਪਿੰਡਾਂ ਦੀ ਦਿੱਖ ਸੁਧਾਰਨ ਲਈ ਵਰਤੇ ਜਾਂਦੇ ਹਨ। ਪਰ ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਪਿੰਡਾਂ ਦੇ ਵਿਕਾਸ ਦੀਆਂ ਬਹੁਤੀਆਂ ਸਕੀਮ ਅਣਗੌਲੀਆਂ ਰਹਿ ਜਾਂਦੀਆਂ ਹਨ, ਜਿਸਦੀ ਉਦਾਹਰਨ ਸਾਂਸਦ ਵਿਕਾਸ ਫੰਡ ਤੋਂ ਲਈ ਜਾ ਸਕਦੀ ਹੈ।

16ਵੀਂ ਲੋਕ ਸਭਾ ਦੇ ਹੁਣ ਤੱਕ ਦੇ ਕਾਰਜਕਾਲ ਵਿੱਚ 545 ਵਿਚੋਂ 35 ਲੋਕ ਸਭਾ ਸੰਸਦ ਹੀ ਇਹੋ ਜਿਹੇ ਹਨ, ਜਿਹਨਾ ਨੇ ਉਹਨਾ ਨੂੰ ਮਿਲੇ 5 ਕਰੋੜ ਪ੍ਰਤੀ ਸਾਲ ਰਕਮ ਵਿਕਾਸ ਦੇ ਕੰਮਾਂ ਲਈ ਵਰਤੀ ਹੈ। ਇਹਨਾ ਵਿਚੋਂ ਪੰਜਾਬ ਦੇ ਤਿੰਨ ਸੰਸਦ ਵੀ ਹਨ। ਸਭ ਤੋਂ ਵੱਧ 10 ਸੰਸਦ ਪੱਛਮੀ ਬੰਗਾਲ ਦੇ ਹਨ ਜਿਹਨਾ ਨੇ ਪੂਰੀ ਰਕਮ ਦੀ ਵਰਤੋਂ ਕੀਤੀ ਹੈ। ਸਾਲ 2018-19 ਦੀ ਸਾਂਸਦ ਸਥਾਨਿਕ ਖੇਤਰ ਵਿਕਾਸ ਯੋਜਨਾ ਦੇ ਤਹਿਤ ਵੱਡੀ ਰਕਮ ਸਰਕਾਰ ਵਲੋਂ ਮਨਜ਼ੂਰ ਨਹੀਂ ਹੋਈ, ਇਸ ਦੀਆਂ 7300 ਕਰੋੜ ਦੀਆਂ 2920 ਕਿਸ਼ਤਾਂ ਰੁਕੀਆਂ ਹੋਈਆਂ ਹਨ। ਜਿਸਦਾ ਸਿੱਧਾ ਅਰਥ ਇਹ ਹੈ ਕਿ ਸਰਕਾਰ ਵਲੋਂ ਵਿਕਾਸ ਕਾਰਜਾਂ ਖਾਸ ਤੌਰ 'ਤੇ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਉਸ ਕਿਸਮ ਦੀ ਰੁਚੀ ਨਹੀਂ ਦਿਖਾਈ ਜਾ ਰਹੀ, ਜਿਸ ਕਿਸਮ ਦੀ ਰੁਚੀ ਦਿਖਾਈ ਜਾਣੀ ਚਾਹੀਦੀ ਹੈ। ਸਾਂਸਦ ਵਿਕਾਸ ਨਿਧੀ ਦੇ ਇਹ ਵਿਕਾਸ ਕਾਰਜ ਆਮ ਤੌਰ ਤੇ ਪਿੰਡਾਂ ਵਿੱਚ ਹੀ ਮੁੱਖ ਤੌਰ ਤੇ ਕਰਵਾਏ ਜਾਂਦੇ ਹਨ। ਮੋਦੀ ਸਰਕਾਰ ਨੇ ਪਿੰਡਾਂ ਦੇ ਵਿਕਾਸ 'ਚ ਤੇਜੀ ਲਿਆਉਣ ਲਈ ਹਰੇਕ ਲੋਕ ਸਭਾ ਮੈਂਬਰ ਨੂੰ ਇੱਕ ਪਿੰਡ ਚੁਣਕੇ ਉਸਦਾ ਸੰਪੂਰਨ ਵਿਕਾਸ ਕਰਨ ਲਈ ਕਿਹਾ ਸੀ, ਪਰ ਵੱਡੀ ਗਿਣਤੀ ਪਾਰਲੀਮੈਂਟ ਦੇ ਮੈਂਬਰਾਂ ਨੇ ਇਸ ਪ੍ਰਤੀ ਰੁਚੀ ਹੀ ਨਹੀਂ ਵਿਖਾਈ, ਉਹਨਾ ਵਲੋਂ ਆਪਣੇ ਕੋਲ ਪਏ 5 ਕਰੋੜ ਦੇ ਫੰਡ ਵਿਚੋਂ ਹੀ ਕੁਝ ਫੰਡ ਇਹਨਾ ਪਿੰਡਾਂ ਲਈ ਦਿੱਤੇ, ਜਿਸ ਨਾਲ ਇਹਨਾ ਪਿੰਡਾਂ ਦੇ ਵਿਕਾਸ ਦੀ ਕੋਈ ਸਕੀਮ ਵੀ ਸਿਰੇ ਨਾ ਲੱਗ ਸਕੀ। ਗੱਲਾਂ ਵੱਧ-ਕੰਮ ਘੱਟ ਕਰਨ ਵਾਲੀ ਸਰਕਾਰ ਨੇ 545 ਸਾਂਸਦ ਨੂੰ ਇਹ ਤਾਂ ਆਖ ਦਿੱਤਾ ਕਿ ਆਪਣੇ ਸਾਂਸਦੀ ਹਲਕੇ ਦਾ ਇੱਕ ਪਿੰਡ ਚੁਣੋ ਤੇ ਵਿਕਾਸ ਕਰੋ, ਪਰ ਉਹਨਾ ਨੂੰ ਕੋਈ ਵੀ ਵਾਧੂ ਪੈਸਾ ਇਸ ਕੰਮ ਲਈ ਨਾ ਦਿੱਤਾ ਗਿਆ। ਇਸ ਸਕੀਮ ਅਧੀਨ ਪੀਣ ਵਾਲੇ ਪਾਣੀ ਦੀ ਸੁਵਿਧਾ ਦੇਣ, ਸਿੱਖਿਆ, ਸਿਹਤ ਅਤੇ ਸਵੱਛਤਾ ਅਤੇ ਸੜਕ ਨਿਰਮਾਣ ਲਈ ਰਕਮ ਖਰਚੀ ਜਾਂਦੀ ਹੈ। ਪਰ 5 ਕਰੋੜ ਦੀ ਇਹ ਰਾਸ਼ੀ ਭਾਰਤ ਦੇਸ਼ ਜਿਹੇ ਵਿੱਚ ਸਾਂਸ਼ਦੀ ਖੇਤਰ ਲਈ ਇੰਨੀ ਛੋਟੀ ਹੈ ਕਿ ਪੇਂਡੂ ਖੇਤਰ ਦੇ ਕੰਮਾਂ ਲਈ ਇਸ ਵਿਚੋਂ ਤੁਛ ਜਿਹੀ ਰਾਸ਼ੀ ਹੀ ਹਿੱਸੇ ਆਉਂਦੀ ਹੈ।

ਸਮੇਂ ਸਮੇਂ ਪਿਛਲੀਆਂ ਸਰਕਾਰਾਂ ਵਲੋਂ ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਸਕੀਮਾਂ ਚਾਲੂ ਕੀਤੀਆਂ ਗਈਆਂ। ਇਸ ਅਧੀਨ ਜਿਥੇ ਬੁਨਿਆਦੀ ਢਾਂਚੇ ਦੀ ਉਸਾਰੀ ਕਰਵਾਈ ਜਾਣੀ ਸੀ, ਉਥੇ ਪਿੰਡਾਂ ਦੇ ਆਰਥਿਕ ਵਿਕਾਸ ਲਈ ਪਿੰਡਾਂ 'ਚ ਇੰਡਸਟਰੀਅਲ ਫੋਕਲ ਪੁਆਇੰਟ ਵੀ ਖੋਲ੍ਹੇ ਗਏ, ਉਹਨਾ ਲਈ ਪਲਾਟ ਅਤੇ ਸਬਸਿਡੀਆਂ ਦਿੱਤੀਆਂ ਗਈਆਂ, ਪਰ ਇਹ ਸਕੀਮ ਇੰਸਪੈਕਟਰੀ ਰਾਜ ਦੇ ਭਾਰ ਹੇਠ ਹੀ ਦੱਬੀ ਗਈ ਉਵੇਂ ਹੀ ਜਿਵੇਂ ਪੰਜਾਬ ਦੇ ਪਿੰਡਾਂ 'ਚ ਸਹਿਕਾਰੀ ਲਹਿਰ ਦਮ ਤੋੜਦੀ ਨਜ਼ਰ ਆਉਂਦੀ ਹੈ, ਜਿਸ ਉਤੇ ਕੁਝ ਲੋਕਾਂ ਦਾ ਗਲਬਾ ਹੈ, ਜਿਹੜੇ ਇਸ ਲਹਿਰ ਨੂੰ ਆਪਣੇ ਹਿੱਤਾਂ ਅਤੇ ਚੌਧਰ ਖਾਤਰ ਪ੍ਰਫੁਲਤ ਹੀ ਨਹੀਂ ਹੋਣ ਦੇ ਰਹੇ।

ਕਿਉਂਕਿ ਪਿੰਡ ਕਮਜ਼ੋਰ ਹੋ ਰਿਹਾ ਹੈ, ਇਸਦਾ ਅਰਥਚਾਰਾ ਕਮਜ਼ੋਰ ਹੋ ਰਿਹਾ ਹੈ। ਪਿੰਡਾਂ 'ਚ ਖੇਤੀ ਸੰਕਟ ਦੇ ਚਲਦਿਆਂ, ਉਹ ਲਹਿਰ-ਬਹਿਰ ਵੇਖਣ ਨੂੰ ਨਹੀਂ ਮਿਲ ਰਹੀ, ਜਿਹੜੀ ਖੇਤੀ 'ਚ ਉਤਪਾਦਨ ਦੇ ਵਾਧੇ ਕਾਰਨ ਦਿਖਣੀ ਚਾਹੀਦੀ ਸੀ, ਕਿਉਂਕਿ ਖੇਤੀ ਲਾਗਤ ਵਧੀ ਹੈ, ਕਿਸਾਨ ਕਰਜ਼ਾਈ ਹੋਏ ਹਨ, ਖੇਤ ਮਜ਼ਦੂਰਾਂ ਲਈ ਖੇਤੀ ਮਸ਼ੀਨਰੀ ਦੇ ਪੈਰ ਪਸਾਰੇ ਹਨ। ਖੇਤੀ ਕਰਨ ਵਾਲੇ ਲੋਕ ਘੱਟ ਰਹੇ ਹਨ ਅਤੇ ਉਹਨਾ ਦਾ ਪਿੰਡਾਂ ਵਿਚੋਂ ਸ਼ਹਿਰਾਂ ਵੱਲ ਪ੍ਰਚਲਣ ਵਧਿਆ ਹੈ। । ਪਿਛਲੇ ਸਮੇਂ 'ਚ ਪਿੰਡਾਂ ਅਤੇ ਪਿੰਡ ਪੰਚਾਇਤਾਂ ਨੇ ਬਹੁਤ ਕੁਝ ਗੁਆ ਲਿਆ ਹੈ। ਪਿੰਡਾਂ ਦੇ ਲੋਕਾਂ 'ਚ ਆਪਸੀ ਕੁੜੱਤਣ ਅਤੇ ਧੜੇਬੰਦੀ ਵਧੀ ਹੈ ਅਤੇ ਇਹ ਬਹੁਤਾ ਕਰਕੇ ਸਿਆਸੀ ਲੋਕਾਂ ਦੀ ਹੀ ਦੇਣ ਹੈ।

ਇਹੋ ਜਿਹੀ ਸਥਿਤੀ 'ਚ ਪਿੰਡਾਂ 'ਚ ਬੁਨਿਆਦੀ ਢਾਂਚੇ 'ਚ ਸੁਧਾਰ ਅਤੇ ਪੇਂਡੂ ਅਰਥਚਾਰੇ ਦੀ ਮਜ਼ਬੂਤੀ ਦੀ ਅਤਿਅੰਤ ਲੋੜ ਹੈ। ਇਹ ਕੰਮ ਸਹੀ ਅਰਥਾਂ ਵਿੱਚ ਸਥਾਨਕ ਸਰਕਾਰਾਂ ਅਰਥਾਤ ਪੰਚਾਇਤਾਂ ਕਰ ਸਕਦੀਆਂ ਹਨ, ਜੇਕਰ ਉਹਨਾ ਨੂੰ ਪੂਰੇ ਅਧਿਕਾਰ ਅਤੇ ਫੰਡ ਮੁਹੱਈਆ ਕੀਤੇ ਜਾਣ। ਪਿੰਡਾਂ 'ਚ ਖੇਤੀ ਨਾਲ ਸਬੰਧਤ ਖੇਤੀ ਉਦਯੋਗ ਲੱਗਣ। ਪਿੰਡਾਂ 'ਚ ਸਹੀ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਪਿੰਡਾਂ ਦੇ ਨੌਜਵਾਨਾਂ ਲਈ ਮਲਟੀ ਸਕਿੱਲ ਵੋਕੇਸ਼ਨਲ (ਹੱਥੀ ਕੰਮ ਕਰਨ) ਸਿੱਖਿਆ ਦਾ ਪ੍ਰਬੰਧ ਹੋਵੇ।

ਸਰਕਾਰਾਂ, ਪੰਚਾਇਤਾਂ ਅਤੇ ਸਰਪੰਚਾਂ ਨੂੰ ਅਜ਼ਾਦਾਨਾ ਤੌਰ 'ਤੇ ਕੰਮ ਕਰਨ ਦੀ ਖੁਲ੍ਹ ਦੇਣ, ਤਦੇ ਪਿੰਡਾਂ ਦਾ ਕੁਝ ਸੰਵਾਰ ਹੋ ਸਕਦਾ ਹੈ। ਉਂਜ ਜੇਕਰ ਪੰਚਾਇਤਾਂ ਸੰਵਿਧਾਨ ਦੀ 73ਵੀਂ ਸੋਧ ਮੁਤਾਬਕ ਜੋ ਹੱਕ ਉਸਨੂੰ ਮਿਲੇ ਹੋਏ ਹਨ, ਉਸਦੀ ਵਰਤੋਂ ਗ੍ਰਾਮ ਸਭਾ ਬੁਲਾਕੇ ਮਤੇ ਪਾਕੇ ਕਰਨਗੀਆ ਤਾਂ ਉਹਨਾ ਨੂੰ ਵਿਧਾਇਕਾਂ ਅਤੇ ਮੰਤਰੀਆਂ ਅੱਗੇ ਹੱਥ ਨਹੀਂ ਫੈਲਾਉਣੇ ਪੈਣਗੇ।


## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਜਨਵਰੀ 2019 ਵਿਚ ਹੋਣ ਵਾਲੇ ਪ੍ਰੋਗਰਾਮ

13 ਜਨਵਰੀ ਐਤਵਾਰ ਨੂੰ ਗੁਰੂ ਘਰ ਦੇ ਸੇਵਾਦਾਰ ਪਰਿਵਾਰ ਸ੍ਰੀ ਸ਼ਾਮ ਪਾਲ ਜੀ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ ਜੀ।

14 ਜਨਵਰੀ ਦਿਨ ਸੋਮਵਾਰ ਨੂੰ ਗੁਰੂ ਘਰ ਸੰਗ੍ਰਾਂਦਿ ਦਾ ਪਵਿੱਤਰ ਦਿਹਾੜਾ ਮਨਾਇਆ ਜਾਵੇਗਾ, ਜਿਸ ਵਿਚ ਸ਼ਾਮ 5 ਵਜੇ ਤੋਂ ਲੈ ਕੇ 7 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ।

ਇਹਨਾਂ ਸਮਾਗਮਾਂ ਵਿਚ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

ਗੁਰੂ ਘਰ 530-674-2564, ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938,
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823, ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370

SHRI GURU RAVIDASS TEMPLE 1480 HAYNE AVENUE, YUBA CITY, CA 95993


# ਜੇ ਘਰ ਵਿਚ ਕਿਤਾਬਾਂ ਹੋਣ ਤਾਂ. .

**(ਸਫਾ 18 ਦੀ ਬਾਕੀ)**

ਸ਼ੀਸਾਂ ਬਣ ਕੇ ਸਾਡੇ ਸਾਹਮਣੇ ਹਨ ਉਨ੍ਹਾਂ ਵਿਚ ਆਪਣਾ ਆਪ ਦੇਖਣ ਦਾ ਜਤਨ ਤਾਂ ਕਰੀਏ। ਉਨ੍ਹਾਂ ਵਿਚ ਪੇਸ਼ ਕੀਤੇ ਵਿਚਾਰਾਂ ਤੋਂ ਸਿੱਖਣ ਦੇ ਰਾਹੇ ਤਾਂ ਪਈਏ। ਕਿਤਾਬਾਂ ਸਾਨੂੰ ਚੰਗੇ ਇਨਸਾਨ ਬਣਾਉਂਦੀਆਂ ਹਨ।

ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬਲ਼ਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਇਨ੍ਹਾਂ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ ਜੀਵ ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜ੍ਹੇ ਮਨ ਹੋਰ ਵੀ ਸੋਚਣ ਲਗਦਾ ਹੈ। ਇਹ 'ਹੋਰ' ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਸਬੱਬ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ- ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹ ਜਾਣਗੇ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ। ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ / ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।

## ਅਲਵਿਦਾ 2018

# ਇਸ ਵਰ੍ਹੇ ਦੀਆਂ ਖੇਡਾਂ ਦਾ ਲੇਖਾ ਜੋਖਾ - ਕਿਤੇ ਪੰਜਾਬੀ ਚਮਕੇ, ਕਿਤੇ ਨਿਰਾਸ਼ਾ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



2018 ਵਰ੍ਹਾ ਭਾਰਤੀ ਖੇਡਾਂ ਲਈ ਖਾਸ ਕਰ ਪੰਜਾਬੀਆਂ ਲਈ ਜਿਥੇ ਕਾਫੀ ਪ੍ਰਾਪਤੀਆਂ ਵਾਲਾ ਰਿਹਾ ਉਥੇ ਕਿਤੇ ਕਿਤੇ ਨਿਰਾਸ਼ਾ ਦਾ ਆਲਮ ਵੀ ਆਇਆ ਜਦੋਂ ਕਈ ਖਿਡਾਰੀ ਅਤੇ ਟੀਮਾਂ ਚੈਂਪੀਅਨ ਬਣਦੇ ਬਣਦੇ ਹਾਰ ਗਏ ਅਤੇ ਕਈ ਹਾਰਦੇ ਹਾਰਦੇ ਜਿੱਤ ਗਏ।

ਭਾਰਤ ਦੀਆਂ ਵੱਡੀਆਂ ਪ੍ਰਾਪਤੀਆਂ ਵਿਚ 2018 ਵਰ੍ਹੇ 'ਚ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਕਰਨਾ ਇਕ ਅਹਿਮ ਪ੍ਰਾਪਤੀ ਰਿਹਾ। ਸਾਲ ਦੇ ਅਖੀਰ 'ਚ ਉੜੀਸਾ ਦੇ ਸ਼ਹਿਰ ਭੁਬਨੇਸ਼ਵਰ ਦਾ ਕਲਿੰਗਾ ਹਾਕੀ ਸਟੇਡੀਅਮ ਦੁਨੀਆ ਦੇ ਹਾਕੀ ਨਕਸ਼ੇ 'ਤੇ ਨਾ ਸਿਰਫ ਮੇਜ਼ਬਾਨੀ ਕਰਕੇ ਚਮਕਿਆ ਸਗੋਂ ਹੁਣ ਤੱਕ ਦੇ ਵਿਸ਼ਵ ਕੱਪ ਹਾਕੀ ਇਤਿਹਾਸ ਦੀ ਸਭ ਤੋਂ ਵਧੀਆ ਤੇ ਸੰਘਰਸ਼ਪੂਰਨ ਹਾਕੀ 2018 ਵਰ੍ਹੇ 'ਚ ਵੇਖਣ ਨੂੰ ਮਿਲੀ। 1 ਕਰੋੜ ਦੀ ਅਬਾਦੀ ਵਾਲਾ ਛੋਟੇ ਜਿਹੇ ਮੁਲਕ ਬੈਲਜੀਅਮ ਨੇ ਵਿਸ਼ਵ ਚੈਂਪੀਅਨ ਬਣ ਕੇ ਇੱਕ ਨਵਾਂ ਇਤਿਹਾਸ ਰਚਿਆ। ਇਸੇ ਤਰ੍ਹਾਂ ਇੱਕ ਵੱਡਾ ਨਾਮਣਾ 40 ਲੱਖ ਦੀ ਅਬਾਦੀ ਵਾਲਾ ਮੁਲਕ ਕ੍ਰੋਇਸ਼ੀਆ ਨੂੰ ਮਿਲਿਆ ਜਿਸਨੇ ਪਹਿਲੀ ਵਾਰ ਵਿਸ਼ਵ ਕੱਪ ਫੁਟਬਾਲ ਖੇਡਦਿਆਂ ਵਿਸ਼ਵ ਕੱਪ ਫੁਟਬਾਲ ਦਾ ਫਾਈਨਲ ਮੁਕਾਬਲਾ ਖੇਡ ਕੇ ਦੁਨੀਆ ਦੇ ਖੇਡ ਜਗਤ 'ਚ ਤਹਿਲਕਾ ਮਚਾਇਆ। ਅਖੀਰ ਫਾਈਨਲ 'ਚ ਫਰਾਂਸ ਨੇ ਕ੍ਰੋਏਸ਼ੀਆ ਨੂੰ 4-2 ਨਾਲ ਹਰਾ ਕੇ ਦੂਸਰੀ ਵਾਰ ਵਿਸ਼ਵ ਕੱਪ ਫੁਟਬਾਲ 'ਚ ਆਪਣੀ ਸਰਦਾਰੀ ਕਾਇਮ ਕੀਤੀ।









ਜੇਕਰ 2018 ਦਾ ਲੇਖਾ ਜੋਖਾ ਕਰੀਏ ਤਾਂ ਇਸ ਵਰ੍ਹੇ ਆਸਟ੍ਰੇਲੀਆ ਦੇ ਗੋਲਡਕੋਸਟ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ, ਜਕਾਰਤਾ ਵਿਖੇ ਅਗਸਤ ਮਹੀਨੇ ਹੋਈਆਂ ਏਸ਼ੀਅਨ ਖੇਡਾਂ, ਹਾਲੈਂਡ ਦੇ ਸ਼ਹਿਰ ਬ੍ਰੀਡਾ ਵਿਖੇ ਹੋਈ ਆਖ਼ਰੀ ਵਿਸ਼ਵ ਪੱਧਰੀ ਚੈਂਪੀਅਨਜ਼ ਟ੍ਰਾਫੀ ਤੇ ਰੂਸ ਵਿਖੇ ਹੋਇਆ ਵਿਸ਼ਵ ਕੱਪ ਫੁਟਬਾਲ ਇਸ ਵਰ੍ਹੇ ਦੇ ਅਹਿਮ ਖੇਡ ਮੁਕਾਬਲੇ ਰਹੇ। ਜਿੰਨ੍ਹਾਂ 'ਚ ਭਾਰਤ ਦਾ ਪ੍ਰਦਰਸ਼ਨ ਮਿਲਿਆ ਜੁਲਿਆ ਰਿਹਾ। ਵਿਅਕਤੀਗਤ ਖੇਡਾਂ 'ਚ ਭਾਰਤੀ ਖਿਡਾਰੀ ਵੱਡੀ ਗਿਣਤੀ 'ਚ ਚਮਕੇ ਜਦਕਿ ਟੀਮ ਖੇਡਾਂ 'ਚ ਜ਼ਿਆਦਾਤਰ ਭਾਰਤ ਦੇ ਪੱਲੇ ਨਿਰਾਸ਼ਾ ਦਾ ਆਲਮ ਹੀ ਰਿਹਾ।

**ਰਾਸ਼ਟਰਮੰਡਲ ਖੇਡਾਂ ਦਾ ਲੇਖਾ ਜੋਖਾ**

ਕਾਮਨਵੈਲਥ ਖੇਡਾਂ ਆਸਟ੍ਰੇਲੀਆ ਦੇ ਗੋਲਡ ਕੋਸਟ ਚ ਖੇਡੀਆਂ ਗਈਆਂ। ਇਨਾਂ ਖੇਡਾਂ ਚ ਭਾਰਤ ਦੇ ਪ੍ਰਦਰਸ਼ਨ ਚ ਅੱਗੇ ਨਾਲੋਂ ਸੁਧਾਰ ਦੇਖਣ ਨੂੰ ਮਿਲਿਆ। ਭਾਰਤ ਨੇ ਕੁੱਲ 66 ਤਗਮੇ ਆਪਣੇ ਨਾਮ ਕੀਤੇ। ਜਿਸ ਚ 26 ਸੋਨ, 20 ਸਿਲਵਰ ਤੇ 20 ਕਾਂਸੇ ਦੇ ਤਗਮੇ ਦੇ ਸ਼ਾਮਿਲ ਨੇ। ਇਨਾਂ ਤਗਮਿਆਂ ਚ ਪੰਜਾਬੀਆਂ ਦਾ ਯੋਗਦਾਨ ਪੰਜ ਤਗਮਿਆਂ ਦਾ ਰਿਹਾ।

ਪਰਦੀਪ ਸਿੰਘ ਨੇ ਵੇਟਲਿਫਟਿੰਗ ਚੋਂ ਸਿਲਵਰ ਮੈਡਲ ਜਿੱਤੇ ਕੇ ਦੇਸ਼ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਹੀਨਾ ਸਿੱਧੂ, ਜਿਸ ਨੇ ਰਾਸ਼ਟਰਮੰਡਲ ਖੇਡਾਂ ਚ ਦੋ ਤਗਮੇ ਜਿੱਤ ਤੇ ਦੇਸ਼ ਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਪੰਜਾਬ ਦੀ ਝੋਲੀ ਇਕ ਹੋਰ ਤਗਮਾ ਪਾਉਣ ਵਾਲੀ ਖਿਡਾਰਨ ਦਾ ਨਾਮ ਹੈ ਅਨਜੁਮ ਮੋਦਗਿੱਲ। ਪੰਜਾਬ ਦੀ ਝੋਲੀ ਇਕ ਹੋਰ ਮੈਡਲ ਅੰਮ੍ਰਿਤਸਰ ਦੀ ਰਹਿਣ ਵਾਲੀ ਨਵਜੀਤ ਢਿੱਲੋਂ ਨੇ ਰਾਸ਼ਟਰਮੰਡਲ ਖੇਡਾਂ ਚ ਲਾਜਵਾਬ ਪ੍ਰਦਰਸ਼ਨ ਕਰਕੇ ਪਾਇਆ। ਨਵਜੀਤ ਨੇ ਡਿਸਕਸ ਥਰੋਅ ਚੋਂ ਸਿਲਵਰ ਮੈਡਲ ਜਿੱਤ ਕੇ ਦੇਸ਼ ਦਾ ਮਾਣ ਵਧਾਇਆ।



**ਏਸ਼ੀਅਨ ਖੇਡਾਂ ਦਾ ਲੇਖਾ ਜੋਖਾ**

ਹੁਣ ਗੱਲ ਅਗਸਤ ਮਹੀਨੇ ਹੋਈਆ ਏਸ਼ੀਅਨ ਖੇਡਾਂ ਦੀ। ਇਨਾਂ ਖੇਡਾਂ ਚ ਭਾਰਤ ਦੇ ਤਕਰੀਬਨ 570 ਖਿਡਾਰੀਆਂ ਨੇ ਭਾਗ ਲਿਆ, ਜਿਨਾਂ ਚ ਪੰਜਾਬ ਦੇ ਖਿਡਾਰੀਆਂ ਦੀ ਗਿਣਤੀ ਤਕਰੀਬਨ 40 ਸੀ। ਏਸ਼ੀਅਨ ਖੇਡਾਂ ਚ ਭਾਰਤ ਦੇ ਝੰਡਾ ਬਰਦਾਰ ਨੀਰਜ ਚੋਪੜਾ ਬਣੇ। ਭਾਰਤ ਨੇ ਏਸ਼ੀਅਨ ਖੇਡਾਂ ਚ 69 ਤਗਮੇ ਹਾਸਿਲ ਕੀਤੇ। ਜਿਸ ਚ 15 ਸੋਨ ਤਗਮੇ, 24 ਚਾਂਦੀ ਤੇ 30 ਕਾਂਸੇ ਦੇ ਤਗਮੇ ਸ਼ਾਮਿਲ ਨੇ। ਇਨਾਂ ਖੇਡਾਂ ਚ ਪੰਜਾਬੀਆਂ ਨੇ 7 ਤਗਮਿਆਂ ਦਾ ਯੋਗਦਾਨ ਦਿੱਤਾ। 24 ਅਗਸਤ ਦਾ ਉਹ ਸੁਨਹਿਰਾ ਦਿਨ ਜਿਸ ਦਿਨ ਪੰਜਾਬ ਦੀ ਝੋਲੀ ਦੋ ਗੋਲਡ ਮੈਡਲ ਪਏ। ਇਹ ਤਗਮੇ ਰੋਇੰਗ ਚ ਹਾਸਿਲ ਹੋਏ। ਤੇਜਿੰਦਰਪਾਲ ਤੂਰ ਨੇ ਸ਼ਾਟ ਪੁੱਟ ਚੋਂ ਗੋਲਡ ਮੈਡਲ ਜਿੱਤਿਆ। ਅਰਪਿੰਦਰ ਨੇ ਟ੍ਰਿਪਲ ਜੰਪ ਚੋਂ ਗੋਲਡ ਮੈਡਲ ਤੋਂ ਛਾਲ ਮਾਰੀ। ਪਹਿਲਵਾਨ ਨਵਜੋਤ ਕੌਰ ਨੇ ਏਸ਼ੀਅਨ ਚੈਂਪੀਅਨਸ਼ਿਪ ਚ ਸੋਨ ਤਗਮਾ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਨ ਕੀਤਾ।



**2018 ਵਰ੍ਹੇ 'ਚ ਭਾਰਤੀ ਹਾਕੀ ਦਾ ਪ੍ਰਦਰਸ਼ਨ**

2018 ਵਰ੍ਹੇ 'ਚ ਭਾਰਤੀ ਹਾਕੀ ਦਾ ਪ੍ਰਦਰਸ਼ਨ ਮਿਲਿਆ ਜੁਲਿਆ ਰਿਹਾ। ਵੱਡੀ ਪ੍ਰਾਪਤੀ ਭਾਰਤੀ ਹਾਕੀ ਟੀਮ ਦੀ ਇਹ ਰਹੀ ਕਿ ਉਸਨੇ ਵਿਸ਼ਵ ਰੈਂਕਿੰਗ 'ਚ ਪਹਿਲੀ ਵਾਰ 5 ਵਾਂ ਸਥਾਨ ਮੱਲਿਆ। ਸਾਲ ਦੇ ਸ਼ੁਰੂ 'ਚ ਨਿਊਜ਼ੀਲੈਂਡ ਤੋਂ ਚਾਰ ਮੈਚਾਂ ਦੀ ਹਾਕੀ ਲੜੀ ਜਿੱਤਣ ਤੋਂ ਬਾਅਦ ਗੋਲਡ ਕੋਸਟ ਰਾਸ਼ਟਰਮੰਡਲ ਖੇਡਾਂ 'ਚ ਪੂਲ ਟੌਪ ਕਰਨ ਦੇ ਬਾਵਜੂਦ ਚੌਥੇ ਸਥਾਨ 'ਤੇ ਸਬਰ ਕਰਨਾ ਪਿਆ। ਫਿਰ ਜੂਨ ਮਹੀਨੇ 'ਚ ਆਖਰੀ ਵਿਸ਼ਵ ਪੱਧਰੀ ਚੈਂਪੀਅਨਜ਼ ਟਰਾਫੀ ਭਾਰਤੀ ਟੀਮ ਨੇ ਜਿਥੇ ਪਾਕਿਸਤਾਨ ਤੇ ਅਰਜਨਟੀਨਾ ਵਰਗੀਆਂ ਟੀਮਾਂ ਨੂੰ ਕਰਾਰੀ ਹਾਰ ਦਿੱਤੀ , ਉਥੇ ਬੈਲਜੀਅਮ ਅਤੇ ਹਾਲੈਂਡ ਨਾਲ 1-1 ਦੀ ਬਰਾਬਰੀ ਤੋਂ ਬਾਅਦ ਫਾਈਨਲ 'ਚ ਪ੍ਰਵੇਸ਼ ਪਾਇਆ। ਫਾਈਨਲ 'ਚ ਆਸਟ੍ਰੇਲੀਆ ਹੱਥੋਂ ਸ਼ੂਟਆਊਟ 'ਚ ਹਾਰ ਕੇ ਚਾਂਦੀ ਦਾ ਤਗਮਾ ਜਿੱਤਿਆ। ਫਿਰ ਏਸ਼ੀਅਨ ਖੇਡਾਂ 'ਚ ਖਿਤਾਬ ਦੀ ਤਗੜੀ ਦਾਅਵੇਦਾਰ ਹੋਣ ਦੇ ਬਾਵਜੂਦ ਸੈਮੀਫਾਈਨਲ ਵਿਚ ਮਲੇਸ਼ੀਆ ਹੱਥੋਂ 2-2 ਦੀ ਬਰਾਬਰੀ ਤੋਂ ਬਾਅਦ ਸ਼ੂਟਆਊਟ 'ਚ ਭਾਰਤੀ ਹਾਕੀ ਟੀਮ ਹਾਰ ਗਈ।

ਅਖ਼ੀਰ ਪਾਕਿਸਤਾਨ ਨੂੰ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਪਾਕਿਸਤਾਨ ਉੱਪਰ ਲਗਾਤਾਰ 10 ਜਿੱਤਾਂ ਹਾਸਲ ਕਰਨ ਦਾ ਇੱਕ ਨਵਾਂ ਰਿਕਾਰਡ ਬਣਾਇਆ। ਏਸ਼ੀਅਨ ਚੈਂਪੀਅਨਜ਼ ਟਰਾਫੀ 'ਚ ਭਾਰਤ ਨੇ ਪਾਕਿਸਤਾਨ ਨਾਲ ਸਾਂਝੇ ਤੌਰ 'ਤੇ ਸੋਨ ਤਗਮਾ ਜਿੱਤਿਆ। ਵਿਸ਼ਵ ਕੱਪ ਹਾਕੀ ਜਿਸ ਦੀ ਭਾਰਤ ਨੇ ਤੀਸਰੀ ਵਾਰ ਮੇਜ਼ਬਾਨੀ ਕੀਤੀ, ਉਸ ਵਿਚ ਭਾਰਤ ਦਾ 43 ਸਾਲ ਬਾਅਦ ਜਿੱਤਣ ਦਾ ਸੁਪਨਾ ਸਾਕਾਰ ਨਹੀਂ ਹੋ ਸਕਿਆ। ਭਾਰਤੀ ਟੀਮ ਨੇ ਪੂਲ ਸੀ 'ਚ ਚੰਗਾ ਪ੍ਰਦਰਸ਼ਨ ਕੀਤਾ। ਵਿਸ਼ਵ ਚੈਂਪੀਅਨ ਬੈਲਜੀਅਮ ਨੂੰ ਜਿਥੇ 2-2 ਦੀ ਬਰਾਬਰੀ 'ਤੇ ਰੋਕਿਆ, ਉਥੇ ਦੱਖਣੀ ਅਫਰੀਕਾ ਨੂੰ 5-0, ਕੈਨੇਡਾ ਨੂੰ 5-1 ਨਾਲ ਹਰਾ ਕੇ ਕੁਆਟਰਫਾਈਨਲ 'ਚ ਪ੍ਰਵੇਸ਼ ਕੀਤਾ। ਅਖੀਰ ਕੁਆਟਰਫਾਈਨਲ 'ਚ ਹਾਲੈਂਡ ਹੱਥੋਂ 2-1 ਨਾਲ ਹਾਰ ਕੇ ਭਾਰਤ ਨੂੰ ਵਿਸ਼ਵ ਕੱਪ 'ਚ ਛੇਵਾਂ ਸਥਾਨ ਮਿਲਿਆ। ਅਖ਼ੀਰ ਬੈਲਜੀਅਮ ਨੇ ਚੈਂਪੀਅਨ ਬਣਨ ਦਾ ਇਤਿਹਾਸ ਰਚਿਆ ਜਦਕਿ ਹਾਲੈਂਡ ਉਪਜੇਤੂ ਤੇ ਆਸਟ੍ਰੇਲੀਆ ਨੇ ਕਾਂਸੀ ਦਾ ਤਗਮਾ ਜਿੱਤਿਆ। ਭਾਰਤ ਨੇ ਆਪਣੇ ਹਾਕੀ ਇਤਿਹਾਸ ਦੇ 1926 ਤੋਂ ਲੈ ਕੇ 2018 ਤੱਕ ਦੇ 1700 ਮੈਚ ਖੇਡੇ, 1936 ਜਿੱਤੇ, 490 ਹਾਰੇ, 274 ਬਰਾਬਰ ਖੇਡੇ। ਭਾਰਤੀ ਹਾਕੀ ਨੇ ਇਸ ਸਮੇਂ ਦੌਰਾਨ 222 ਟੂਰਨਾਮੈਂਟ ਕੁੱਲ ਖੇਡੇ, ਜਿੰਨ੍ਹਾਂ 'ਚ 53 ਜਿੱਤੇ, 50 'ਚ ਉਪਜੇਤੂ ਅਤੇ 42 ਵਾਰ ਕਾਂਸੀ ਦਾ ਤਗਮਾ ਜਿੱਤਿਆ। 8 ਵਾਰ ਓਲੰਪਿਕ ਚੈਂਪੀਅਨ ਬਣਨਾ ਭਾਰਤ ਦੀ ਦੁਨੀਆ ਦੀ ਹਾਕੀ 'ਚ ਸਭ ਤੋਂ ਵੱਡੀ ਪ੍ਰਾਪਤੀ ਹੈ।

**2018 ਵਰ੍ਹੇ ਦੀ ਕੱਬਡੀ 'ਚ ਸਿਆਟਲ ਦੀ ਕਬੱਡੀ ਚਮਕੀ**

ਪੰਜਾਬੀਆਂ ਦੀ ਚਰਚਿਤ ਖੇਡ ਦਾ ਜੇਕਰ 2018 ਦਾ ਲੇਖਾ ਜੋਖਾ ਕਰੀਏ ਤਾਂ ਇਸ ਸਾਲ ਦੇ ਅੰਤ 'ਚ ਜਲੰਧਰ ਲੁਧਿਆਣਾ ਤੇ ਮੁਹਾਲੀ ਵਿਖੇ ਵਿਸ਼ਵ ਕੱਪ ਕਬੱਡੀ ਦੀ ਤਰਜ਼ 'ਤੇ ਪ੍ਰੋ ਕਬੱਡੀ ਲੀਗ ਕਰਾਈ ਗਈ, ਜਿਸਨੂੰ ਕਾਫੀ ਮੱਠਾ ਹੁੰਗਾਰਾ ਮਿਲਿਆ।

ਜਦਕਿ ਅਮਰੀਕਾ 'ਚ ਖੇਡੇ ਗਏ ਕਬੱਡੀ ਟੂਰਨਾਮੈਂਟਾਂ 'ਚ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਨੇ ੪ ਟੂਰਨਾਮੈਂਟ ਖੇਡੇ ਤੇ ਚਾਰਾਂ 'ਚ ਹੀ ਉਹ ਚੈਂਪੀਅਨ ਬਣੀ। ਬੇ-ਏਰੀਆ ਕਬੱਡੀ ਕਲੱਬ ਕੈਲੀਫੋਰਨੀਆ ਨੇ ਵੀ 4 ਟੂਰਨਾਮੈਂਟ ਜਿੱਤ। ਟਰਾਂਟੋ ਦੇ ਕਬੱਡੀ ਸੀਜ਼ਨ 'ਚ ਮੈਟਰੋ ਸਪੋਰਟਸ ਕਬੱਡੀ ਕਲੱਬ ਟਰਾਂਟੋ 3 ਟੂਰਨਾਮੈਂਟ ਜਿੱਤ ਕੇ ਓਵਰਆਲ ਚੈਂਪੀਅਨ ਬਣੀ। ਵੈਨਕੂਵਰ ਦੇ ਕਬੱਡੀ ਸੀਜ਼ਨ ਦੇ 8 ਟੂਰਨਾਮੈਂਟਾਂ 'ਚੋਂ ਰਿਚਮੰਡ ਯੂਨਾਈਟਡ ਟਾਈਗਰਜ਼ ਨੇ 5 ਟੂਰਨਾਮੈਂਟ ਜਿੱਤ ਕੇ ਓਵਰਆਲ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਕਬੱਡੀ ਪ੍ਰਮੋਟਰ ਸ਼ਿੰਦਾ ਅੱਚਰਵਾਲ ਅਤੇ ਲੱਖਾ ਗਾਜ਼ੀਪੁਰ ਕੈਨੇਡਾ ਦੀਆਂ ਕਬੱਡੀ ਫੈਡਰੇਸ਼ਨਾਂ ਦੇ ਨਵੇਂ ਪ੍ਰਧਾਨ ਚੁਣੇ ਗਏ ਹਨ।

# 32ਵੀਆਂ ਕੋਕਾ-ਕੋਲਾ, ਏਵਨ ਸਾਈਕਲ ਜਰਖੜ ਖੇਡਾਂ 'ਚ ਦੋ ਵਿਦੇਸ਼ੀ ਟੀਮਾਂ ਵੀ ਲੈਣਗੀਆਂ ਹਿੱਸਾ

## ਖੇਡਾਂ 25 ਤੋਂ 27 ਤੱਕ, ਏਵਨ ਸਾਈਕਲ ਦੇਵੇਗਾ ਜੇਤੂ ਖਿਡਾਰੀਆਂ ਨੂੰ 100 ਸਾਈਕਲ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ 32ਵੀਆਂ ਜਰਖੜ ਖੇਡਾਂ 25 ਤੋਂ 27 ਜਨਵਰੀ ਤੱਕ ੫ ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਕਰਾਈਆਂ ਜਾਣਗੀਆਂ। ਮਾਡਰਨ ਪੇਂਡੂ ਮਿਨੀ ਓਲੰਪਿਕ ਖੇਡਾਂ ਵਜੋਂ ਜਾਣੀਆਂ ਜਾਂਦੀਆਂ ਹਾਕੀ, ਕੱਬਡੀ, ਵੱਲੀਬਾਲ, ਬਾਸਕਟਬਾਲ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਹੋਣਗੇ ਮੁੱਖ ਖਿੱਚ ਦਾ ਕੇਂਦਰ ਹੋਣਗੇ। ਜਰਖੜ ਖੇਡ ਕੰਪਲੈਕਸ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, (ਏ.ਆਈ.ਜੀ ਫਿਰੋਜ਼ਪੁਰ) ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਖੇਡਾਂ ਦੇ ਪ੍ਰਬੰਧਾਂ ਬਾਰੇ ਕਈ ਅਹਿਮ ਫੈਸਲੇ ਲਏ ਗਏ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਟਰਸਟ ਦੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਕੋਕਾ-ਕੋਲਾ ਅਤੇ ਏਵਨ ਸਾਈਕਲ ਕੰਪਨੀ ਖੇਡਾਂ ਦੇ ਮੁੱਖ ਸਪਾਂਸਰ ਹੋਣਗੇ। ਏਵਨ ਸਾਈਕਲ ਕੰਪਨੀ ਵੱਲੋਂ ਜੇਤੂ ਖਿਡਾਰੀਆਂ ਅਤੇ ਲੋੜਵੰਦ ਬੱਚਿਆਂ ਲਈ 100 ਸਾਈਕਲ ਦਿੱਤੇ ਜਾਣਗੇ। ਇਸਤੋਂ ਇਲਾਵਾ ਹੋਰ ਕਾਰਪੋਰੇਟ ਅਦਾਰਿਆਂ ਨਾਲ ਖੇਡਾਂ ਨੂੰ ਨੇਪਰੇ ਚਾੜ੍ਹਨ ਲਈ ਸੰਪਰਕ ਕੀਤਾ ਜਾ ਰਿਹਾ ਹੈ। ਅਕੈਡਮੀ ਦੇ ਪ੍ਰਧਾਨ ਪਰਮਜੀਤ ਸਿੰਘ ਨੀਟੂ ਅਤੇ ਇੰਸਪੈਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਹਾਕੀ ਮੁਕਾਬਲੇ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਹਾਕੀ ਟਰੱਸਟ ਵੱਲੋਂ ਸਪਾਂਸਰ ਕੀਤੇ ਜਾਣਗੇ। ਹਾਕੀ ਵਿਚ 25 ਦੇ ਕਰੀਬ ਵੱਖ - ਵੱਖ ਵਰਗਾਂ ਦੀਆਂ ਟੀਮਾਂ ਹਿੱਸਾ ਲੈਣਗੀਆਂ ਜਿੰਨ੍ਹਾਂ 'ਚ 2 ਵਿਦੇਸ਼ੀ ਟੀਮਾਂ ਫੇਅਰਫੀਲਡ ਹਾਕੀ ਕਲੱਬ, ਅਮਰੀਕਾ ਅਤੇ ਫਰਿਜ਼ਨੋ ਹਾਕੀ ਫੀਲਡ ਕਲੱਬ, ਕੈਲਿਫੋਰਨੀਆ ਹਿੱਸਾ ਲੈਣਗੀਆਂ। ਹਾਕੀ ਸੀਨੀਅਰ, ਹਾਕੀ ਲੜਕੀਆਂ ਅਤੇ ਹਾਕੀ ਅੰਡਰ-1 ਸਾਲ 1 ਸਕੂਲ ਦੇ ਮੁਕਾਬਲੇ ਕਰਾਏ ਜਾਣਗੇ। ਕਬੱਡੀ ਇੱਕ ਪਿੰਡ ਓਪਨ, ਚਾਰ ਖਿਡਾਰੀ ਬਾਹਰਲੇ, ਕਬੱਡੀ ਸ਼ੁੱਧ ਇੱਕ ਪਿੰਡ, ਦੇ ਮੁਕਾਬਲੇ ਹੋਣਗੇ। ਇਸਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਦੀਆਂ ਪਹਿਲੀਆਂ ਚਾਰ ਜੇਤੂ ਟੀਮਾਂ ਨੂੰ ਏਵਨ ਸਾਈਕਲਾਂ ਨਾਲ ਸਨਮਾਨਿਆ ਜਾਵੇਗਾ। ਇਸਤੋਂ ਇਲਾਵਾ ਬਾਸਕਟਬਾਲ ਕੁਸ਼ਤੀਆਂ ਆਦਿ ਖੇਡਾਂ ਕਰਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਜਿਸ 'ਚ ਓਲੰਪਿਕ ਖੇਡ ਮਸ਼ਾਲ ਗੁਰਦੁਆਰਾ ਆਲਮਗੀਰ ਸਾਹਿਬ ਤੋਂ ਖਿਡਾਰੀਆਂ ਦੇ ਕਾਫਲੇ ਦੇ ਰੂਪ 'ਚ ਜਰਖੜ ਖੇਡ ਸਟੇਡੀਅਮ 'ਚ ਪੁੱਜੇਗੀ ਜਿਥੇ ਵੱਖ ਵੱਖ ਟੀਮਾਂ ਦਾ ਮਾਰਚ ਪਾਸਟ, ਸੱਭਿਆਚਾਰਕ ਵੰਨਗੀਆਂ, ਸਕੂਲੀ ਅਤੇ ਕਾਲਜ ਪੱਧਰ ਦੇ ਸੱਭਿਆਚਾਰਕ ਮੁਕਾਬਲੇ ਗਿੱਧਾ, ਭੰਗੜਾ ਆਦਿ ਮੁੱਖ ਖਿੱਚ ਦਾ ਕੇਂਦਰ ਹੋਣਗੇ। ਖੇਡਾਂ ਦੇ ਫਾਈਨਲ ਸਮਾਰੋਹ 'ਤੇ ਜਿੱਥੇ 6 ਸਮਾਜਸੇਵੀ 6 ਸ਼ਖਸੀਅਤਾਂ ਦਾ ਸਨਮਾਨ ਹੋਵੇਗਾ, ਉਥੇ ਲੋਕ ਗਾਇਕ ਅਮਰਿੰਦਰ ਗਿੱਲ, ਗਿੱਲ ਹਰਦੀਪ, ਰਾਜਵੀਰ ਜਵੰਧਾ ਦਾ ਖੁੱਲ੍ਹਾ ਅਖਾੜਾ ਲਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਨੇ ਖੇਡ ਪ੍ਰਬੰਧਾਂ ਤੇ ਅਕੈਡਮੀ ਲਈ 1 ਲੱਖ ਰੁਪਏ ਦਾਨ ਵਜੋਂ ਦਿੱਤੇ। ਜਦਕਿ ਇਸ ਤੋਂ ਇਲਾਵਾ ਖੇਡਾਂ ਦਾ 16 ਲੱਖ ਹੋਰ ਖੇਡ ਬਜਟ ਤਿਆਰ ਕੀਤਾ ਗਿਆ। ਅੱਜ ਦੀ ਮੀਟਿੰਗ 'ਚ ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਰੌਬਿਨ ਸਿੱਧੂ, ਪਹਿਲਵਾਨ ਹਰਮੇਲ ਸਿੰਘ ਕਾਲਾ, ਸੰਦੀਪ ਸਿੰਘ ਪੰਧੇਰ, ਸਵਰਨ ਸਿੰਘ ਧਾਲੀਵਾਲ ਲੱਖਾ ਕੈਨੇਡਾ ਵਾਲੇ, ਰਣਜੀਤ ਸਿੰਘ ਦੁਲੇਂਅ, ਅਜੀਤ ਸਿੰਘ ਲਾਦੀਆਂ, ਪਰਮਜੀਤ ਸਿੰਘ ਨੀਟੂ, ਮਨਦੀਪ ਸਿੰਘ ਜਰਖੜ, ਯਾਦਵਿੰਦਰ ਸਿੰਘ ਤੂਰ, ਸੰਦੀਪ ਸਿੰਘ ਸੋਨੂੰ, ਗੁਰਸਤਿੰਦਰ ਸਿੰਘ ਪਰਗਟ, ਬਲਜੀਤ ਸਿੰਘ ਗਿੱਲ, ਸੋਨੂੰ ਗਿੱਲ, ਸੋਮਾ ਸਿੰਘ ਰੋਮੀ, ਮਨਦੀਪ ਸਿੰਘ ਸੁਨਾਮ ਤੇ ਹੋਰ ਪ੍ਰਬੰਧਕ ਹਾਜ਼ਰ ਰਹੇ। ਨਰਿੰਦਰਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਕਲੱਬ ਦੀ ਅਗਲੀ ਮੀਟਿੰਗ 12 ਜਨਵਰੀ ਨੂੰ ਸ਼ਾਮ 4 ਵਜੇ ਜਰਖੜ ਸਟੇਡੀਅਮ ਵਿਖੇ ਹੋਵੇਗੀ ਜਿਥੇ ਖੇਡਾਂ ਦੀਆਂ ਤਿਆਰੀਆਂ ਨੂੰ ਅੰਤਿਮ ਰੂਮ ਦਿੱਤਾ ਜਾਵੇਗਾ।

# ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀ 35ਵੀ ਬਰਸੀ ਮਨਾਈ

**ਲੁਧਿਆਣਾ -** ਓਲੰਪੀਅਨ ਸੁਰਜੀਤ ਸਿੰਘ ਰੰਧਾਵਾ, ਜੋ 1975 ਵਿਸ਼ਵ ਕੱਪ ਦੇ ਜੇਤੂ ਸਟਾਰ ਸਨ। ਜਿੰਨ੍ਹਾਂ 7 ਜਨਵਰੀ 1984 ਨੂੰ ਇੱਕ ਸੜਜ ਹਾਦਸੇ 'ਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ 35ਵੀਂ ਬਰਸੀ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕਾਂ ਤੇ ਖਿਡਾਰੀਆਂ ਨੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ। ਇਸ ਮੌਕੇ ਬੱਚਿਆਂ ਨੇ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੇ ਆਦਮ ਕੱਦ ਬੁੱਤ 'ਤੇ ਹਾਰ ਭੇਟ ਕਰਕੇ ਉਨ੍ਹਾਂ ਦੀ ਯਾਦ 'ਚ 2 ਮਿੰਟ ਦਾ ਮੌਨ ਧਾਰਿਆ ਤੇ ਉਨ੍ਹਾਂ ਵਰਗੇ ਵਧੀਆ ਖਿਡਾਰੀ ਬਣਨ ਦਾ ਪ੍ਰਣ ਕੀਤਾ।



ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਫਰਾਂਸ ਤੋਂ ਪੱਤਰਕਾਰ ਅਤੇ ਖੇਡ ਪ੍ਰਮੋਟਰ ਬਸੰਤ ਸਿੰਘ ਪੰਜਹੱਥਾ ਦਾ ਜਰਖੜ ਅਕੈਡਮੀ ਦੇ ਪ੍ਰਬੰਧਕਾਂ ਤੇ ਸ਼੍ਰੋਮਣੀ ਅਕੈਡਮੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਅਤੇ ਪਰਮਜੀਤ ਸਿੰਘ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ ਆਦਿ ਨੇ ਵਿਸ਼ੇਸ਼ ਸਨਮਾਨ ਕੀਤਾ। ਸਨਮਾਨਿਤ ਸਖਸ਼ੀਅਤ ਨੂੰ ਯਾਦਗਾਰੀ ਟ੍ਰਾਫੀ ਤੇ ਲੋਈ ਦੇ ਕੇ ਸਨਮਾਨਿਤ ਕੀਤਾ। ਅਕਾਲ ਚੈਨਲ ਦੇ ਪੱਤਰਕਾਰ ਬਸੰਤ ਸਿੰਘ ਫਰਾਂਸ ਨੇ ਜਰਖੜ ਹਾਕੀ ਅਕੈਡਮੀ ਵੱਲੋਂ ਖੇਡਾਂ ਦੀ ਬਿਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੇ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਲਈ 10 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵੀ ਕੀਤੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਅਕੈਡਮੀ ਦੀ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਇਸ ਮੌਕੇ ਪਹਿਲਾਵਨ ਹਰਮੇਲ ਸਿੰਘ, ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਨੀਟੂ, ਰਣਜੀਤ ਸਿੰਘ ਦੁਲੇਂਅ, ਸਵਰਨ ਸਿੰਘ ਧਾਲੀਵਾਲ ਕੈਨੇਡਾ ਆਦਿ ਤੋਂ ਇਲਾਵਾ ਬਸੰਤ ਸਿੰਘ ਫਰਾਂਸ ਦੇ ਪਰਿਵਾਰ ਮੈਂਬਰ ਤੇ ਖਿਡਾਰੀ ਵੱਡੀ ਗਿਣਤੀ 'ਚ ਹਾਜ਼ਰ ਸਨ। ਇਸ ਮੌਕੇ ਸਵਰਨ ਸਿੰਘ ਧਾਲੀਵਾਲ ਲੱਖਾ ਕੈਨੇਡਾ ਹੁਰਾਂ ਨੇ ਵੀ ਜਰਖੜ ਅਕੈਡਮੀ ਦੇ ਪ੍ਰਬੰਧਾਂ ਲਈ ਵੀ 31 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ।

## ਕਹਾਣੀ

# ਤੱਕਲਾ

ਅਮਰ ਗਰਗ ਕਲਮਦਾਨ
91-98143-41746



"ਸਾਇਰਾ, ਚੱਲ ਆਪਾਂ ਕਿਸ਼ਤੀ ਚਲਾਉਂਦੇ ਹਾਂ", ਚੌਦਾਂ ਸਾਲਾਂ ਦੇ ਸੈਲਾਨੀ ਅਸ਼ੋਕ ਨੇ ਕਿਹਾ। ਸਾਇਰਾ ਬੋਲੀ, "ਮੈਂ ਦੱਸਦੀ ਹਾਂ, ਚੱਪੂ ਕਿਵੇਂ ਚਲਾਈਦਾ, ਪਾਣੀ ਨੂੰ ਪਿੱਛੇ ਵੱਲ ਧੱਕਣਾ ਹੁੰਦਾ ਹੈ, ਕਿਸ਼ਤੀ ਅੱਗੇ ਵੱਲ ਜਾਂਦੀ ਹੈ।" "ਸਾਇਰਾ, ਤੂੰ ਕਿਹੜੀ ਜਮਾਤ 'ਚ ਪੜ੍ਹਦੀ ਹੈਂ ?" ਅਸ਼ੋਕ ਚੱਪੂ ਮਾਰਦਾ-ਮਾਰਦਾ ਪੁੱਛਣ ਲੱਗਿਆ। ਸਾਇਰਾ ਕਹਿਣ ਲੱਗੀ, ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦੀ ਹਾਂ,"ਮੈਂ ਤੇਰਾਂ ਸਾਲਾਂ ਦੀ ਹੋ ਗਈ ਹਾਂ, ਦੋ-ਤਿੰਨ ਸਾਲਾਂ ਨੂੰ ਤਾਂ ਮੇਰਾ ਵਿਆਹ ਹੋ ਜਾਵੇਗਾ।" "ਦੇਖ ਮੈਂ ਮੁੰਬਈ ਦੇ ਬਹੁਤ ਵੱਡੇ ਸਕੂਲ 'ਚ ਅੱਠਵੀਂ ਜਮਾਤ 'ਚ ਪੜ੍ਹਦਾ ਹਾਂ, ਤੇਰੀ ਉਮਰ ਹਾਲੇ ਵਿਆਹ ਵਾਲੀ ਨਹੀਂ ਹੋਈ, ਤੇਰੀ ਖੂਬਸੂਰਤੀ ਦੀ ਤਾਂ ਕੋਈ ਰੀਸ ਨਹੀਂ ਪਰ ਜੇ ਤੂੰ ਅੱਗੇ ਪੜ੍ਹ ਲਵੇਂਗੀ, ਮੈਂ ਤੈਨੂੰ ਮੁੰਬਈ ਲੈ ਜਾਵਾਂਗਾ, ਤੈਨੂੰ ਸਮੁੰਦਰ ਦੀ ਸੈਰ ਕਰਾਵਾਂਗਾ, ਫਿਲਮ ਸਟਾਰਾਂ ਨੂੰ ਮਿਲਾਵਾਂਗਾ," ਅਸ਼ੋਕ ਨੇ ਕਿਹਾ। ਇਹ ਗੱਲ੍ਹਾਂ ਸੁਣਕੇ ਸਾਇਰਾ ਦੀਆਂ ਅੱਖਾਂ ਵਿੱਚ ਅਜੀਬ ਕਿਸਮ ਦੀ ਰੌਸ਼ਨੀ ਝਾਕ ਰਹੀ ਸੀ, ਕਹਿਣ ਲੱਗੀ,"ਮੈਂ ਲਤਾ ਦੀਦੀ ਨੂੰ ਮਿਲਕੇ ਇੱਕ ਪਹਾੜੀ ਗੀਤ ਸੁਣਾਵਾਂਗੀ।" ਸਾਇਰਾ ਆਪਣੀ ਮਿੱਠੀ ਆਵਾਜ਼ ਵਿੱਚ ਇੱਕ ਪਹਾੜੀ ਗੀਤ ਅਸ਼ੋਕ ਨੂੰ ਸੁਣਾਉਂਦੀ ਹੈ। ਅਸ਼ੋਕ ਕਹਿਣ ਲੱਗਾ,"ਤੇਰੀ ਆਵਾਜ਼ ਤਾਂ ਬਹੁਤ ਮਿੱਠੀ ਹੈ, ਮੈਂ ਇੱਕ ਦਿਨ ਜਰੂਰ ਆਵਾਂਗਾ, ਤੈਨੂੰ ਲੈ ਕੇ ਜਾਵਾਂਗਾ, ਕੱਲ੍ਹ ਨੂੰ ਅਸੀਂ ਮੁੰਬਈ ਵਾਪਸ ਚਲੇ ਜਾਣਾ ਹੈ, ਮੈਂ ਤੈਨੂੰ ਆਪਣਾ ਇੱਕ ਯਾਦਗਾਰੀ ਤੋਹਫਾ ਦੇਣਾ ਚਾਹੁੰਦਾ ਹਾਂ।" ਹਾਂ ਦੇ-ਦੇ ਕੀ ਆ ਤੇਰੇ ਕੋਲ। ਅਸ਼ੋਕ ਨੇ ਸਾਇਰਾ ਦਾ ਚਿਹਰਾ ਫੜ ਕੇ ਉਸਦੇ ਬੁੱਲ੍ਹਾ ਨਾ਼ਲ ਆਪਣੇ ਬੁੱਲ੍ਹ ਸੀਅ ਦਿੱਤੇ। "ਨਹੀਂ-ਨਹੀਂ ਮੰਮੀ-ਪਾਪਾ ਬਾਹਰ ਆ ਜਾਣਗੇ, ਚਲੋ ਖਾਣੇ ਦਾ ਸਮਾਂ ਹੋ ਗਿਆ ਹੈ, ਅੰਦਰ ਚੱਲਦੇ ਹਾਂ," ਸਾਇਰਾ ਕਹਿਣ ਲੱਗੀ। ਦਿਲ ਵਿੱਚ ਪੰਦਰਾਂ ਦਿਨਾਂ ਦੀਆਂ ਗਹਿਰੀਆਂ ਯਾਦਾਂ ਲੈ ਕੇ ਅਸ਼ੋਕ ਆਪਣੇ ਮਾਤਾ-ਪਿਤਾ ਨਾ਼ਲ ਮੁੰਬਈ ਚਲਾ ਗਿਆ।

ਪਹਾੜਾਂ ਦਾ ਰਾਜਾ ਜਨਤਾ ਤੋਂ ਬਹੁਤ ਤੰਗ ਆ ਗਿਆ ਸੀ। ਜਨਤਾ ਰਾਜੇ ਨੂੰ ਗੱਦੀ ਤੋਂ ਲਾਹੁਣ ਲਈ ਸੰਘਰਸ਼ ਕਰ ਰਹੀ ਸੀ। ਬੇਚੈਨ ਰਾਜਾ ਇੱਕ ਗੁਫਾ ਵਿੱਚ ਰਹਿੰਦੇ ਸ਼ੈਤਾਨ ਕੋਲੋਂ ਆਪਣੀ ਗੱਦੀ ਬਚਾਉਣ ਲਈ ਮਦਦ ਲੈਣ ਗਿਆ। ਰਾਜਾ ਸ਼ੈਤਾਨ ਨੂੰ ਕਹਿਣ ਲੱਗਾ,'ਸੰਕਟਹਾਰ ਜੀ, ਮੈਂ ਬਹੁਤ ਮੁਸੀਬਤ ਵਿੱਚ ਹਾਂ, ਮੇਰੀ ਜਨਤਾ ਮੈਨੂੰ ਗੱਦੀ ਤੋਂ ਲਾਹੁਣ ਲਈ ਇੱਕ ਜੁੱਟ ਹੋ ਗਈ ਹੈ, ਮੈਨੂੰ ਅਤੇ ਮੇਰੀ ਗੱਦੀ ਨੂੰ ਬਚਾ ਲਓ।' ਸ਼ੈਤਾਨ ਮੁਸਕਰਾਉਂਦਾ ਹੋਇਆ ਬੋਲਿਆ,"ਰਾਜਾ ਸਾਹਿਬ,'ਸਾਡੇ ਕੋਲ ਕੋਈ ਖੁਸ਼ੀ ਦਾ ਸੁਨੇਹਾ ਲੈ ਕੇ ਥੋੜੀ ਆਉਂਦਾ ਹੈ, ਹੁਣ ਤਾਂ ਮਸਲਿਆਂ ਨੂੰ ਹੱਲ ਕਰਨ ਦਾ ਵੱਡਾ ਤਜ਼ਰਬਾ ਹੋ ਗਿਆ ਹੈ, ਚਿੰਤਾ ਨਾ ਕਰੋ, ਐਸੀ ਵਿਉਂਤ ਦੱਸਾਗਾਂ,ਤੁਸੀਂ ਅਤੇ ਤੁਹਾਡੀ ਗੱਦੀ ਸਦਾ ਲਈ ਸਲਾਮਤ ਹੋ ਜਾਵੇਗੀ।" ਰਾਜਾ ਕਹਿਣ ਲੱਗਾ,'ਜਨਤਾ ਹੀ ਐਨੀ ਭੜਕੀ ਹੋਈ ਹੈ, ਲੱਗਦਾ ਨਹੀਂ ਮਸਲਾ ਜਲਦੀ ਠੀਕ ਹੋ ਜਾਵੇਗਾ। "ਰਾਜਾ ਸਾਹਿਬ, ਕਈ ਰੇਤਲੇ ਦੇਸ਼ਾਂ ਦੀਆਂ ਗੱਦੀਆਂ ਹਾਲੇ ਤੱਕ ਸਲਾਮਤ ਹਨ, ਉਹ ਵੀ ਤੁਹਾਡੇ ਵਾਂਗ ਮੇਰੇ ਕੋਲ ਫਰਿਆਦ ਲੈਕੇ ਆਏ ਸਨ," ਸ਼ੈਤਾਨ ਬੋਲਿਆ। ਰਾਜਾ ਬੇਸਬਰੀ ਨਾ਼ਲ ਕਹਿਣ ਲੱਗਾ,'ਹੁਣ ਗੱਲ੍ਹਾਂ ਵਿੱਚ ਹੋਰ ਸਮਾਂ ਨਾ ਬਰਬਾਦ ਕਰ, ਆਪਣੀ ਜੁਗਤ ਦੱਸ।' ਪਲੰਘ ਤੇ ਬੈਠੇ ਸ਼ੈਤਾਨ ਨੇ ਥੱਲੇ ਦਰੀ ਉੱਪਰ ਬੈਠੇ ਰਾਜੇ ਦੇ ਮੋਢੇ ਤੇ ਹੱਥ ਰੱਖਦਿਆਂ ਕਹਿਣ ਲੱਗਾ,'ਜੁਗਤ ਦੱਸਣ ਤੋਂ ਪਹਿਲਾਂ,'ਮੈਂ ਕੁਝ ਜ਼ਰੂਰੀ ਸ਼ਰਤਾਂ ਦੱਸਣਾ ਚਾਹੁੰਦਾ ਹਾਂ,"ਰਾਜਾ ਸਾਹਿਬ, ਆਪਣੇ ਦਿਲ ਅਤੇ ਮਨ ਨੂੰ ਪੱਥਰ ਬਣਾ ਲਵੋ, ਮਨੁੱਖਤਾ ਕੇਵਲ ਸ਼ਬਦ ਹੈ, ਹਕੀਕਤ ਵਿੱਚ ਨਹੀਂ, ਪ੍ਰਜਾ ਦੂਸਰੇ ਜੀਵ ਜੰਤੂਆਂ ਤੋਂ ਵੱਖਰੀ ਨਹੀਂ ਹੈ।" ਰਾਜਾ ਟੋਕਦਾ ਹੋਇਆ ਬੋਲ ਪਿਆ,"ਪਰ ਇਹ ਤਾਂ ਦੱਸੋ ਜਨਤਾ ਨੂੰ ਟਿਕਾਉਣ ਲਈ ਕਰਨਾ ਕੀ ਹੈ?" ਸ਼ੈਤਾਨ ਕਹਿਣ ਲੱਗਾ,"ਰਾਜਾ ਸਾਹਿਬ, ਦੱਸਦਾਂ ਹਾਂ, ਪਹਿਲਾਂ ਮਨ ਅਤੇ ਦਿਲ ਨੂੰ ਸਥਿਰ ਕਰ ਲਓ। ਸ਼ੈਤਾਨ ਪਲੰਘ ਦੇ ਗੱਦੇ ਹੇਠੋਂ ਹਰੇ ਕੱਪੜੇ ਵਿੱਚ ਲਪੇਟਿਆ ਇੱਕ ਤੱਕਲਾ ਕੱਢਦਾ ਹੈ, ਰਾਜੇ ਨੂੰ ਫੜਾਉਂਦਾ ਹੋਇਆ ਕਹਿਣ ਲੱਗਾ,"ਰਾਜਾ ਸਾਹਿਬ, ਮੈਂ ਤੁਹਾਨੂੰ ਇੱਕ ਛੋਟਾ ਜਿਹਾ ਹਥਿਆਰ ਦੇ ਰਿਹਾ ਹਾਂ, ਜਿਹੜਾ ਵੱਡੀ ਤੋਂ ਵੱਡੀ ਤੋਪ ਤੋਂ ਵੀ ਸ਼ਕਤੀਸ਼ਾਲੀ ਸਾਬਤ ਹੋਵੇਗਾ।' ਰਾਜਾ ਡੌਰ-ਭੌਰ ਤੱਕਲੇ ਵੱਲ ਦੇਖ ਰਿਹਾ ਸੀ। ਸ਼ੈਤਾਨ ਫਿਰ ਸਮਝਾਉਣ ਲੱਗਾ,"ਹੁਣ ਸ਼ਾਂਤ ਬੈਠੇ ਰਹਿਣਾ, ਮੈਂ ਇਸ ਨੂੰ ਵਰਤਣ ਦਾ ਤਰੀਕਾ ਦੱਸਣ ਲੱਗਾ ਹਾਂ : ਆਪਣੇ ਵਫਾਦਾਰਾਂ ਦੀ ਇੱਕ ਟੀਮ ਚੁਣਨੀ ਹੈ, ਇਸ ਤਕੱਲੇ ਨੂੰ ਇੱਕ ਸਿਰੇ ਤੋਂ ਭੱਠੀ ਵਿੱਚ ਗਰਮ ਕਰ ਲੈਣਾ ਅਤੇ ਹਰੇਕ ਵਫਾਦਾਰ ਦੀਆਂ ਦੋਵੇਂ ਅੱਖਾਂ ਵਿੱਚ ਗੱਡ ਦੇਣਾ।' ਰਾਜਾ ਗੁੱਸੇ ਵਿੱਚ ਲਾਲ ਹੋ ਗਿਆ, ਬੋਲਿਆ ਇਹ ਕੀ ਕਹੀ ਜਾ ਰਿਹੈਂ?' ਸ਼ੈਤਾਨ ਨੇ ਫੇਰ ਉਹੀ ਟੱਪਾ ਬੋਲਿਆ, ਰਾਜਾ ਸਾਹਿਬ, ਮਨ ਅਤੇ ਦਿਲ ਨੂੰ ਸਥਿਰ ਰੱਖੋ, ਯਾਦ ਕਰੋ ਰੇਤਲੇ ਦੇਸ਼ਾਂ ਨੂੰ ਉਹ ਛੁਰੀ ਮੈਂ ਹੀ ਦਿੱਤੀ ਸੀ, ਜਿਸ ਨਾ਼ਲ ਉਹ ਬੱਚਿਆਂ ਦੇ ਸ਼ਰੀਰ ਤੋਂ ਮਾਸ ਦਾ ਲੋਥੜਾ ਕੱਟਦੇ ਹਨ, ਬੱਚਿਆਂ ਲਈ ਕੀ ਇਹ ਕਸ਼ਟਦਾਇਕ ਨਹੀਂ ? ਪਰ ਰਾਜ ਦੀ ਸਲਾਮਤੀ ਲਈ ਇਹ ਰਵਾਇਤ ਹਿਤੈਸ਼ੀ ਸਿੱਧ ਹੋਈ ਹੈ ਨਾਂ, ਤੁਸੀਂ ਅੰਨ੍ਹੇ ਉੱਚ ਵਿਦਵਾਨਾਂ ਤੋਂ ਇਹ ਕਹਾਉਣਾ ਹੈ,"ਆਪਣੀਆਂ ਅੱਖਾਂ ਰੱਬ ਨੂੰ ਦੇ ਦਿਓ, ਫੇਰ ਰੱਬ ਤੁਹਾਡੇ ਅੰਗ-ਸੰਗ ਹੋਵੇਗਾ, ਫੇਰ ਤੁਸੀਂ ਅਤੇ ਤੁਹਾਡਾ ਰੱਬ ਦੋ ਨਹੀਂ ਇੱਕ ਹੋਵੇਗਾ, ਇਹੋ ਗੱਲ੍ਹ ਸਾਡੇ ਮਹਾਂਪੁਰਸ਼ਾਂ ਨੇ ਦੱਸੀ ਹੈ, ਇਹ ਸ਼ਰੀਰ ਰੱਬ ਨੇ ਹੀ ਸਾਨੂੰ ਬਖਸ਼ਿਆ ਹੈ, ਕੁਰਬਾਨੀ ਰੱਬ ਨਾ਼ਲ ਨੇੜਤਾ ਦੀ ਉੱਚਤਮ ਅਵਸਥਾ ਹੈ, ਜੇਕਰ ਦੋ ਅੱਖਾਂ ਰੱਬ ਨੂੰ ਦਿੱਤੀਆਂ ਜਾਣ ਤਾਂ ਰੱਬ ਅਤਿ ਪ੍ਰਸੰਨ ਹੋਵੇਗਾ, ਰੱਬ ਦੀ ਖੁਸ਼ੀ 'ਚ ਹੀ ਸਾਡੀ ਖੁਸ਼ੀ ਹੈ, ਆਖਿਰ ਜੰਨਤ 'ਚ ਥਾਂ ਵੀ ਤਾਂ ਉਸੇ ਰੱਬ ਨੇ ਹੀ ਦੇਣੀ ਹੈ।"

ਰਾਜੇ ਨੇ ਉਤਸੁਕਤਾ ਨਾ਼ਲ ਪੁੱਛਿਆ,"ਰੱਬ ਦੀ ਭਗਤੀ ਸਲਾਮਤ ਅੱਖਾਂ ਨਾ਼ਲ ਵੀ ਤਾਂ ਕੀਤੀ ਜਾ ਸਕਦੀ ਹੈ, ਅੱਖਾਂ ਅੰਨ੍ਹੀਆਂ ਕਰਨ ਦੀ ਕੀ ਲੋੜ ਹੈ?" ਸ਼ੈਤਾਨ ਕਹਿਣ ਲੱਗਾ,"ਸੁਣੋ, ਸਲਾਮਤ ਅੱਖਾਂ ਨਾ਼ਲ ਰੱਬ ਨੂੰ ਕਦੇ ਵੀ ਨਹੀਂ ਪਾਇਆ ਜਾ ਸਕਦਾ, ਨਾਲੇ ਤੁਸੀਂ ਕੌਣ ਹੋ ਅੱਖਾਂ ਅੰਨ੍ਹੀਆਂ ਕਰਨ ਵਾਲੇ ਇਹ ਤਾਂ ਰੱਬ ਦੀ ਮਰਜ਼ੀ ਹੈ, ਉਸਦੇ ਹੁਕਮਾਂ ਤੋਂ ਬਗੈਰ ਤਾਂ ਪੱਤਾ ਵੀ ਨਹੀਂ ਝੂਲਦਾ।" ਰਾਜਾ ਫੇਰ ਪੁੱਛਣ ਲੱਗਾ,"ਮੇਰੇ ਲੋਕ ਇਹ ਪਹਾੜ, ਵਾਦੀਆਂ ਅਤੇ ਚਿਨਾਰਾਂ ਦੀ ਸੁੰਦਰਤਾ ਕਿਵੇਂ ਦੇਖਣਗੇ?" ਰਾਜਾ ਸਾਹਿਬ,"ਇਹ ਸੁੰਦਰਤਾ ਤਾਂ ਨਾਸ਼ਵਾਨ ਹੈ, ਅਸਲੀ ਸੁੰਦਰਤਾ ਤਾਂ ਰੱਬ ਦੀ ਹੈ, ਜੋ ਅਲੋਕਿਕ ਹੈ, ਅਮਰ ਹੈ।' ਹੁਣ ਰਾਜੇ ਵਿੱਚ ਕੁਝ ਹੌਂਸਲਾ ਅਤੇ ਤਸੱਲੀ ਦਿਖ ਰਹੀ ਸੀ, ਪੁੱਛਣ ਲੱਗਾ,"ਪਰ ਸੈਨਾ ਨੂੰ ਤਾਂ ਛੱਡ ਸਕਦਾ ਹਾਂ।" ਸ਼ੈਤਾਨ ਬੋਲਿਆ,"ਨਹੀਂ, ਸੈਨਾ ਨੂੰ ਤਾਂ ਸਭਤੋਂ ਪਹਿਲਾਂ ਅੰਨ੍ਹਾਂ ਕਰਨਾ ਹੋਵੇਗਾ, ਫੇਰ ਉਹ ਤੁਹਾਡੇ ਹੁਕਮਾਂ ਨੂੰ ਰੱਬੀ ਹੁਕਮ ਮੰਨਕੇ ਪਾਲਣਾ ਕਰੇਗੀ, ਹਾਂ ਤੁਸੀਂ ਅਤੇ ਤੁਹਾਡੇ ਨੇੜਲੇ ਪਰਿਵਾਰ ਨੇ ਰਾਜ ਭਾਗ ਚਲਾਉਣ ਅਤੇ ਦੂਸਰੇ ਦੇਸ਼ਾਂ ਨਾ਼ਲ ਰਾਫਤਾ ਕਾਇਮ ਰੱਖਣ ਲਈ ਅੱਖਾਂ ਨੂੰ ਸਲਾਮਤ ਰੱਖਣਾ ਹੈ।" ਰਾਜਾ ਫੇਰ ਕਹਿਣ ਲੱਗਾ,"ਇਸ ਕਾਰਨ ਮੇਰੀ ਫ਼ੌਜ ਕਮਜ਼ੋਰ ਹੋ ਜਾਵੇਗੀ। ਸ਼ੈਤਾਨ ਨੇ ਕਿਹਾ,'ਰਾਜਾ ਸਾਹਿਬ ਹਰ ਇੱਕ ਅੰਨ੍ਹਾਂ ਇੱਕ ਫ਼ੌਜੀ ਬਣ ਜਾਵੇਗਾ,ਉਹ ਦੁਸ਼ਮਣਾਂ ਅਤੇ ਕਾਫਰਾਂ ਨੂੰ ਮੂਲੀਆਂ-ਗਾਜਰਾਂ ਵਾਂਗ ਕੱਟੇਗਾ, ਰੱਬ ਅਤੇ ਤੁਹਾਡੀ ਰਾਖੀ ਲਈ ਉਹ ਆਪਣੇ ਸ਼ਰੀਰ ਨੂੰ ਬੰਬ ਬਣਾ ਲਵੇਗਾ।

ਬਾਕੀ ਮੈਂ ਵੀ ਤੁਹਾਡੇ ਅੰਗ ਸੰਗ ਰਹਾਂਗਾ, ਤੁਹਾਡੇ ਫਰਮਾਨ ਦੇ ਹੱਕ ਵਿੱਚ ਲੋਕਾਂ ਦੀ ਰਾਇ ਨੂੰ ਲਾਮਬੰਦ ਕਰਾਂਗਾ। ਇੱਕ ਗੱਲ ਹੋਰ ਦੱਸਦਿਆਂ,ਜਦੋਂ ਕੁਝ ਮੋਹਤਵਰ ਰਾਹ ਦਸੇਰੇ ਅੰਨ੍ਹੇ ਹੋ ਗਏ, ਜਨਤਾ ਤਾਂ ਕਤਾਰਾਂ 'ਚ ਲੱਗ ਕੇ ਅੰਨ੍ਹੀ ਹੋਵੇਗੀ। ਤੱਕਲਾ ਆਪਣੇ ਸਕੱਤਰ ਨੂੰ ਫੜਾ ਕੇ, ਰਾਜੇ ਨੇ ਆਪਣੀ ਤਸੱਲੀ ਪ੍ਰਗਟਾਈ ਅਤੇ ਜਾਣ ਦੀ ਆਗਿਆ ਮੰਗੀ। ਹੁਣ ਰਾਜੇ ਨੂੰ ਗੱਦੀ ਖੁਸੱਣ ਦੀ ਕੋਈ ਚਿੰਤਾ ਨਹੀਂ ਸੀ, ਉਸ ਨੂੰ ਲੱਗ ਰਿਹਾ ਸੀ ਜਿਵੇਂ ਯੁੱਧ ਜਿੱਤ ਕੇ ਪਰਤ ਰਿਹਾ ਹੋਵੇ। ਰਾਜਧਾਨੀ ਵਿਖੇ ਪਹੁੰਚਣ ਸਾਰ, ਰਾਜੇ ਨੇ ਸ਼ੈਤਾਨ ਦੇ ਮਸ਼ਵਰੇ ਉੱਪਰ ਅਮਲ ਕਰਨਾ ਸ਼ੁਰੂ ਕਰ ਦਿੱਤਾ, ਬੈਠਕਾਂ ਦਾ ਦੌਰ ਚੱਲ ਰਿਹਾ ਸੀ। ਜਿਹੜੇ ਲੋਕ ਅੰਨੇ ਹੋ ਜਾਂਦੇ, ਰੱਬ ਨੂੰ ਮਿਲਣ ਦਾ ਦਾਅਵਾ ਕਰਦੇ। ਰਾਜੇ ਦੇ ਖ਼ਿਲਾਫ਼ ਬਗਾਵਤ ਦੀ ਥਾਂ ਲੋਕਾਂ ਵਿੱਚ ਅੰਨ੍ਹੇ ਹੋਣ ਦੀ ਹੋੜ ਲੱਗ ਗਈ, ਲੋਕ ਰਾਜੇ ਨੂੰ ਮਸੀਹਾ ਦੱਸਣ ਲੱਗੇ।

ਅਸ਼ੋਕ ਨੂੰ ਪਹਾੜਾਂ ਤੋਂ ਪਰਤਿਆਂ ਦਸ ਸਾਲ ਬੀਤ ਚੁੱਕੇ ਸਨ, ਕਿਸ਼ਤੀ ਵਿੱਚ ਬੈਠਿਆ ਸਾਇਰਾ ਨੂੰ ਦਿੱਤਾ ਤੋਹਫ਼ਾ ਹਾਲੇ ਵੀ ਉਸਦੇ ਯਾਦ ਸੀ। ਪਹਾੜੀ ਰਾਜ ਬਾਰੇ ਅਖ਼ਬਾਰਾਂ ਵਿੱਚ ਛਪ ਰਹੀਆਂ ਲੋਕਾਂ ਦੇ ਅੰਨ੍ਹੇਂ ਹੋਣ ਦੀਆਂ ਖਬਰਾਂ ਨੇ ਉਸ ਨੂੰ ਬੇਚੈਨ ਕਰ ਦਿੱਤਾ। ਡਾਕਟਰ ਬਣਨ ਦੀ ਪੜਾਈ ਛੱਡਕੇ, ਪਹਾੜਾਂ ਦੀ ਰਾਜਧਾਨੀ ਵਿੱਚ ਪਹੁੰਚ ਗਿਆ। ਉਹੀ ਕਿਸ਼ਤੀ ਆਪਣੇ ਠਹਿਰਨ ਲਈ ਚੁਣੀ।

ਸਾਇਰਾ ਹੁਣ ਵੱਡੀ ਹੋ ਗਈ ਸੀ, ਚੋਰੀ ਛਿਪੇ ਅਸ਼ੋਕ ਨੂੰ ਮਿਲੀ। ਅਸ਼ੋਕ ਨੇ ਪੁੱਛਿਆ,"ਇਹ ਕਿਸ਼ਤੀ ਖਾਲੀ-ਖਾਲੀ ਕਿਉਂ ਲੱਗ ਰਹੀ ਹੈ?" "ਹੁਣ ਕਦੇ ਕਦਾਈ ਹੀ ਕੋਈ ਸੈਲਾਨੀ ਆਉਂਦਾ ਹੈ, ਪੀਰੂ ਅਤੇ ਬੀਰੂ ਅੰਨ੍ਹੇਂ ਹੋ ਚੁੱਕੇ ਹਨ, ਉਹ ਆਪਣੇ ਮਕਸਦ ਲਈ ਕਿਤੇ ਗਏ ਹਨ, ਹੁਣ ਦੋ ਦਿਨਾਂ ਬਾਅਦ ਮੈਂ ਵੀ ਅੰਨ੍ਹੀ ਹੋ ਜਾਣਾ ਹੈ, ਗਾਜੀ ਬਾਬਾ ਆਉਣਗੇ", ਸਾਇਰਾ ਨੇ ਕਿਹਾ। ਇਹ ਸੁਣਕੇ ਅਸ਼ੋਕ ਦੰਗ ਰਹਿ ਗਿਆ ਅਤੇ ਕਹਿਣ ਲੱਗਾ, "ਪਹਿਲਾਂ ਇਹ ਦੱਸ, ਕੀ ਤੂੰ ਦਸਵੀਂ ਪਾਸ ਕਰ ਲਈ ਹੈ?" ਸਾਇਰਾ ਨੇ ਕਿਹਾ,"ਮੈਂ ਪੰਜਵੀਂ ਪਾਸ ਕਰ ਲਈ ਸੀ, ਫੇਰ ਅੱਬਾ ਨੇ ਹਟਾ ਲਿਆ ।" ਮੈਂ ਤੈਨੂੰ ਲੈਣ ਆਇਆ ਹਾਂ, ਤੈਨੂੰ ਉੱਚ ਵਿੱਦਿਆ ਦਵਾਵਾਂਗਾ, ਮੈਂ ਤੈਨੂੰ ਅੰਨ੍ਹੀ ਨਹੀਂ ਹੋਣ ਦੇਵਾਂਗਾ, ਮੈਂ ਤੈਨੂੰ ਕੁਦਰਤ ਦੀ ਸੁੰਦਰਤਾ ਤੋਂ ਵਾਂਝਾ ਨਹੀਂ ਹੋਣ ਦੇਵਾਂਗਾ, ਹੁਣ ਆਪਾਂ ਗੱਲਾਂ ਨਾ ਕਰੀਏ ਕਿਸੇ ਨੂੰ ਸ਼ੱਕ ਪੈ ਗਿਆ ਤਾਂ ਸਭ ਕੁਝ ਖ਼ਤਮ ਹੋ ਜਾਵੇਗਾ, ਮੇਰੀ ਜਾਨ ਲੈ ਲੈਣਗੇ ਅਤੇ ਤੈਨੂੰ ਅੰਨ੍ਹੀ ਕਰ ਦੇਣਗੇ," ਅਸ਼ੋਕ ਨੇ ਹੋਲੀ ਦੇਣੇ ਕਿਹਾ। "ਅੱਖਾਂ ਵਿੱਚ ਹੰਝੂ, ਸਾਇਰਾ ਕਹਿਣ ਲੱਗੀ, ਆਪਣੀ ਵਾਰੀ ਤੋਂ ਮੈਂ ਕਿਵੇਂ ਭੱਜ ਸਕਦੀ ਹਾਂ, ਮੇਰੇ ਆਪਣੇ ਭਾਈ ਮੇਰੇ ਸਾਹਮਣੇ ਅੰਨ੍ਹੇ ਹੋਏ ਸਨ, ਫੇਰ ਰੱਬ ਦੀ ਮਰਜ਼ੀ ਨੂੰ ਮੈਂ ਕਿਵੇਂ ਟਾਲ ਸਕਦੀ ਹਾਂ, ਰੱਬ ਦੀ ਖੁਸ਼ੀ ਵਿੱਚ ਹੀ ਮੇਰੀ ਖੁਸ਼ੀ ਹੈ।' ਅਸ਼ੋਕ ਕਹਿਣ ਲੱਗਾ, ਕਿਹੜਾ ਰੱਬ ਇਹ ਸਭ ਸਿਆਸਤ ਹੈ, ਰਾਜੇ ਨੇ ਆਪਣੇ ਬੱਚਿਆਂ ਨੂੰ ਅੰਨ੍ਹਾ ਨਹੀਂ ਕੀਤਾ, ਰਾਜੇ ਦੀ ਆਪਣੀ ਕੁੜੀ ਤਾਂ ਸਾਡੇ ਮੁੰਬਈ ਵਿੱਚ ਐਕਟਿੰਗ ਸਿੱਖਦੀ ਹੈ, ਅਸ਼ੋਕ ਨੇ ਉਸਦੇ ਚੇਹਰੇ ਨੂੰ ਫੜਕੇ ਪਹਿਲਾਂ ਦਿੱਤਾ ਤੋਅਫਾ ਯਾਦ ਕਰਵਾਇਆ, ਮੈਂ ਤੈਨੂੰ ਸਾਰੀ ਜਿੰਦਗੀ ਆਪਣਾ ਪਵਿੱਤਰ ਪਿਆਰ ਦੇਵਾਂਗਾ, ਆਪਾਂ ਜੰਗਲ ਵਿੱਚ ਦੀ ਹੁੰਦੇ ਹੋਏ ਮੁੱਖ ਸੜਕ ਤੇ ਪਹੁੰਚ ਜਾਵਾਂਗੇ।" ਸਾਇਰਾ ਪੁੱਛਣ ਲੱਗੀ,'ਮੁੰਬਈ ਲਜਾਕੇ ਮੈਨੂੰ ਛੱਡ ਤਾਂ ਨਹੀਂ ਦੇਵੇਂਗਾ?" ਅਸ਼ੋਕ ਨੇ ਕਿਹਾ,'ਜੇ ਛੱਡਣਾ ਹੁੰਦਾ ਤਾਂ ਮੈਂ ਐਨੀ ਦੂਰ ਤੈਨੂੰ ਲੈਣ ਹੀ ਕਿਉਂ ਆਉਂਦਾ।"

ਸਾਇਰਾ ਕਿਸ਼ਤੀ ਨੂੰ ਕਿਨਾਰੇ ਤੇ ਲਾਉਂਦੀ ਹੈ, ਕਹਿਣ ਲੱਗੀ, "ਆਏਂ ਕਰ ਤੂੰ ਸਾਹਮਣੇ ਉਸ ਜੰਗਲ ਵਿੱਚ ਮੇਰੀ ਉਡੀਕ ਕਰ ਮੈਂ ਆਲਾ-ਦੁਆਲਾ ਦੇਖ ਕੇ ਆ ਰਹੀ ਹਾਂ।' ਦੋਵੇਂ ਜੰਗਲ ਵਿੱਚ ਇਕੱਠੇ ਹੋ ਗਏ, ਅਸ਼ੋਕ ਨੇ ਸਾਇਰਾ ਦੇ ਹੱਥ ਨੂੰ ਫੜਕੇ ਦੌੜ ਲਗਾ ਦਿੱਤੀ। ਝੀਲ ਦੇ ਇਰਦ-ਗਿਰਦ ਰੌਲਾ ਪੈ ਗਿਆ,'ਸਾਇਰਾ, ਸੈਲਾਨੀ ਨਾ਼ਲ ਭੱਜ ਗਈ।' ਬੱਸ ਫੇਰ ਕੀ ਸੀ, ਸਾਇਰਾ ਦੇ ਅੰਨ੍ਹੇ ਭਾਈ ਅਤੇ ਸ਼ਹਿਰ ਦੇ ਸੈਂਕੜੇ ਅੰਨ੍ਹੇ ਬੰਦੇ, ਸਾਇਰਾ ਅਤੇ ਅਸ਼ੋਕ ਨੂੰ ਫੜਣ ਲਈ ਦੌੜ ਪਏ। ਅਸ਼ੋਕ ਨੇ ਸਾਇਰਾ ਨੂੰ ਕਿਹਾ,'ਉਹ ਆਪਣਾ ਕੁਝ ਨਹੀਂ ਵਿਗਾੜ ਸਕਦੇ ਉਨ੍ਹਾਂ ਨੂੰ ਕਿਹੜਾ ਦੀਂਹਦਾ ਹੈ? ਸਾਇਰਾ ਕਹਿਣ ਲੱਗੀ,'ਆਪਾਂ ਨੂੰ ਉਨ੍ਹਾਂ ਤੋਂ ਬਚਣਾ ਬਹੁਤ ਜਰੂਰੀ ਹੈ, ਉਹ ਬਹੁਤ ਖੂੰਖਾਰ ਹਨ, ਭਾਵੇਂ ਉਹ ਅੰਨ੍ਹੇ ਹਨ ਪਰ ਉਨ੍ਹਾਂ ਦੀ ਸੁੰਘਣ ਅਤੇ ਸੁਣਨ ਸ਼ਕਤੀ ਬਹੁਤ ਤਿੱਖੀ ਹੈ, ਜੇ ਉਨ੍ਹਾਂ ਨੇ ਆਪਾਂ ਨੂੰ ਫੜ ਲਿਆ ਤਾਂ ਜਿੰਦਾ ਨਹੀਂ ਛੱਡਣਗੇ।"

ਹੁਣ ਦੋਵਾਂ ਨੂੰ ਅੰਨ੍ਹੇ ਬੰਦੇ ਦਿਖਣ ਲੱਗ ਪਏ ਸਨ। ਭੱਜਦੇ-ਭੱਜਦੇ ਦੋ ਘੰਟੇ ਹੋ ਗਏ, ਪਰ ਅਸ਼ੋਕ ਅਤੇ ਸਾਇਰਾ ਨੇ ਹੌਂਸਲਾ ਨਹੀਂ ਛੱਡਿਆ। ਇੱਕ ਅੰਨ੍ਹੇਂ ਨੇ ਸਾਇਰਾ ਨੂੰ ਫੜ ਲਿਆ, ਅਸ਼ੋਕ ਨੇ ਉਸਦੇ ਇੱਕ ਧੱਫਾ ਮਾਰਿਆ ਅਤੇ ਸਾਇਰਾ ਨੂੰ ਛੁਡਾ ਲਿਆ, ਅੰਨ੍ਹਾ ਟੋਏ ਵਿੱਚ ਜਾ ਗਿਰਿਆ।

ਦੋਵਾਂ ਨੂੰ ਫੇਰ ਭੱਜਣ ਦਾ ਮੌਕਾ ਮਿਲ ਗਿਆ, ਹੁਣ ਤਾਂ ਬਹੁਤ ਸਾਰੇ ਅੰਨ੍ਹੇ ਬੰਦੇ ਉਨ੍ਹਾਂ ਦੇ ਕੋਲ ਹੀ ਪਹੁੰਚ ਗਏ, ਪਰ ਹੁਣ ਦੋਨੋਂ ਸੜਕ ਤੇ ਸੀ, ਅੰਨ੍ਹੇ ਬੰਦੇ ਸੜਕ ਤੋਂ ਪਹਿਲਾਂ ਹੀ ਰੁਕ ਗਏ।

# 'ਮਾਂ ਦੀ ਮੰਨਤ' ਸਿੰਗਲ ਟਰੈਕ ਲੈ ਕੇ ਹਾਜਰ ਹੈ- ਗਾਇਕ ਵਿਜੇ ਬੱਧਣ





ਪ੍ਰੀਤਮ ਲੁਧਿਆਣਵੀ
9876428641

ਪੰਜਾਬੀ ਮਾਂ-ਬੋਲੀ ਦੇ ਜਾਏ, ਕਿਸੇ ਵੀ ਹਾਲਾਤ ਵਿਚ ਹੋਣ, ਉਹ ਆਪਣੀ ਮਿਹਨਤ, ਲਗਨ, ਸਿਦਕ, ਫਿਰਾਕ-ਦਿਲੀ ਅਤੇ ਅਣਮੋਲ ਸੱਭਿਆਚਾਰਕ ਗਤੀਵਿਧੀਆਂ ਦੁਆਰਾ ਆਪਣਾ, ਆਪਣੀ ਜਨਮ-ਭੂਮੀ ਅਤੇ ਮਾਂ-ਬੋਲੀ ਪੰਜਾਬੀ ਦਾ ਨਾਮ ਰੋਸ਼ਨ ਕਰਦਿਆਂ ਆਪਣੀ ਅੱਡਰੀ ਛਾਪ ਛੱਡਣ ਲਈ ਯਤਨਸ਼ੀਲ ਹੀ ਰਹਿੰਦੇ ਹਨ। ਇਸੇ ਲੜੀ ਤਹਿਤ ਜਿਸ ਸੰਘਰਸ਼ਸ਼ੀਲ ਨੌਜਵਾਨ ਦਾ ਇਨਾਂ ਸਤਰਾਂ ਦੁਆਰਾ ਜਿਕਰ ਕਰਨ ਜਾ ਰਿਹਾ ਹਾਂ, ਉਹ ਹੈ ਜਿਲਾ ਗੁਰਦਾਸਪੁਰ ਦੀ ਇਕ ਨੁਕਰੇ ਵਸਦੇ ਪਿੰਡ ਹੱਲਾ ਦਾ ਬਹੁ-ਕਲਾਵਾਂ ਦਾ ਸੁਮੇਲ ਨੌਜਵਾਨ ਵਿਜੇ ਬੱਧਣ। ਵਧੀਆ ਸ਼ਾਇਰ, ਅਦਾਕਾਰ, ਨਿਰਮਾਤਾ, ਨਿਰਦੇਸ਼ਕ, ਸਮਾਜ-ਸੇਵੀ ਅਤੇ ਲੋਕ-ਗਾਇਕ। ਗਾਇਕੀ ਖੇਤਰ ਵਿਚ, 'ਮੌਜਾਂ ਲਾਈਆਂ ਨੇ ਮਈਆਂ ਦੇ ਦੁਆਰੇ' ਅਤੇ ਜਲੰਧਰ ਦੂਰਦਰਸ਼ਨ ਦੇ ਨਵੇ ਵਰੇ (2018) ਦੀ ਆਮਦ ਤੇ 'ਢੋਲ ਵੱਜਿਆ' ਗੀਤ ਰਾਂਹੀ ਭਰਵੀ ਹਾਜਰੀ ਦੁਆਰਾ ਚਰਚਿਤ ਹੋਏ ਇਸ ਗਾਇਕ ਦਾ ਹੁਣ ਨਵਾਂ ਸਿੰਗਲ ਟਰੈਕ 'ਮਾਂ ਦੀ ਮੰਨਤ' ਦੇਸ਼ ਵਿਦੇਸ਼ਾਂ ਵਿਚ ਚਰਚਾ ਦਾ ਖੂਬ ਵਿਸ਼ਾ ਬਣਿਆ ਹੋਇਆ ਹੈ।

ਮਾਤਾ ਸਵ: ਪ੍ਰਭੀ ਦੇਵੀ ਅਤੇ ਪਿਤਾ ਸਵ: ਗਿਆਨੀ ਤੇਜ ਰਾਮ ਜੀ ਦੇ ਘਰ ਜਨਮੇ ਵਿਜੇ ਨੇ ਸੰਖੇਪ ਜਿਹੀ ਮੁਲਾਕਾਤ ਵਿਚ ਦੱਸਿਆ ਕਿ ਘਰ ਵਿਚ ਗਰੀਬੀ ਹੋਣ ਕਾਰਨ ਉਹ ਜਿਆਦਾ ਪੜ ਨਾ ਸਕਿਆ। ਗਾਉਣਾਂ, ਲਿਖਣਾਂ ਅਤੇ ਅਦਾਕਾਰੀ ਦਾ ਸ਼ੌਕ ਉਸ ਨੂੰ ਬਚਪਣ ਤੋ ਹੀ ਸੀ। ਗਾਇਕੀ ਦੀਆਂ ਬਾਰੀਕੀਆਂ ਸਿੱਖਣ ਲਈ ਉਸ ਨੇ ਉਸਤਾਦ ਮਦਨ ਇਲਾਹੀ ਜੀ ਨੂੰ ਆਪਣਾ ਰਸਮੀ ਉਸਤਾਦ ਧਾਰਿਆ ਅਤੇ ਯਮਲੇ ਦੀ ਫੁੱਲਵਾੜੀ ਦੇ ਮਹਿਕਦੇ ਫੁੱਲ ਸਵ: ਚਮਨ ਲਾਲ ਗੁਰਦਾਸਪੁਰੀ ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾ ਵਿਚ ਜਾ ਕੇ ਸਟੇਜਾਂ ਉਤੇ ਹਾਜਰੀਆਂ ਲੁਆਈਆਂ। ਅੱਜ ਕੱਲ ਬੱਧਣ ਆਪਣੀ ਕਲਾ ਨੂੰ ਨਿਖਾਰਨ ਲਈ ਰਾਕੇਸ਼ ਕੁਮਾਰ ਸ਼ਰਮਾਂ ਜੀ ਤੋ ਵੀ ਸੰਗੀਤ ਦੀਆਂ ਕਲਾਸਾਂ ਲੈ ਰਿਹਾ ਹੈ।

ਗਾਇਕੀ ਦੇ ਨਾਲ-ਨਾਲ ਬੱਧਣ ਨੇ ਉਘੇ ਰੰਗਕਰਮੀ ਉਸਤਾਦ ਰਜਿੰਦਰ ਭੋਗਲ ਜੀ ਦੀ ਰਹਿਨੁਮਾਈ ਹੇਠ ਲੁਕਾਈ ਕਲਾ ਕੇਦਂਰ ਦੇ ਬੈਨਰ ਹੇਠ ਦਰਜਨ ਦੇ ਕਰੀਬ ਨਾਟਕ ਵੀ ਖੇਡੇ। ਇਕ ਲੜੀਵਾਰ ਹਿੰਦੀ ਸੀਰੀਅਲ 'ਪਸ਼ਚਾਤਾਪ' ਵਿਚ ਬਤੌਰ ਐਕਟਰ ਵੀ ਕੰਮ ਕੀਤਾ। ਇਸ ਤੋ ਇਲਾਵਾ ਆਪਣੀ 'ਬੱਧਣ ਪ੍ਰੋਡੈਕਸ਼ਨ' ਹੇਠ ਦਰਜਨਾਂ ਕਲਾਕਾਰ ਦੇ ਸੱਭਿਆਚਾਰਕ ਗੀਤ ਪੇਸ਼ ਕਰਨ ਦਾ ਵੀ ਫਖਰ ਹਾਸਿਲ ਕੀਤਾ।

ਕਲਮੀ-ਖੇਤਰ ਵਿਚ ਵਿਜੇ ਬੱਧਣ ਦੀਆਂ ਲਿਖੀਆਂ ਰਚਨਾਵਾਂ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ (ਰਜਿ.) ਪੰਜਾਬ ਦੀਆਂ ਕਈ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਛਪੀਆਂ। ਉਸ ਵਲੋਂ ਵੱਖ-ਵੱਖ ਖੇਤਰਾਂ ਪਾਏ ਗਏ ਯੋਗਦਾਨ ਦਾ ਮੁੱਲ ਪਾਂਉਂਦੇ , ਉਸ ਦੇ ਘਰ ਵਿਚ ਸੰਭਾਲੇ ਵੱਖ-ਵੱਖ ਸੰਸਥਾਵਾਂ ਵਲੋਂ ਪ੍ਰਾਪਤ ਅਨੇਕਾਂ ਸਰਟੀਫਿਕੇਟ ਅਤੇ ਸਨਮਾਨ-ਚਿੰਨ ਉਸਦੇ ਮਾਣ-ਮੱਤੇ ਸਾਹਿਤਕ ਤੇ ਸੱਭਿਆਚਾਰਕ ਸਫਰ ਦੀ ਭਰਵੀਂ ਗਵਾਹੀ ਦੇ ਰਹੇ ਹਨ। ਆਪਣੇ ਨਵੇ ਸਿੰਗਲ ਟਰੈਕ 'ਮਾਂ ਦੀ ਮੰਨਤ' ਬਾਰੇ ਗੱਲਬਾਤ ਕਰਦਿਆਂ ਬੱਧਣ ਨੇ ਦੱਸਿਆ ਕਿ ਡੀ: ਟੀ: ਬੀ: ਫਿਲਮ ਪ੍ਰੋਡੈਕਸ਼ਨ ਦੀ ਅਤੇ ਪੇਸ਼ਕਰਤਾ ਅਨਿਲ ਰਤਨਗੜੀਆ ਦੀ ਪੇਸ਼ਕਸ਼ ਅਤੇ ਨਿਰਮਾਤਾ ਨਰੇਸ਼ ਸ਼ਰਮਾਂ ਦੀ ਰਹਿਨੁਮਾਈ ਹੇਠ ਕੱਢੇ ਇਸ ਗੀਤ ਦਾ ਲੇਖਕ ਵੀ ਖੁਦ ਉਹ (ਵਿਜੇ) ਹੀ ਹੈ। ਇਸ ਗੀਤ ਨੂੰ ਸੰਗੀਤਕ-ਛੋਹਾਂ ਸੰਗੀਤਕਾਰ ਸ਼ਕਤੀ ਬਚਨ ਨੇ ਦਿੱਤੀਆਂ : ਜਦ ਕਿ ਇਸ ਦਾ ਵੀਡੀਓ-ਫਿਲਮਾਂਕਣ ਸਚਿਨ ਵੱਲੋ ਪੰਜਾਬ ਦੀਆਂ ਵੱਖ ਵੱਖ ਲੋਕੇਸ਼ਨਾਂ ਤੇ ਕੀਤਾ ਗਿਆ। ਵਿਜੇ ਬੱਧਣ ਨੇ ਅੱਗੇ ਦੱਸਿਆ ਕਿ ਇਸ ਸਿੰਗਲ ਟਰੈਕ ਨੂੰ ਭਾਰਤ ਤੋ ਇਲਾਵਾ ਕਨੇਡਾਂ, ਆਸਟ੍ਰੇਲੀਆ, ਦੁਬੱਈ, ਇਟਲੀ, ਇੰਗਲੈਂਡ, ਸਾਉਥ ਕੋਰੀਆ, ਆਦਿ ਦੇਸ਼ਾਂ ਵਿਚ ਵੀ ਰਲੀਜ ਕੀਤਾ ਜਾ ਰਿਹਾ ਹੈ।

ਇੱਥੋਂ ਤੱਕ ਦੇ ਮੁਕਾਮ ਹਾਸਲ ਕਰਨ ਦੀ ਪ੍ਰਾਪਤੀ ਨੂੰ ਬੱਧਣ ਜਿੱਥੇ ਆਪਣੇ ਗੁਰੂ ਦੇਵ ਸਚਖੰਡ ਵਾਸੀ ਸਤਿਗੁਰੂ ਸ੍ਰੀ 108 ਸੀਤਲ ਦਾਸ ਜੀ ਦਾ ਓਟ ਆਸਰਾ ਮੰਨਦਾ ਹੈ, ਉਥੇ ਆਪਣੇ ਗੁਰੂ-ਭਾਈ ਸੂਫੀ ਗਾਇਕ ਮੁਮਤਾਜ. ਹੰਸ, ਗਾਇਕ ਅਸ਼ਵਨੀ ਲੱਖੋਵਾਲੀ, ਨਿਰਮਾਤਾ ਨਰੇਸ਼ ਸ਼ਰਮਾਂ ਤੋ ਇਲਾਵਾ ਦੋਸਤਾਂ-ਮਿੱਤਰਾਂ, ਸਹਿਯੋਗੀਆਂ ਅਤੇ ਦਰਸ਼ਕਾਂ-ਸਰੋਤਿਆਂ ਦਾ ਵੀ ਤਹਿ-ਦਿਲੋਂ ਧੰਨਵਾਦ ਕਰਦਾ ਹੈ ਜਿਨਾਂ ਦੀਆਂ ਸ਼ੁਭ-ਇੱਛਾਵਾਂ ਅਤੇ ਹੱਲਾ-ਸ਼ੇਰੀ ਹਮੇਸ਼ਾਂ ਉਸ ਦੇ ਨਾਲ ਰਹੀ।

# ਕੁਦਰਤ ਦੇ ਮੁੱਢਲੇ ਨਿਯਮ ਪਰਿਵਰਤਿਤ ਹੋਣਾ ਵਿਚ ਦਲਿਤਾਂ ਦੀ ਦਸ਼ਾ ਅਤੇ ਦਿਸ਼ਾ

**(ਸਫਾ 15 ਦੀ ਬਾਕੀ)**

ਦੀ ਤਿਆਰੀ ਵਾਸਤੇ ਵਧੀਆ ਅਕੈਡਮੀਆਂ ਜਾਂ ਇੰਸਟੀ-ਚਿਊਸ਼ਨਜ਼ ਸ਼ਹਿਰਾਂ ਵਿਚ ਹੀ ਉਪਲੱਬਧ ਹਨ।ਇਸੇ ਕੜੀ ਤਹਿਤ ਰੁਜ਼ਗਾਰ ਦੇ ਮੌਕੇ ਵੀ ਸ਼ਹਿਰਾਂ ਵਿਚ ਜਿਅਦਾ ਹਨ। ਇੰਡਸਟਰੀ ਏਰੀਆ, ਫੋਕਲ ਪੁਆਂਇਟ, ਬਿਗ ਬਜ਼ਾਰ ਆਦਿ ਕਾਰਨ ਰੁਜ਼ਗਾਰ ਦੀਆਂ ਸਹੂਲਤਾਂ ਅਤੇ ਮੌਕੇ ਵਧਦੇ ਹਨ।ਸੋ ਪੇਂਡੂ ਖੇਤਰ ਤੋਂ ਸ਼ਹਿਰੀ ਖੇਤਰ ਵੱਲ ਕੂਚ ਕਰਨਾ ਬਹੁਤ ਲਾ-ਭਦਾਇਕ ਹੈ ਅਤੇ ਨਾਲ ਹੀ ਰਾਸ਼ਟਰੀ ਧਰਮ ਨਿਰਪੱਖਤਾ ਨੂੰ ਵੀ ਤਾਕਤ ਮਿਲੇਗੀ ਜਦ ਇਕ ਰਿਹਾਇਸ਼ੀ ਖੇਤਰ ਵਿਚ ਹਰ ਵਰਗ ਦਾ ਵਿਅਕਤੀ ਨਿਵਾਸ ਕਰੇਗਾ।

ਜੇਕਰ ਅੱਜ ਦੀ ਤਾਰੀਕ ਦੀ ਗੱਲ ਕਰੀਏ ਤਾਂ ਅੱਜ-ਕੱਲ ਜਮੀਨਾਂ ਦੇ ਰੇਟ ਕਾਫੀ ਘਟੇ ਹੋਏ ਹਨ। ਸੋ ਜਿਹੜੇ ਲੋਕ ਉੱਦਮ ਕਰ ਸਕਦੇ ਹਨ, ਉਨ੍ਹਾਂ ਨੂੰ ਤਾਕੀਦ ਹੈ ਕਿ ਉਹ ਸ਼ਹਿਰਾਂ, ਕਸਬਿਆਂ ਜਾਂ ਇਨ੍ਹਾਂ ਦੇ ਨਾਲ ਲਗਦੇ ਪਿੰਡਾਂ ਵਿਚ ਆ ਕੇ ਵਸਣ। ਸ਼ਹਿਰਾਂ ਜਾਂ ਕਸਬਿਆਂ ਦੀਆਂ ਬਹੁੱਤ ਸਾਰੀਆਂ ਕਾਲੋਨੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਅਜੇ ਰਿਹਾਇਸ਼ ਨਹੀਂ ਹੋਈ, ਦਲਿਤ ਸਮਾਜ ਆਪਣੇ ਪਿੰਡ ਦੇ 4-5 ਹੋਰ ਘਰਾਂ, ਦੋਸਤਾਂ-ਮਿਤਰਾਂ, ਰਿਸ਼ਤੇਦਾਰਾਂ ਨੂੰ ਪ੍ਰੇਰਿਤ ਕਰਕੇ ਇਕ ਗਰੁੱਪ ਦੇ ਰੂਪ ਵਿਚ ਇਨ੍ਹਾਂ ਖਾਲੀ ਕਾਲੋਨੀਆਂ ਆਬਾਦ ਕਰ ਸਕਦੇ ਹੋ। ਇਸ ਵਕਤ ਇਸ ਸਮਾਜ ਕੋਲ ਬਹੁਤ ਵਧੀਆ ਮੌਕਾ ਹੈ ਜੇਕਰ ਇਸ ਨੇ ਖੁਦ ਅਜਿਹਾ ਨਹੀਂ ਕੀਤਾ ਤਾਂ ਇਸ ਦੀ ਅਉਣ ਵਾਲੀ ਪੀੜੀ ਨੇ ਆਵਾਸ ਦਾ ਇਹ ਬਦਲਾਅ ਕਰ ਲੈਣਾ ਹੈ।ਉਸ ਵਕਤ ਹੁਣ ਦਾ ਕੀਤਾ ਕਰਾਇਆ ਖਰਚ ਅਜਾਂਈ ਜਾਣਾ ਹੈ। ਵੱਡੀ ਗੱਲ ਕਿ ਅੱਜ ਜਿਹੜਾ ਦਲਿਤ ਪਿੰਡ ਦੇ ਮਕਾਨ ਨੂੰ ਢਾਹ ਕੇ ਦੁਬਾਰਾ ਬਨਾਉਣ ਜਾ ਰਿਹਾ ਹੈ ਉਹ ਤਾਂ ਅਜਹੇ ਪਿੰਡ ਵਿਚ ਇਹ ਖਰਚਾ ਕਰਕੇ ਬਹੁਤ ਭਾਰੀ ਗਲਤੀ ਕਰ ਰਿਹਾ ਹੈ। ਦਲਿਤ ਸਮਾਜ ਸੇਵੀ ਵਲੰਟੀਅਰਾਂ ਨੂੰ ਸ਼ਹਿਰਾਂ ਤੋਂ ਦੂਰ-ਦੁਰਾਡੇ ਅਜਿਹੇ ਪਿੰਡਾਂ ਵਿਚ ਜਾ ਕੇ ਇਨ੍ਹਾਂ ਗੱਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਵਲੰਟੀਅਰਾਂ ਨੂੰ ਚਾਹੀਦਾ ਹੈ ਕਿ ਉਹ ਸਸ਼ਹਿਰਾਂ ਕਸਬਿਆਂ ਨੇੜੇ ਸਸਤੀਆਂ ਕਲੋਨੀਆਂ ਦੀ ਸ਼ਨਾਖਤ ਕਰਕੇ ਦਲਿਤਾਂ ਨੂੰ ਉਥੇ ਵਸਣ ਲਈ ਪ੍ਰੇਰਿਤ ਕਰਨ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਮੂਲ-ਵਾਸੀ ਗਰੀਬ ਦਲਿਤ ਸਮਾਜ ਲਈ ਮੁੱਖ ਮਾਰਗਾਂ, ਦੇ ਨਜ਼ਦੀਕ ਨਵੇਂ ਸ਼ਹਿਰਾਂ, ਕਸਬਿਆਂ ਦਾ ਨਿਰਮਾਣ ਕਰੇ ਜਿਥੇ ਖੁੱਲ੍ਹਾ ਵਾਤਾਵਰਣ, ਪੜ੍ਹਾਈ, ਸਿਹਤ-ਸਹੂਲਤਾਂ ਦੇ ਨਾਲ ਰੁਜ਼ਗਾਰ ਦਾ ਪ੍ਰਬੰਧ ਵੀ ਹੋਵੇ।

ਅਮੀਰ ਲੋਕਾਂ ਨੇ ਤਾਂ ਆਪਣੇ ਵਾਸਤੇ ਬਾਹਰਲੇ ਦੇਸ਼ਾਂ ਦੀ ਤਰਜ਼ 'ਤੇ ਅਧੁਨਿਕ ਸਹੂਲਤਾਂ ਨਾਲ ਲੈਸ ਕਾਲੋਨੀਆਂ ਵੀ ਉਸਾਰ ਲਈਆਂ ਹਨ। ਪਰ ਕੀ ਦਲਿਤਾਂ ਨੂੰ ਚੰਗੀਆਂ ਥਾਵਾਂ ਤੇ ਰਹਿਣ ਦਾ ਅਧਿਕਾਰ ਨਹੀਂ? ਸਰਕਾਰਾਂ ਨੂੰ ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ।

## ਕੜਾਕੇ ਦੀ ਠੰਢ ਦੀਆਂ 'ਬੋਲੀਆ'



ਮੰਗਤ ਸਿੰਘ 'ਸ਼ੁਕਲਾੜਾ'
94176 42327

ਪਾਲਾ....ਪਾਲਾ....ਪਾਲਾ
'ਕੋਕਿਆਂ' ਵਾਲੀ 'ਡਾਂਗ' ਵਰਗੀ,
ਚੱਲ ਉੱਠਕੇ ਚਾਹ ਬਣਾਲਾ।
ਵਿਚ ਪਾਕੇ ਲੌਂਗ-ਲੈਚੀਆਂ,
ਇਕ ਟੁਕੜਾ 'ਆਦੇ' ਦਾ ਪਾ ਲਾ।
ਠੰਡ ਦਾ ਮਹੀਨਾ ਚਲਦਾ,
ਮਹੀਨਾ ਚੱਲਦਾ
ਬਚ ਆਪ, ਨਾਲੈ ਸੱਜਣ ਬਚਾ ਲਾ
ਠੰਢ ਦਾ ਮਹੀਨਾ ਚਲਦਾ।

ਬਈ ਠੰਢ-ਠੰਢ ਕੀ ਲਾਈ ਸੱਜਣੋ!
ਕਿਉਂ ਠੰਢ ਤੋਂ ਡਰਦੇ?
ਠੰਢ ਉਹਨਾਂ ਨੂੰ ਕਦੇ ਨਾ ਲੱਗਦੀ,
ਕੰਮ ਕਾਰ ਜੋ ਕਰਦੇ।
ਠੰਢ ਦਲੇਰਾਂ ਦੇ,
ਕੋਲ ਜਾਣ ਤੋਂ ਡਰਜੇ।
ਠੰਢ ਦਲੇਰਾਂ ਦੇ.......।

ਬੁੱਢੇ-ਠੇਰਿਆਂ, ਕਮਜੋਰਾਂ ਲਈ,
ਠੰਢ ਦੁਸ਼ਮਣ ਬਣਕੇ ਆਉਂਦੀ।
ਤਰਸ ਕਰੇ ਨਾ ਭੋਰਾ ਚੰਦਰੀ,
ਜਾਨ ਬੜਾ ਤੜਫਾਉਂਦੀ।
ਠੰਢ ਕੜਾਕੇ ਦੀ,
ਬੜਾ ਕਹਿਰ ਵਰਤਾਉਂਦੀ
ਠੰਢ ਕੜਾਕੇ ਦੀ......।

ਠੰਢ ਜੀਹਨੂੰ ਵੀ ਲੱਗਜੇ ਚੰਦਰੀ,
ਕਾਬਾਂ ਦੀ ਚੜਾ ਜੀ।
ਖੰਡ, ਜੁਕਾਮ, ਨਜਲਾ,ਛਿੱਕਾਂ
ਦਿੰਦੀ ਤਾਪ ਚੜਾ ਜੀ।
ਇਹਤੋਂ ਰੱਖ ਦੂਰੀ,
ਹੋਊ ਫਿਰ ਬਚਾਅ ਜੀ।
ਇਹਤੋਂ ਰੱਖ ਦੂਰੀ.......।

ਠੰਢ ਠੰਢ ਜੋ ਕਰਦੇ ਰਹਿੰਦੇ,
ਉਹ ਕਹਿੰਦੇ ਸੱਦਾ ਠੰਢ ਨੂੰ ਦਿੰਦੇ।
ਠੰਢ ਤੋਂ ਡਰਨ ਦੀ ਲੋੜ ਨਾ ਕੋਈ,
ਸੱਚ ਸਿਆਣੇ ਕਹਿੰਦੇ।
ਹਿੰਮਤ ਵਾਲੇ ਤਾਂ
ਮਜਾ ਠੰਢ ਦਾ ਲੈਂਦੇ
ਹਿੰਮਤ ਵਾਲੇ ਤਾਂ.......।

## ਕਾਵਿ ਵਿਅੰਗ
## ਖਹਿਰੇ ਨੇ ਝਾੜੂ ਮੋੜ'ਤਾ!

ਲੋਕ ਸਭਾ ਲਈ ਵੋਟਾਂ ਕਦ ਪੈਣੀਆਂ ਨੇ

ਹਾਲੇ ਹੋਇਆ ਨਾ ਕੋਈ ਐਲਾਨ ਭਾਈ।

ਅੰਦਰਖਾਤੇ ਸਭ ਪੱਬਾਂ ਦੇ ਭਾਰ ਹੋਏ

ਭਖ ਪਿਆ ਏ ਹੁਣੇ ਮੈਦਾਨ ਭਾਈ।

ਚਾਰ ਧਿਰੀ ਮੁਕਾਬਲੇ ਹੋਣ ਦੇ ਜੀ

ਦਿਸ ਰਹੇ ਨੇ ਸਾਫ ਇਮਕਾਨ ਭਾਈ।

ਬਣੇ ਰਹੇ ਜੇ ਇਵੇਂ ਨਾਦਾਨ ਆਪਾਂ

ਦਾਅ ਲਾ ਜਏ ਗਾ ਫੇਰ ਸ਼ੈਤਾਨ ਭਾਈ।

ਹੋਣਾ ਸ਼ੁਕਰ ਮਨਾਇਆ ਜਗੀਰ ਕੁਰ ਨੇ

ਹੋਇਆ ਖੁਸ਼ ਭਗਵੰਤ ਸਿੰਘ ਮਾਨ ਭਾਈ।

ਝਾੜੂ ਮੋੜ'ਤਾ ਖਹਿਰੇ ਨੇ ਕੇਜਰੀ ਨੂੰ

ਲਊਗਾ ਆਪਣਾ ਚੋਣ-ਨਿਸ਼ਾਨ ਭਾਈ।



ਤਰਲੋਚਨ ਸਿੰਘ ਦੁਪਾਲਪੁਰ
001-408-915-1268

## ਪੰਜਾਬ ਦੀ ਰਾਣੀ

ਸੱਧਰਾਂ ਦੇ ਬ਼ਾਗ ਵਿੱਚ ਮਹਿਕਨ ਗੁਲਾਬ ਨੀ,
ਸੋਹਣੇ ਤੇਰੇ ਲਹਿੰਗੇ ਵਿੱਚੋਂ ਝਲਕੇ ਪੰਜਾਬ ਨੀ,
ਕਾਸ਼ਨੀ ਦੱਪਟਾ ਤੇਰਾ ਵਗਦਾ ਚਨਾਬ ਨੀ,
ਸਾਧਗੀ ਦਾ ਗਹਿਣਾ ਤੇਰਾ ਟਿੱਕਾ ਪ੍ਰਕਾਸ਼ ਨੀ,
ਤੱਕਦਾ ਜਿਉਂ ਹੋਵੇ ਮਿੱਟੀ ਨੂੰ ਅਕਾਸ਼ ਨੀ,
ਚੰਨ ਤਾਰਾ ਜਾਪੇ ਤੇਰੀ ਅੱਖਾਂ ਚਮਕ ਨੀ,
ਗਿੱਧੇ ਵਿੱਚ ਹੁੰਦੀ ਤੇਰੀ ਅੱਡੀ ਦੀ ਧਮਕ ਨੀ,
ਸਬਰਾਂ ਤੇ ਲਾਡਾਂ ਨਾਲ ਪਾਲੀ ਪੰਜਾਬਣੇ,
ਘਰ ਦੀਏ ਰੋਣਕੇ ਅਤੇ ਬਾਬਲ ਦੀਏ ਪੱਗੇ ਨੀ,
ਸਾਖਰਤਾ ਚ ਪਿੱਛੇ ਪਰ ਯੋਗਤਾ ਚ ਅੱਗੇ ਨੀ,
ਮਿਹਨਤਾਂ ਦੀ ਰੰਗਤ ਤੂੰ ਮਾਂ ਭੈਣ ਧੀ ਨੀ,
ਖੁਸ਼ੀ ਵੰਡਣ ਵਾਲੀਏ ਤੂੰ ਦੁੱਖ ਲੈਂਦੀ ਪੀ ਨੀ ।



-
ਨਵਪ੍ਰੀਤ ਸਿੰਘ
ਪਿੰਡ:-ਕੂ-ਪੁਰ, ਜਲੰਧਰ

## ਸ਼ਰਧਾਂਜਲੀ

ਪਰਮ ਗਿਆਨ ਦੇ ਮਾਲਕ,
ਤੁਸੀਂ ਮਾਨਵ ਰੂਪ ਲਿਆ।
ਦਲਿਤਾਂ ਵਿਚ ਜਦੋਂ ਭਾਰੀ ਨਿਰਾਸ਼ਾ
ਆਸ਼ਾ ਦਾ ਸੰਦੇਸ਼ ਦਿੱਤਾ।

ਕੰਟਕ ਸਰੀਰ ਜਦੋਂ ਜਲਦੀ ਸੀ,
ਸਾਰੀ ਰਜਨੀ ਵੀ ਰੋਂਦੀ ਸੀ।
ਦੁੱਖ ਦਰਦ ਰਾਜ ਜਦੋਂ ਕਰਦਾ ਸੀ,
ਕੋਈ ਉਹਨਾਂ ਦੀ ਨਾ ਸੁਣਦਾ ਸੀ।

ਤੂੰ ਦੌੜਿਆ ਸੀ ਤੂੰ ਸੁਣਦਾ ਸੀ,
ਤੂੰ ਕਰਾਹਿਆ ਸੀ ਤੂੰ ਰੋਇਆ ਸੀ।
ਤੂੰ ਨਾਲ ਸਾਡੇ ਉਦੋਂ ਵੀ ਸੀ,
ਤੂੰ ਨਾਲ ਸਾਡੇ ਹੁਣ ਵੀ ਹੈਂ।

ਛਾਇਆ ਤੋਂ ਲੋਕ ਨਫਰਤ ਕਰਦੇ,
ਛੂਹਣ ਦਾ ਸਵਾਲ ਨਹੀਂ ਸੀ।
ਕਲਿਆਣ ਦੀ ਗੱਲ ਕਿਉਂ ਹੁੰਦੀ,
ਦੁਸ਼ਟਾਂ ਦਾ ਮਨ ਜਦੋਂ ਦੂਸ਼ਿਤ ਸੀ।

ਦੁਸ਼ਟਾਂ ਨੂੰ ਮਾਰ ਗਿਰਾਇਆ ਸੀ,
ਮਗਰਾਂ ਨੂੰ ਦੂਰ ਭਜਾਇਆ ਸੀ।
ਮਾਨਵਤਾ ਦਾ ਪਾਠ ਦਿੱਤਾ ਤੁਸੀਂ,
ਸਰਤਾਜ ਤੁਹਾਨੂੰ ਹੀ ਜਾਂਦਾ ਹੈ।

ਅਸੀਂ ਸਾਰੇ ਪ੍ਰਤੀਗਿਆ ਕਰਦੇ ਹਾਂ,
ਇਸ ਜਨਮ ਦਿਵਸ ਤੇ ਏ ਨੇਤਾ।
ਦਲਿਤਾਂ ਦੇ ਨਾਲ ਰਹਾਂਗੇ ਅਸੀਂ,
ਮਾਨਵਤਾ ਨੂੰ ਫੈਲਾ ਦਿਆਂਗੇ।

ਅਸੀਂ ਫੁੱਲ ਚੜ੍ਹਾਉਂਦੇ ਹਾਂ,
ਮੰਝਧਾਰ ਦੇ ਨੇਤਾ ਏ ਤੁਹਾਨੂੰ।
ਅਸੀਂ ਸੀਸ ਨਿਵਾਉਂਦੇ ਹਾਂ,
ਸੰਸਾਰ ਦੇ ਨੇਤਾ ਏ ਤੁਹਾਨੂੰ।

**- ਵਰਿੰਦਰ ਕੁਮਾਰ ਚੌਧਰੀ**

# ਲੇਖਕ 'ਤੇ ਅਧਿਆਪਕ ਪ੍ਰਮੋਦ ਧੀਰ ਜੈਤੋ ਦਾ ਕੀਤਾ ਵਿਸ਼ੇਸ਼ ਸਨਮਾਨ

**ਜੈਤੋ-** ਜੈਤੋ ਮੰਡੀ ਦੇ ਸਮਾਜ ਸੇਵੀ ਲੇਖਕ ਅਤੇ ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਨੂੰ ਵਧੀਆ ਸੇਧ ਦੇਣ ਵਾਲੇ 'ਤੇ ਅਗਾਂਹ ਵਧੂ ਲੇਖ ਲਿਖਣ ਅਤੇ ਸਿੱਖਿਆ ਵਿਭਾਗ ਵਿੱਚ ਚੰਗੀਆਂ ਸੇਵਾਵਾਂ ਦੇਣ ਬਦਲੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪ੍ਰਮੋਦ ਧੀਰ ਇਸ ਸਮੇਂ ਸਰਕਾਰੀ ਹਾਈ ਸਕੂਲ ਢੈਪਈ (ਫਰੀਦਕੋਟ) ਵਿਖੇ ਕੰਪਿਊਟਰ ਅਧਿਆਪਕ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਪਿਛਲੇ ਸਮੇਂ ਦੌਰਾਨ ਇਹਨਾਂ ਦੇ ਪੜ੍ਹਾਏ ਵਿਦਿਆਰਥੀ ਜ਼ਿਲਾ ਪੱਧਰੀ ਕੁਇੱਜ ਅਤੇ ਟਾਈਪਿੰਗ ਮੁਕਾਬਲਿਆਂ ਵਿਚੋਂ ਵੀ ਅਵੱਲ ਰਹੇ ਸਨ। ਇਹ ਸਿੱਖਿਆ ਵਿਭਾਗ ਦੇ ਨੁਮਾਇੰਦੇ ਦੇ ਤੌਰ ਤੇ ਅਕਾਸ਼ਬਾਣੀ ਜਲੰਧਰ ਤੋਂ ਪ੍ਰਸਾਰਿਤ ਹੁੰਦੇ "ਗਿਆਨਜੋਤ" ਪ੍ਰੋਗਰਾਮ ਵਿਚ ਵਿਦਿਆਰਥੀਆਂ ਨੂੰ ਦੋ ਬਾਰ ਸੰਬੋਧਨ ਕਰ ਚੁੱਕੇ ਹਨ ਜਿਸਦੀ ਵੱਡੇ ਪੱਧਰ ਤੇ ਸ਼ਲਾਘਾ ਕੀਤੀ ਗਈ । ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਇਹ ਹੁਣ ਤੱਕ ਕਾਫੀ ਪੌਦੇ ਵੀ ਲਗਾ ਚੁੱਕੇ ਹਨ। ਇਹ ਸੰਤ ਨਿਰੰਕਾਰੀ ਚੈਰੀਟੇਬਲ ਫਾਉਂਡੇਸ਼ਨ ਦੇ ਸੇਵਾਦਾਰ ਦੇ ਤੌਰ ਤੇ ਵੀ ਸਮੇਂ ਸਮੇਂ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿੰਦੇ ਹਨ। ਇਹ ਅਪੰਗ ਖਿਡਾਰੀਆਂ ਦੀ ਪਸਿੱਧ ਪੈਰਾ ਓਲੰਪਿਕ ਖੇਡ ਬੋਸ਼ੀਆ ਇੰਡੀਆ ਲਈ ਵੀ ਕੌਮੀ ਮੀਡੀਆ ਇੰਚਾਰਜ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਇਹ ਆਪਣੇ ਸਮਾਜ ਸੇਵੀ ਦੋਸਤਾਂ ਨਾਲ ਮਿਲ ਕੇ ਸਮਾਜ ਭਲਾਈ ਦੇ ਹੋਰ ਵੀ ਕਈ ਕਮਾਂ ਵਿੱਚ ਵਧ ਚੜ੍ਹ ਕੇ ਯਗਦਾਨ ਪਾਉਂਦੇ ਹਨ। ਇਹਨਾਂ ਸੇਵਾਵਾਂ ਦੇ ਬਦਲੇ ਪੰਜਾਬੀ ਜਾਗਰਣ ਅਦਾਰੇ ਵੱਲੋਂ ਕਰਵਾਏ ਗਏ ਤੀਸਰੇ ਗੱਤਕਾ ਕੱਪ ਮੌਕੇ ਕੋਟਕਪੂਰਾ ਵਿਖੇ ਅਧਿਆਪਕ ਪ੍ਰਮੋਦ ਧੀਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਇਹਨਾਂ ਦੇ ਪਿਤਾ ਅਸ਼ੋਕ ਧੀਰ ਜੀ ਵੀ ਇਨ੍ਹਾਂ ਦੇ ਨਾਲ ਸਨ। ਇਹਨਾਂ ਨੂੰ ਸਨਮਾਨਿਤ ਕਰਨ ਵਾਲੀਆਂ ਸ਼ਖਸ਼ੀਅਤਾਂ ਵਿੱਚ ਕੋਟਕਪੂਰਾ ਦੇ ਮੌਜੂਦਾ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਹਰਪ੍ਰੀਤ ਸਿੰਘ ਚਾਨਾ ਜ਼ਿਲਾ ਇੰਚਾਰਜ ਪੰਜਾਬੀ ਜਾਗਰਣ, ਬਲਜੀਤ ਕੌਰ ਜ਼ਿਲਾ ਸਿੱਖਿਆ ਅਫਸਰ (ਸੈ) ਫਰੀਦਕੋਟ, ਜਸਬੀਰ ਸਿੰਘ ਜੱਸੀ ਜ਼ਿਲਾ ਗਾਈਡੈਂਸ ਕੌਂਸਲਰ, ਵਰਿੰਦਰ ਕਟਾਰੀਆ ਸੀ.ਜੀ.ਆਰ.ਪੀ, ਗੁਰਿੰਦਰ ਸਿੰਘ ਮਹਿੰਦੀਰੱਤਾ ਜ਼ਿਲਾ ਇੰਚਾਰਜ ਸਪੋਕਸਮੈਨ ਅਖਬਾਰ, ਅਮਿਤ ਸ਼ਰਮਾ ਜ਼ਿਲਾ ਇੰਚਾਰਜ ਦੈਨਿਕ ਸਵੇਰਾ ਅਖਬਾਰ, ਪ੍ਰਿੰਸੀਪਲ ਕਰਨੈਲ ਸਿੰਘ ਮੱਕੜ, ਗਾਇਕ ਗੁਰਪ੍ਰੀਤ ਸਿੰਘ ਆਦਿ ਹਾਜਰ ਸਨ।



# ਸਫਲ ਹੋ ਨਿੱਬੜਿਆ-- ਕਵੀ ਦਰਬਾਰ, ਵਿਚਾਰ-ਗੋਸ਼ਟੀ ਤੇ ਸਨਮਾਨ ਸਮਾਰੋਹ

**ਚੰਡੀਗੜ (ਪ੍ਰੀਤਮ ਲੁਧਿਆਣਵੀ)** ਸਾਹਿਤ ਸਭਾ ਗੁਰਦਾਸਪੁਰ ਰਜਿ: ਵਲੋਂ ਗ੍ਰਾਮ ਪੰਚਾਇਤ ਪਿੰਡ ਹੱਲਾ ਤੇ 'ਬੱਧਣ ਪ੍ਰੋਡਕਸ਼ਨ ' ਦੇ ਸਹਿਯੋਗ ਨਾਲ ਸ਼ਹੀਦ ਸਿਪਾਹੀ ਬਲਵਿੰਦਰ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਹੱਲਾ ਵਿੱਚ ਨਾਵਲ 'ਪਰਵੀਨ' ਉਪਰ ਵਿਚਾਰ-ਗੋਸ਼ਟੀ, ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰੋ. ਕਿਰਪਾਲ ਸਿੰਘ ਯੋਗੀ, ਮੱਖਣ ਕੋਹਾੜ, ਮਲਕੀਤ ਸਿੰਘ ਸੁਹਲ, ਤਰਸੇਮ ਸਿੰਘ ਭੰਗੂ, ਮੰਗਤ ਚੰਚਲ, ਸੁਭਾਸ਼ ਦੀਵਾਨਾ ਤੇ ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਕੀਤੀ।

ਸਮਾਗਮ ਦੌਰਾਨ ਸੁਲੱਖਣ ਸਰਹੱਦੀ, ਲੈਫਟੀਨੈਂਟ ਕਮਾਂਡਰ ਪ੍ਰਸ਼ੋਤਮ ਸਿੰਘ ਲੱਲੀ ਤੇ ਰਾਜ ਕੁਮਾਰ ਸਾਹੋਵਾਲੀਆ ਦਾ ਜੀ. ਐਸ. ਪਾਹੜਾ ਨੇ ਡਾ. ਗੁਰਬੀਰ ਸਿੰਘ ਦੇ ਲਿਖੇ ਨਾਵਲ 'ਪਰਵੀਨ' ਉਪਰ ਪੇਪਰ ਪੜਿਆ। ਇਸ ਪੇਪਰ ਤੇ ਬਹਿਸ ਵਿੱਚ ਮੱਖਣ ਕੋਹਾੜ, ਜੇ. ਪੀ. ਖਰਲਾਂਵਾਲਾ, ਵਰਗਿਸ ਸਲਾਮਤ, ਪ੍ਰੋਫੈਸਰ ਯੋਗੀ ਤੇ ਮੰਗਤ ਚੰਚਲ ਨੇ ਭਰਭੂਰ ਵਿਚਾਰ-ਵਿਟਾਂਦਰਾ ਕੀਤਾ। ਇਸ ਮੌਕੇ ਤੇ ਨਾਮਵਰ ਕਵੀ ਸ੍ਰੀ ਜਸਵੰਤ ਹਾਂਸ ਨੂੰ 'ਤਾਰਾ ਸਿੰਘ ਖੋਜੇਪੁਰੀ ਅਵਾਰਡ', ਤੇ ਸੂਫ਼ੀ ਗਾਇਕ ਮੁਮਤਾਜ ਹੰਸ ਨੂੰ 'ਲੋਕ-ਗਾਇਕ ਚਮਨ ਲਾਲ ਗੁਰਦਾਸਪੁਰੀ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਅਵਸਰ ਤੇ ਜਿੱਥੇ ਸੁਲੱਖਣ ਸਰਹੱਦੀ ਦੇ ਗ਼ਜ਼ਲ-ਸੰਗ੍ਰਹਿ 'ਦਰਦ ਬੋਲਦਾ ਹੈ ' ਨੂੰ ਲੋਕ-ਅਰਪਣ ਕੀਤਾ ਗਿਆ, ਉਥੇ ਵਿਜੇ ਬੱਧਣ ਦੇ 'ਮਾਂ ਦੀ ਮੰਨਤ ' ਗੀਤ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਹੋਏ ਕਵੀ ਦਰਬਾਰ ਵਿੱਚ ਬੀਬੀ ਅਮਰੀਕ ਕੌਰ, ਮੰਗਲਦੀਪ, ਗੁਰਸ਼ਰਨਜੀਤ ਸਿੰਘ ਮਠਾੜੂ, ਆਰ. ਬੀ. ਸੋਹਲ, ਵਿਜੇ ਅਗਨੀਹੋਤਰੀ, ਜਤਿੰਦਰ ਭਨੋਟ, ਪ੍ਰਤਾਪ ਪਾਰਸ, ਸੁਭਾਸ਼ ਸੂਫ਼ੀ, ਚੰਨਣ ਸਿੰਘ ਦੋਰਾਂਗਲਾ, ਸੀਤਲ ਸਿੰਘ ਗੁਨੋਪੁਰੀ, ਕਰਮਜੀਤ ਗੁਰਦਾਸਪੁਰੀ, ਸੁਰਿੰਦਰ ਪਾਮਾਂ, ਰਜਿੰਦਰ ਸਿੰਘ ਰਾਜ, ਅਮਰਜੀਤ ਥਾਪਾ, ਰਮਨ ਹੀਰ, ਵਿੱਕੀ ਮਸਤਾਨਾ, ਚੇਤਨ ਰਠੌਰ ਤੇ ਹੀਰਾ ਸਿੰਘ ਸੈਣਪੁਰ ਨੇ ਆਪਣੀ ਹਾਜ਼ਰੀ ਲਗਵਾਈ। ਸਮਾਗਮ ਵਿੱਚ ਗੁਰਪ੍ਰੀਤ ਸਿੰਘ ਘੁੰਮਣ, ਅਮਰੀਕ ਸਿੰਘ ਮਾਨ, ਅਸ਼ਵਨੀ ਸ਼ਰਮਾ, ਬਲਵੰਤ ਸਿੰਘ ਢੀਂਡਸਾ, ਜਗਦੀਸ਼ ਰਾਣਾ ਲਾਧੂਪੁਰੀਆ, ਜਨਕ ਰਾਜ ਰਠੌਰ, ਰੌਕੀ ਸ਼ਹਿਰੀਆ, ਸੁਲਤਾਨ ਭਾਰਤੀ, ਹਰਭਜਨ ਸਿੰਘ ਬਾਜਵਾ, ਦਵਿੰਦਰ ਦੀਦਾਰ, ਨਿਸ਼ਾਨ ਸਿੰਘ ਜੌੜਾਸਿੰਘਾ, ਐਸ. ਪੀ. ਸਿੰਘ, ਸੰਤੋਖ ਸੋਖਾ, ਰਤਨ ਸਿੰਘ, ਬਲਦੇਵ ਸਿੰਘ ਤੇ ਜਰਨੈਲ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਜੀ. ਐਸ. ਪਾਹੜਾ ਨੇ ਬਾਖੂਬੀ ਨਿਭਾਇਆ।

ਅੰਤ ਵਿਚ ਯੁੱਧਵੀਰ ਹੱਲਾ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਸਮਾਗਮ ਵਿੱਚ ਪੁੱਜਣ ਦਾ ਧੰਨਵਾਦ ਕੀਤਾ। ਕੁੱਲ ਮਿਲਾਕੇ ਪ੍ਰਬੰਧਕੀ ਸੰਸਥਾਵਾਂ ਦਾ ਇਹ ਇਕ ਵਧੀਆ ਤੇ ਸਲੁਹਣ-ਯੋਗ ਉਪਰਾਲਾ ਹੋ ਨਿੱਬੜਿਆ।





# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਜੀ ਦੇ 642ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਖੰਡ ਪਾਠਾਂ ਦੀ ਲੜੀ ਆਰੰਭ

(ਸਫਾ 11 ਦੀ ਬਾਕੀ)

ਹੈ ਜੀ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵੀ ਇਸੇ ਦਿਵਾਨ ਵਿੱਚ ਮਨਾਏ ਜਾਣਗੇ ਜੀ।

11 ਜਨਵਰੀ ਸ਼ੁੱਕਰਵਾਰ ਸਵੇਰੇ 10:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਅਤੇ 13 ਜਨਵਰੀ ਐਤਵਾਰ ਦੇ ਦਿਵਾਨਾ (9:30ਅਮ ਤੋਂ 1:30ਪਮ) ਵਿੱਚ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਜਸਪਾਲ ਸਿੰਘ ਜੀ ਦਾ ਹਜ਼ੂਰੀ ਜੱਥਾ ਅਤੇ ਭਾਈ ਸੁਖਜੀਵਨ ਸਿੰਘ ਜੀ ਦਾ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸ਼੍ਰੀ ਸਤਵਿੰਦਰ ਦੁੱਗਲ, ਬੀਬੀ ਪਰਵੀਨਾ ਦੁੱਗਲ ਵਲੋਂ ਸਤਿਗੁਰ ਦੀ ਬਖਸ਼ਿਸ਼ ਬੇਟੀ ਲਿਆਨਾ ਦੁੱਗਲ ਦੀ ਲੋਹੜੀ ਦੀ ਸੇਵਾ:**

ਇਸੇ ਦਿਨ ਸ਼ਾਮਾਂ ਨੂੰ ਲੋਹੜੀ ਦੇ ਦਿਵਾਨ ਵੀ ਸਜਾਏ ਜਾਣਗੇ ਜਿਸ ਵਿੱਚ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ਼ਾਮ 6 ਵਜੇ ਤੋਂ ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ।

ਲੋਹੜੀ ਦੇ ਸਮਾਗਮ ਦੀ ਸੇਵਾ ਦੁੱਗਲ ਅਤੇ ਵਿਰਕ ਪਰਿਵਾਰ ਵਲੋਂ ਹੋ ਰਹੀ ਹੈ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

*****

# THINKING OF BUYING OR SELLING COMMERCIAL PROPERTIES IN CALIFORNIA? CAL US NOW !



**JOHN BANGA**
Realtor *CalDRE# 01397975*
916-271-5404 banga.realtor@gmail.com



**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND










CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

BERKSHIRE HATHAWAY HOMESERVICES
BH HS

BERKSHIRE HATHAWAY
Home Services
Elite Real Estate

**THE RIGHT AGENT HELPS GUIDE YOU TO YOUR DREAM PROPERTY.**

**WWW.BHHCOMMERCIAL.COM**

Chevron · SHELL · ARCO ampm · Mobil · Holiday Inn · Best Western

# 7412 ELSIE AVE, SACRAMENTO CA 95828

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube




* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust